
INTERNATIONAL MAGAZINE
RNI No. 61816/95
20/-
ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
Monthly Atam Marg Magazine
ਮਾਰਚ (March) 2011
ਆਤਮ ਮਾਰਗ
ਸੰਗਤਾਂ ਨੂੰ ਹੋਲੇ ਮਹੱਲੇ ਦੀ ਲੱਖ ਲੱਖ ਵਧਾਈ
ਤਖਤ ਸ੍ਰੀ ਕੇਸਗੜ੍ਹ ਅਨੰਦਪੁਰ ਸਾਹਿਬ

**ਸਾਲ ਸੋਲਵਾਂ, ਮਹੀਨਾ ਮਾਰਚ 2011**

**ਫਾਉਂਡਰ ਚੇਅਰਮੈਨ**

**ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ**

**ਚੇਅਰਪਰਸਨ**

**(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ**


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |

Postal Address for 'ATAM MARG' Enquiry, Money Order, Cheque and drafts in India :


**ATAM MARG MAG. VISHAV G. R. M. CHARITABLE TRUST,** Ratwara sahib, P.o. Mullanpur Garibdas, Distt. Mohali - 140901


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |

Postal Address for 'ATAM MARG' Enquiry, Money Order, Cheque and drafts from foreign to :


**VISHAV GURMAT ROOHANI MISSION CHARITABLE TRUST**

Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.



**Exemption U/S 80-G upto 31.03.2012 vide L. No. CIT-II/CHD/80G/TECH/245/2008-09/823**

**Registration Under Foreign Contribution (Regulation) Act 1976 R.No.115320023**


**ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-**


**Head Office INDIA- (M) 94172-14391, 9417214379, 0160-2255002, Fax - 0160-2255009**

U.S.A. - Baba Satnam Singh ji Atwal
Phone and Fax : 408-263-1844

Bhai Kuldeep Singh Sher Gill
Phone : 408-230-8319

**Bhai Parmjit Singh Sandhu -** Cell: 07788389135

**Canada - Bhai Sarmukh Singh Pannu**
Phone - 604-433-0408

**England - Bibi Gurbax Kaur /Jagtar Singh Jagi**
Phone : 0121-200-2818
Fax : 0121-200-2879, **Raj Mobile** : 07968734058

**For more information please visit us on internet at:-**

**Email : atammarg1@yahoo.co.in**

http:# www.ratwarasahib.org, http # www.ratwarasahibmedia.org


## ਤਤਕਰਾ


| | | |
|---|---|---|
| 1. | ਸੰਪਾਦਕੀ | 2 |
| 2. | ਚੇਤਿ ਦੀ ਸੰਗਰਾਂਦ | 3 |
| 3. | ਗੁਰੂ ਅੰਗਦ ਸਾਹਿਬ ਤੇ ਭਾਈ ਮੱਲੂ ਸ਼ਾਹੀ | 15 |
| 4. | ਸੁਰਤਿ ਸਬਦਿ ਮਾਰਗ | 38 |
| 5. | ਬੰਦਗੀਨਾਮਾ | 46 |
| 6. | ਸਤਵੰਤ ਕੌਰ | 52 |
| 7. | ਉਤਸ਼ਾਹ ਭਰਪੂਰ ਸਹਿਜ ਮਾਰਗ | 58 |
| 8. | ਸਿਹਤ ਰੱਖਿਆ ਗਿਆਨ | 62 |


**ਸੰਪਰਕ ਨੰ. ਰਤਵਾੜਾ ਸਾਹਿਬ**


ਆਤਮ ਮਾਰਗ ਮੈਗਜ਼ੀਨ - 9417214391, 79
ਰਤਵਾੜਾ ਸਾਹਿਬ - 0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - 9417214386
ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ - 0172-2266315, 9417214381
ਬੀ. ਐਡ ਕਾਲਜ 9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ 9417214380
ਆਡੀਓ ਵੀਡੀਓ ਲਾਇਬ੍ਰੇਰੀ 9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ 0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ 0160-2255004
ਜਰਨਲ 9417214384


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ

ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.


**ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।**



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

# ਸੰਪਾਦਕੀ

ਆਤਮ ਮਾਰਗ ਦੇ ਪਾਂਧੀਆਂ ਨਾਲ ਇਹ ਗੱਲ ਬਾਰ-ਬਾਰ ਸਾਂਝੀ ਕੀਤੀ ਜਾਂਦੀ ਹੈ ਕਿ 'ਆਤਮ ਮਾਰਗ' ਮੈਗਜ਼ੀਨ ਦਾ ਇਕ ਵਿਸ਼ੇਸ਼ ਨਿਸ਼ਾਨਾ ਹੈ, ਉਸ ਨਿਸ਼ਾਨੇ ਦੀ ਪ੍ਰਾਪਤੀ ਹਿਤ ਹੀ ਸਾਰੇ ਲੇਖ ਲਿਖੇ ਅਤੇ ਛਾਪੇ ਜਾਂਦੇ ਹਨ। ਮਨੁੱਖਾ ਜੀਵਨ ਦਾ ਲਕਸ਼ ਹੀ ਆਤਮ ਮਾਰਗ ਦਾ ਲਕਸ਼ ਹੈ। ਇਹ ਲਕਸ਼ ਹੈ ਜੀਵ ਆਤਮਾ ਦਾ ਪਰਮ-ਆਤਮਾ ਨਾਲ ਸੁਮੇਲ, ਗੋਬਿੰਦ-ਮਿਲਾਪ, ਅਸਲ ਆਪੇ ਦੀ ਪਛਾਣ ਅਤੇ ਅਨੁਭਵ। ਇਸ ਨਿਸ਼ਾਨੇ ਨੂੰ ਆਤਮ ਮਾਰਗ ਦੇ ਮੁੱਖ ਪੰਨੇ ਤੇ ਹਰ ਵਾਰ ਛਾਪਿਆ ਜਾਂਦਾ ਹੈ -

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥***
*ਪੰਨਾ - 846*

ਅਰਥਾਤ ਸੰਸਾਰ ਦਾ, ਬ੍ਰਹਿਮੰਡ ਦਾ ਸਾਰਾ ਪਸਾਰਾ ਬ੍ਰਹਮ ਦਾ ਹੀ ਪਸਾਰਾ ਹੈ। ਜੋ ਵੀ ਸਾਨੂੰ ਦਿਖਦਾ ਹੈ, ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ ਵਿਚ, ਸਾਰੇ ਤਾਰੇ ਸਤਾਰੇ, ਚੰਦ ਸੂਰਜ, ਧਰਤੀਆਂ, ਪਉਣ, ਪਾਣੀ ਸਭ ਪ੍ਰਭੂ-ਪਸਾਰਾ ਹੈ, ਜੋ ਨਾਦ-ਸੰਗੀਤ ਸੁਣਾਈ ਦੇ ਰਿਹਾ ਹੈ, ਪੰਛੀਆਂ ਦੇ ਬੋਲ, ਹਵਾਵਾਂ, ਰੁੱਖਾਂ, ਨਦੀਆਂ ਦੇ ਨਾਦ, ਸਭ ਉਸ ਦਾ ਹੀ ਸੰਗੀਤ ਸੁਣਾਈ ਦੇ ਰਿਹਾ ਹੈ। ਇਕ ਪ੍ਰਭੂ ਤੋਂ ਬਿਨਾਂ ਹੋਰ ਕੁਝ ਵੀ ਹੋਂਦ ਵਿਚ ਨਹੀਂ। ਮੈਂ, ਮੇਰੀ ਦੀ ਭਾਵਨਾ ਦੀ ਵੀ ਕੋਈ ਹੋਂਦ ਨਹੀਂ, ਇਹ ਅਰਥਹੀਣ ਹੈ। ਐਸੀ ਦ੍ਰਿਸ਼ਟੀ ਕੇਵਲ ਗੁਰੂ ਮਹਾਰਾਜ ਹੀ ਬਖਸ਼ਿਸ਼ ਕਰਨ ਦੇ ਸਮਰੱਥ ਹਨ। ਐਸੇ ਅਨੁਭਵ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਨਾਮ-ਮਾਰਗ ਨੂੰ ਸਰਵੋਤਮ ਮਾਰਗ ਕਿਹਾ ਹੈ। ਗੁਰੂ ਘਰ ਕੇਵਲ ਨਾਮ ਦਾ ਹੀ ਘਰ ਹੈ। ***'ਨਾਨਕ ਕੇ ਘਰੁ ਕੇਵਲ ਨਾਮੁ।'*** ਸਿੱਖ ਦੀ ਪਰੀਭਾਸ਼ਾ ਵੀ ਇਹੋ ਦਸੀ ਹੈ, ***'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥'*** ਨਾਮ ਨੂੰ ਅੱਠੇ ਪਹਿਰ, 24 ਘੰਟੇ ਧਿਆਉਣ ਦਾ ਹੁਕਮ ਹੈ। ਇਹ ਕਿਵੇਂ ਸੰਭਵ ਹੋਵੇ? ਨਾਮ ਕਿਵੇਂ ਧਿਆਉਣਾ ਹੈ? ਨਾਮ ਦਾ ਸੰਜਮ ਕੀ ਹੈ? ਇਸ ਦੀ ਭਰਪੂਰ ਵਿਚਾਰ ਹੀ ਆਤਮ ਮਾਰਗ ਦਾ ਮੁੱਖ ਵਿਸ਼ਾ ਰਿਹਾ ਹੈ ਅਤੇ ਰਹੇਗਾ।

ਬਾਹਰੀ ਰਹਿਤ ਮਰਿਆਦਾ ਦੇ ਵਾਦ-ਵਿਵਾਦ ਸਬੰਧੀ ਬਹੁਤ ਮੈਗਜ਼ੀਨਾਂ ਵਿਚ ਲਿਖਿਆ ਜਾ ਰਿਹਾ ਹੈ। ਆਤਮ ਮਾਰਗ ਇਸ ਵਾਦ-ਵਿਵਾਦ ਤੋਂ ਮੁਕਤ ਹੈ। ਐਸਾ ਹੀ ਇਸ ਦੇ ਸੰਚਾਲਕ ਮਹਾਂਪੁਰਸ਼ਾਂ ਦਾ ਆਦੇਸ਼ ਹੈ। ਅਸੀਂ ਇਸੇ ਨੁਕਤੇ ਤੋਂ ਮਹਾਂਪੁਰਸ਼ਾਂ ਦੇ ਲੇਖਾਂ ਨੂੰ ਪਹਿਲ ਦਿੰਦੇ ਹਾਂ ਕਿਉਂਕਿ ਇਨ੍ਹਾਂ ਵਿਚ ਜੁੜਨ ਦੀ ਪ੍ਰੇਰਨਾ ਹੁੰਦੀ ਹੈ, ਮੂਲ ਨੂੰ ਪਛਾਨਣ ਦਾ ਅਨੁਭਵ ਹੁੰਦਾ ਹੈ, ਗੁਰਬਾਣੀ ਦੀ ਸਹੀ ਸੇਧ ਹੁੰਦੀ ਹੈ। ਉਨ੍ਹਾਂ ਨੇ ਸਾਰੀ ਸੰਸਾਰ ਯਾਤਰਾ ਨਾਮ-ਅਨੁਭਵ ਵਿਚ ਕੀਤੀ ਹੈ। ਉਨ੍ਹਾਂ ਨੇ ਨਾਮ ਜਪਿਆ, ਨਾਮ ਪੜ੍ਹਿਆ, ਨਾਮ ਲਿਖਿਆ, ਨਾਮ ਸੁਣਿਆ, ਨਾਮ ਗਾਵਿਆ ਅਤੇ ਸੰਸਾਰ-ਸਮੁੰਦਰ ਤੋਂ ਪਾਰ ਹੋ ਗਏ। ਐਸਾ ਅਨੁਭਵ ਉਨ੍ਹਾਂ ਨੇ ਗੁਰਬਾਣੀ ਤੋਂ ਪ੍ਰਾਪਤ ਕੀਤਾ। ਗੁਰਬਾਣੀ ਵਿਚ ਅੱਠੇ ਪਹਿਰ ਨਾਮ ਜਪਣ ਦੀ ਇਹੋ ਵਿਧੀ ਦੱਸੀ ਹੈ।

ਐਸਾ ਜਾਪ ਕਰਨ ਨਾਲ ਸਦੀਵ ਅਨੰਦ ਦੀ ਪ੍ਰਾਪਤੀ ਹੁੰਦੀ ਹੈ -

***ਮਨਿ ਜਪੀਐ ਹਰਿ ਜਗਦੀਸ॥***
***ਮਿਲਿ ਸੰਗਤਿ ਸਾਧੂ ਮੀਤ॥***
***ਸਦਾ ਅਨੰਦੁ ਹੋਵੈ ਦਿਨੁ ਰਾਤੀ***
***ਹਰਿ ਕੀਰਤਿ ਕਰਿ ਬਨਵਾਰੀ॥ ਰਹਾਉ॥*** *ਪੰਨਾ - 669*

ਨਾਮ ਦੀ ਐਨੀ ਮਹਿਮਾ ਹੈ ਕਿ ਜੋਗ-ਮਤ ਦੇ ਚੌਰਾਸੀ ਆਗੂ, ਮਹਾਤਮਾ ਬੁੱਧ ਵਰਗੇ ਗਿਆਨਵਾਨ, ਤੇਤੀ ਕ੍ਰੋੜ ਦੇਵਤੇ, ਅਨੇਕਾਂ ਰਿਸ਼ੀ ਮੁਨੀ ਸਾਰੇ ਪ੍ਰਭੂ ਦੇ ਨਾਮ ਦੀ ਲੋਚਾ ਰਖਦੇ ਹਨ ਪਰ ਕਿਸੇ ਵਿਰਲੇ ਨੂੰ ਹੀ ਗੁਰੂ ਕ੍ਰਿਪਾ ਸਦਕਾ ਇਹ ਦਾਤ ਮਿਲਦੀ ਹੈ, ਨਾਮ ਜਪਣ ਨਾਲ ਗੁਰੂ ਕ੍ਰਿਪਾ ਸਦਕਾ ਇਕ ਅਨੋਖਾ ਕੌਤਕ ਵਾਪਰਦਾ ਹੈ। ਜਿਸ ਪ੍ਰਮਾਤਮਾ ਨੂੰ ਸਭ ਸੰਸਾਰ 'ਅਗਾਧਿ ਬੋਧਿ' ਮਨੁੱਖਾ ਸਮਝ ਤੋਂ ਪਰ੍ਹੇ ਕਹਿੰਦਾ ਹੈ, ਗੁਰੂ ਉਹ ਪ੍ਰਮਾਤਮਾ ਹਿਰਦੇ ਵਿਚ ਵਿਖਾ ਦਿੰਦਾ ਹੈ।

ਨਾਮ-ਸਿਮਰਨ ਰਾਹੀਂ ਸਾਰੇ ਚਿੰਤਾ-ਫਿਕਰ, ਅੰਦੇਸ਼ੇ ਮਿਟ ਜਾਂਦੇ ਹਨ, ਹਿਰਦਾ ਕੌਂਲ ਫੁੱਲ ਖਿੜ ਜਾਂਦਾ ਹੈ, ਨਿਰੰਤਰ ਆਤਮਕ-ਅਡੋਲਤਾ ਬਣੀ ਰਹਿੰਦੀ ਹੈ, ਸਰੀਰਕ ਇੰਦ੍ਰੀਆਂ ਸੁਖ ਦੇਣ ਵਾਲੀਆਂ ਹੋ ਨਿਬੜਦੀਆਂ ਹਨ

ਨਾਮ-ਅੰਮ੍ਰਿਤ ਦੀ ਇਕ ਬੂੰਦ ਵਿਕਾਰਾਂ ਦਾ ਨਾਸ਼ ਕਰੇ ਆਤਮਕ-ਅਡੋਲਤਾ ਪ੍ਰਦਾਨ ਕਰਨ ਦੇ ਸਮਰੱਥ ਹੈ। ਇਸ ਦੀ ਪ੍ਰਾਪਤੀ ਨਾਲ ਕਰਮਾਂ ਦਾ ਲੇਖਾ ਵੀ ਮੁੱਕ ਜਾਂਦਾ ਹੈ ।

ਐਸਾ ਦੁਰਲਭ ਅੰਮ੍ਰਿਤ-ਨਾਮ ਸਾਨੂੰ ਸਭਨਾਂ ਨੂੰ ਪ੍ਰਾਪਤ ਹੋਵੇ, ਇਹ ਸਾਡੀ ਜਗਿਆਸਾ ਹੈ, ਇਹ ਸਾਡੀ ਅਰਦਾਸ ਹੈ। ਏਸੇ ਭਾਵਨਾ ਨਾਲ ਸਾਰੇ ਲੇਖ ਇਸ ਇਸ਼ੂ ਵਿਚ ਛਾਪੇ ਜਾ ਰਹੇ ਹਨ। ਵਿਸ਼ਵਾਸ਼ ਹੈ ਕਿ ਜੇ ਮਹਾਂਪੁਰਸ਼ਾਂ ਦਾ ਕੇਵਲ ਇਕ ਲੇਖ ਹੀ ਇਕਾਗਰਤਾ ਨਾਲ ਪੜ੍ਹ ਲਈਏ ਤੇ ਅਮਲ ਵਿਚ ਲੈ ਆਈਏ, ਤਾਂ ਸਾਡੀ ਜੀਵਨ ਯਾਤਰਾ ਸਫਲ ਹੋ ਸਕਦੀ ਹੈ। 'ਆਤਮ ਮਾਰਗ' ਅਮੋਲ ਵਸਤੂ ਹੈ ਕਿਉਂਕਿ ਇਸ ਵਿਚ ਅਮੋਲਕ ਬਚਨ ਹਨ ਜੋ ਜੀਵਨ ਨੂੰ ਨਾਮ-ਰਤਨਾਂ ਨਾਲ ਮਾਲੋ ਮਾਲ ਕਰਨ ਦੇ ਸਮਰੱਥ ਹਨ, ਇਹ ਸਿਫਤ ਸਾਲਾਹ ਦਾ ਭਰਪੂਰ ਖਜ਼ਾਨਾ ਹੈ, ਇਹ ਪਾਤਸ਼ਾਹੀਆਂ ਬਖਸ਼ਦਾ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ॥***
***ਨਾਨਕ ਪਾਤਿਸਾਹੀ ਪਾਤਿਸਾਹੁ॥*** *ਪੰਨਾ - 5*

ਆਪ ਜੁੜੋ, ਦੂਜਿਆਂ ਨੂੰ ਜੋੜੋ, ਆਪ ਜਪੋ, ਦੂਜਿਆਂ ਨੂੰ ਜਪਣ ਦੀ ਪ੍ਰੇਰਨਾ ਬਖਸ਼ੋ। ਆਪ ਆਤਮ ਮਾਰਗ ਪੜ੍ਹੋ, ਦੂਜਿਆਂ ਨੂੰ ਪੜ੍ਹਨ ਲਈ ਪ੍ਰੇਰਤ ਕਰੋ ਜੀ। ਇਹ ਮਹਾਨ ਸੇਵਾ ਹੈ, ਇਹ ਮਹਾਂਪੁਰਸ਼ਾਂ ਦੀ ਅਸੀਸ ਹੈ।

(*****)

# ਚੇਤਿ ਦੀ ਸੰਗਰਾਂਦ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - ੨੮੯*

*ਧਾਰਨਾ - ਮਹਿਮਾ ਤੇਰੀ ਨਾ ਵੇਦ ਜਾਣਦੇ,*
*ਤੇਰਾ ਬ੍ਰਹਮਾ ਨੇ ਅੰਤ ਨਾ ਪਾਇਆ।*

*ਮਹਿਮਾ ਨ ਜਾਨਹਿ ਬੇਦ ॥*
*ਬ੍ਰਹਮੇ ਨਹੀ ਜਾਨਹਿ ਭੇਦ ॥*
*ਅਵਤਾਰ ਨ ਜਾਨਹਿ ਅੰਤੁ ॥*
*ਪਰਮੇਸਰੁ ਪਾਰਬ੍ਰਹਮ ਬੇਅੰਤੁ ॥ ੧ ॥*
*ਅਪਨੀ ਗਤਿ ਆਪਿ ਜਾਨੈ ॥*
*ਸੁਣਿ ਸੁਣਿ ਅਵਰ ਵਖਾਨੈ ॥ ੧ ॥*
*ਰਹਾਉ ॥ ਸੰਕਰਾ ਨਹੀ ਜਾਨਹਿ ਭੇਵ ॥*
*ਖੋਜਤ ਹਾਰੇ ਦੇਵ ॥ ਦੇਵੀਆ ਨਹੀ ਜਾਨੈ ਮਰਮ ॥*
*ਸਭ ਊਪਰਿ ਅਲਖ ਪਾਰਬ੍ਰਹਮ ॥*
*ਅਪਨੈ ਰੰਗਿ ਕਰਤਾ ਕੇਲ ॥*
*ਆਪਿ ਬਿਛੋਰੈ ਆਪੇ ਮੇਲ ॥*
*ਇਕਿ ਭਰਮੇ ਇਕਿ ਭਗਤੀ ਲਾਏ॥*
*ਅਪਣਾ ਕੀਆ ਆਪਿ ਜਣਾਏ ॥ ੩ ॥*
*ਸੰਤਨ ਕੀ ਸੁਣਿ ਸਾਚੀ ਸਾਖੀ ॥*
*ਸੋ ਬੋਲਹਿ ਜੋ ਪੇਖਹਿ ਆਖੀ ॥*
*ਨਹੀ ਲੇਪੁ ਤਿਸੁ ਪੁੰਨਿ ਨ ਪਾਪਿ ॥*
*ਨਾਨਕ ਕਾ ਪ੍ਰਭੁ ਆਪੇ ਆਪਿ ॥* *ਅੰਗ - ੮੯੪*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਚੇਤ ਦੇ ਮਹੀਨੇ ਦੀ ਸੰਗਰਾਂਦ, ਜਦੋਂ ਕਿ ਚੰਦ ਦਾ ਨਵਾਂ ਸਾਲ ਚੜ੍ਹਿਆ ਕਰਦਾ ਹੈ। ਸੂਰਜ ਦਾ ਸਾਲ ਪਹਿਲੀ ਵੈਸਾਖਿ ਤੋਂ ਚੜ੍ਹਿਆ ਕਰਦਾ ਹੈ। ਚੰਦਰਮਾ ਦਾ ਸਾਲ ਪਹਿਲੇ ਚੇਤਰ ਤੋਂ ਚੜ੍ਹਿਆ ਕਰਦਾ ਹੈ। ਇਸੇ ਤਰ੍ਹਾਂ ਦੇ ਨਾਲ-ਨਾਲ ਵੱਖਰੇ-ਵੱਖਰੇ ਸਾਲ, ਵੱਖਰੇ-ਵੱਖਰੇ ਮਹੀਨਿਆਂ ਤੋਂ ਚੜ੍ਹਿਆ ਕਰਦੇ ਨੇ। ਜੋ ਈਸਾ ਜੀ ਦਾ ਸਾਲ ਹੈ, ਉਹ ਪਹਿਲੀ ਜਨਵਰੀ ਤੋਂ ਚੜ੍ਹਿਆ ਕਰਦਾ ਹੈ। ਹਿਸਾਬ-ਕਿਤਾਬ ਦੇ ਜੋ ਸਾਲ ਨੇ ਉਹ ਪਹਿਲੀ ਅਪ੍ਰੈਲ ਤੋਂ ਚੜ੍ਹਿਆ ਕਰਦੇ ਨੇ। ਬੜੀਆਂ ਖੁਸ਼ੀਆਂ ਹੁੰਦੀਆਂ ਨੇ ਕਿ ਪਿਛਲਾ ਸਾਲ, ਸੁੱਖ-ਸਾਂਦ ਨਾਲ ਲੰਘ ਜਾਵੇ, ਅਗਲਾ ਸ਼ੁਰੂ ਹੋ ਜਾਵੇ। ਹੇ ਵਾਹਿਗੁਰੂ! ਤੂੰ ਆਪਣਾ ਹੱਥ ਦੇ ਕੇ ਅਗਲਾ ਸਾਲ ਲੰਘਾਈਂ, ਬਚਾਈਂ ਅਸੀਂ ਗਰੀਬ ਆਦਮੀ ਹਾਂ, ਸਾਡੇ ਤੋਂ ਤੇਰੇ ਭਾਣੇ 'ਤੇ ਸ਼ਾਕਰ ਨਹੀਂ ਹੋਇਆ ਜਾਣਾ। ਕੁਝ ਰਿਆਇਤ ਕਰੀਂ, ਸਾਡੇ ਕਰਮਾਂ ਦੇ ਵਿਚ ਨਰਮੀ ਲਿਆਈਂ, ਕੀਤੇ ਅਸੀਂ ਜ਼ਰੂਰ ਨੇ ਕਰਮ ਪਰ ਪਤਾ ਨਹੀਂ ਸੀ ਸਾਨੂੰ, ਭੋਗਣ ਵੇਲੇ ਪਤਾ ਲੱਗਿਆ ਹੈ ਕਿ ਇਹ ਤਾਂ ਬੜਾ ਮਾੜਾ ਹੋਇਆ, ਬਦਲੇ ਦੇਣੇ ਬਹੁਤ ਔਖੇ ਨੇ, ਕਰਮ ਭੋਗਣੇ ਬਹੁਤ ਔਖੇ ਨੇ। ਸੋ ਇਕ ਤਰਲਾ ਹੋਇਆ ਕਰਦਾ ਹੈ, ਅਰਦਾਸ ਹੋਇਆ ਕਰਦੀ ਹੈ। ਸ਼ੁਭ-ਕਾਮਨਾ ਦੇ ਨਾਲ ਗੁਰੂ ਦਰਬਾਰ 'ਚ ਆਉਂਦੇ ਹਾਂ, ਅੰਦਰੋਂ ਅਰਦਾਸ ਹੁੰਦੀ ਹੈ ਕਿ ਮਹੀਨਾ ਸੁੱਖ-ਸਾਂਦ ਦਾ ਲੰਘੇ। ਮਹਾਰਾਜ ਕਹਿੰਦੇ, ਭਾਈ! ਉਹ ਤਾਂ ਲੰਘਣਾ ਹੀ ਹੈ, ਤੁਹਾਨੂੰ ਇੱਕ ਜੁਗਤ ਦੱਸ ਦਿੰਦੇ ਹਾਂ, ਜੇ ਉਹ ਜੁਗਤ ਵਰਤਦੇ ਰਹੋਗੇ, ਸਾਲ ਵੀ ਵਧੀਆ ਲੰਘੇਗਾ ਤੇ ਤੁਹਾਡਾ ਮਹੀਨਾ ਵੀ ਵਧੀਆ ਲੰਘੇਗਾ। ਉਹ ਇਹ ਹੈ ਕਿ ਜੇ ਤੁਸੀਂ ਸੱਚਮੁੱਚ ਅਨੰਦ ਚਾਹੁੰਦੇ ਓਂ ਸਾਰੇ ਜਣੇ, ਦੁੱਖ ਦਾ ਲੇਸ਼ ਨਹੀਂ ਚਾਹੁੰਦੇ, ਨਹੀਂ ਚਾਹੁੰਦੇ ਕਿ ਸਾਡੀਆਂ ਅੱਖਾਂ ਦੇ ਵਿਚੋਂ ਹੰਝੂ ਕਿਰਦੇ ਰਹਿਣ, ਹਉਕੇ ਸਾਨੂੰ ਨਾ ਆਉਣ, ਹਾਵੇ ਸਾਨੂੰ ਨਾ ਆਉਣ; ਕ੍ਰੋਧ ਨਾ ਆਵੇ, ਪਛਤਾਵਾ ਨਾ ਆਵੇ; ਮਹਾਰਾਜ ਕਹਿੰਦੇ, ਜੇ ਤੁਸੀਂ ਅਨੰਦ ਚਾਹੁੰਦੇ ਓਂ, ਤਾਂ ਨਵਾਂ ਸਾਲ ਚੰਦਰਮਾ ਦਾ ਚੜ੍ਹਦਾ ਹੈ, ਨਵੇਂ ਸਾਲ ਦਾ ਜੋ ਪਹਿਲਾ ਹੀ ਸਾਡਾ ਉਪਦੇਸ਼ ਹੈ ਉਸਨੂੰ ਹਿਰਦੇ 'ਚ ਵਸਾਓ, ਉਹ ਹੈ -

*ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਅੰਗ - ੧੩੩*

ਆਰਾਧਨਾ ਕਰੋ ਪ੍ਰਮੇਸ਼ਰ ਦੀ, ਉਹ ਦਿਆਲੂ ਹੈ, ਕਰਮਾਂ ਨੂੰ ਕੱਟ ਦਿੰਦਾ ਹੈ, ਮਰਜ਼ੀ ਹੈ ਉਹਦੀ ਭੁਗਤਾਉਣੇ ਹੋਣ ਤਾਂ ਭੁਗਤਾ ਲਏ, ਨਹੀਂ ਤਾਂ ਮਾਫ ਵੀ ਕਰ ਦਿੰਦਾ ਹੈ। ਕੋਈ ਜ਼ਰੂਰੀ ਨਹੀਂ ਹੈ।

ਗੁਰੂ ਨਾਨਕ ਪਾਤਸ਼ਾਹ ਨੇ ਬੜੀ ਦਿਆਲਤਾ ਕਰਕੇ, ਸਾਡੇ ਮਨਾਂ ਦੇ ਉਤੋਂ ਇੱਕ ਬਹੁਤ ਵੱਡਾ ਬੋਝ ਚੁੱਕ ਦਿੱਤਾ। ਬਹੁਤ ਬੋਝ ਸੀ ਕਰਮਾਂ ਦਾ, ਨਾ ਤਾਂ ਕਰਮ ਕਰਨ ਤੋਂ ਅਸੀਂ ਹਟਦੇ ਸੀ, ਨਾ ਸਾਡੇ ਤੋਂ ਭੋਗੇ ਜਾਂਦੇ ਸੀ, ਨਾ ਭੋਗੇ ਬਿਨਾਂ ਹਟਦੇ ਸੀ -

*ਭੋਗੇ ਬਿਨ ਭਾਗਹਿ ਨਹੀ ਕਰਮ ਗਤੀ ਬਲਵਾਨ।*

ਕਰਮਾਂ ਦੇ ਚੱਕਰ 'ਚ ਪਏ ਹੋਏ, ਦੁੱਖੀ-ਸੁਖੀ, ਹਜ਼ਾਰਾਂ ਸਾਲਾਂ ਦੇ ਲੰਘ ਜਾਣ ਤੋਂ ਵੀ ਕਰਮ ਆ ਜਾਂਦੇ ਨੇ। ਕਿਵੇਂ ਛੁੱਟੇ ਆਦਮੀ ਇਸ ਤੋਂ? ਇੱਕ ਸੌ ਸੱਤ ਜਨਮ ਲੰਘ ਗਿਆ, ਧ੍ਰਿਤਰਾਸ਼ਟਰ ਨੇ ਸੌ ਬੱਚਾ ਹੰਸ ਦਾ ਖਾਧਾ ਸੀ, ਇੱਕ ਸੌ ਸੱਤ ਜਨਮ ਲੰਘਣ ਤੋਂ ਬਾਅਦ ਇਹਦਾ ਇਕ ਸੌ ਬੱਚਾ ਮਹਾਂਭਾਰਤ ਦੇ ਯੁੱਧ ਵਿੱਚ ਮਾਰਿਆ ਗਿਆ। ਟਲ ਨਾ ਸਕਿਆ ਕਰਮ। ਇੱਕ ਸੌ ਚਾਰ ਜਨਮ ਪਹਿਲਾਂ ਇੱਕ ਟਿੱਡਾ ਫੜ ਕੇ, ਉਹਦੀਆਂ ਦੋਵੇਂ ਅੱਖਾਂ ਦੇ ਵਿਚੀਂ ਸੂਲ ਲੰਘਾ ਕੇ ਛੱਡ ਦਿੱਤਾ, ਉਹ ਤੜਫ-ਤੜਫ ਕੇ ਮਰਿਆ, ਪੰਜ ਦਿਨ ਜੀਉਂਦਾ ਰਿਹਾ, ਚਾਰ ਦਿਨ ਜੀਉਂਦਾ ਰਿਹਾ, ਕੁਛ ਪਤਾ ਨਹੀਂ, ਲੇਕਿਨ ਕਰਮ ਬਣ ਗਿਆ। ਇਕ ਸੌ ਚੌਥਾ ਜਨਮ ਆਇਆ, ਜਮਾਂਦਰੂ ਅੰਨਾ ਕਰ ਦਿੱਤਾ ਉਸ ਕਰਮ ਨੇ। ਸਾਰੀ ਜ਼ਿੰਦਗੀ ਅੰਧ ਦੇ ਵਿੱਚ ਲੰਘਾਈ। ਰਾਜਾ ਸੀ ਤਖਤ 'ਤੇ ਬੈਠਦਾ ਸੀ, ਪਰ ਕੋਈ ਸੁਆਦ ਨਹੀਂ, ਕਿਉਂਕਿ -

***ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥***
***ਰਾਜਾ ਰੰਕੁ ਦੋਊ ਮਿਲਿ ਰੋਈ ਹੈ ॥ ਅੰਗ - ੩੨੫***

ਦੋਨੋਂ ਰੋਂਦੇ ਨੇ। ਬੜਾ ਬੋਝ ਸੀ ਆਦਮੀ ਦੇ ਉਤੇ। ਮਹਾਤਮਾ ਬੁੱਧ ਨੇ ਕਿਹਾ ਕਰਮਾਂ ਦਾ ਕੋਈ ਇਲਾਜ ਨਹੀਂ, ਭੋਗਣੇ ਪੈਣਗੇ, ਕੋਈ ਇਲਾਜ ਨਹੀਂ, ਕਰਮ ਕਰਨੇ ਬੰਦ ਕਰ ਦਿਓ। ਇੱਕ ਜਨਮ 'ਚ ਕਰ ਦੇਵਾਂਗੇ, ਪਰ ਕਰਮ ਤਾਂ ਹਜ਼ਾਰਾਂ ਜਨਮਾਂ ਦੇ ਬਕਾਇਆ ਪਏ ਨੇ। ਉਹ ਤਾਂ ਭੋਗਣੇ ਹੀ ਪੈਂਦੇ ਨੇ, ਜੁੱਗ ਲੰਘ ਗਿਆ ਪੂਰਾ, ਅੱਠ ਲੱਖ 32 ਹਜ਼ਾਰ ਸਾਲ, ਇੱਕ ਕਰਮ ਪਿਆ ਸੀ, ਸ੍ਰੀ ਰਾਮਚੰਦਰ ਜੀ ਨੇ ਬਾਲੀ ਦੇ ਛੁੱਪ ਕੇ ਬਾਣ ਮਾਰਿਆ। ਬਾਲੀ ਨੇ ਇਤਰਾਜ਼ ਕਰਿਆ ਕਿ ਇਹ ਨੈਤਿਕਤਾ ਨਹੀਂ ਹੈ। ਛੁੱਪ ਕੇ ਕਿਸੀ ਨੂੰ ਮਾਰਨਾ ਇਹ ਕੋਈ ਚੰਗਾ ਕੰਮ ਨਹੀਂ, ਇਹ ਕਰਮ ਕੀਤਾ ਹੈ, ਯੁੱਧ ਵਿੱਚ ਤੂੰ ਮੈਨੂੰ ਮਾਰ ਲੈਂਦਾ, ਮੈਂ ਤੈਨੂੰ ਮਾਰ ਦਿੰਦਾ, ਕਰਮ ਨਹੀਂ ਹੋਇਆ ਕਰਦਾ ਉਹ, ਕਿਉਂਕਿ ਉਹ ਡਿਊਟੀ ਹੈ। ਛੁਪ ਕੇ ਤੂੰ ਮੈਨੂੰ ਮਾਰਿਆ, ਤੇਰਾ ਵਿਗਾੜਿਆ ਮੈਂ ਕੁਛ ਨਹੀਂ ਸੀ। ਕਰਮ ਬਣ ਗਿਆ, ਕ੍ਰਿਸ਼ਨ ਮਹਾਰਾਜ - ,

***ਜਾਇ ਸੁਤਾ ਪਰਭਾਸ ਵਿਚਿ ਗੋਡੇ ਉਤੇ ਪੈਰ ਪਸਾਰੇ।***
***ਚਰਣ ਕਮਲ ਵਿਚਿ ਪਦਮੁ ਹੈ ਝਿਲਮਿਲ ਝਲਕੈ ਵਾਂਗੀ ਤਾਰੇ।***
***ਬਧਿਕੁ ਆਇਆ ਭਾਲਦਾ ਮਿਰਗ ਜਾਣਿ ਬਾਣੁ ਲੈ ਮਾਰੇ।***
***ਦਰਸਣ ਡਿਠੋਸੁ ਜਾਇਕੈ ਕਰਣ ਪਲਾਵ ਕਰੇ ਪੁਕਾਰੇ।***
***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ***
***ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਕਰਿ ਕਿਰਪਾ ਸੰਤੋਖਿਆ ਪਤਿਤ ਉਧਾਰਣੁ ਬਿਰਦੁ ਬੀਚਾਰੇ।***
***ਭਾਈ ਗੁਰਦਾਸ ਜੀ, ਵਾਰ ੧/੨੩***

ਰੋਂਦਾ ਹੈ ਕੁਰਲਾਉਂਦਾ ਹੈ ਕਿ ਮੈਂ ਬੜਾ ਮਾੜਾ ਕੰਮ ਕਰਿਆ। ਕਹਿੰਦੇ, ਇਥੇ ਆ, ਤੈਨੂੰ ਨਹੀਂ ਪਤਾ -

***ਗਲਿ ਵਿਚਿ ਲੀਤਾ ਕ੍ਰਿਸ਼ਨ ਜੀ***
***ਅਵਗੁਣੁ ਕੀਤਾ ਹਰਿ ਨ ਚਿਤਾਰੇ।***
***ਭਾਈ ਗੁਰਦਾਸ ਜੀ, ਵਾਰ ੧/੨੩***

ਗਲ 'ਚ ਲੈ ਲਿਆ, ਕਹਿੰਦੇ ਬੱਧਕ ਤੈਨੂੰ ਨਹੀਂ ਪਤਾ, ਇਹ ਕਰਮ ਅੱਠ ਲੱਖ ਬੱਤੀ ਹਜ਼ਾਰ ਸਾਲ ਤੋਂ ਜੀਉਂਦਾ ਸੀ। ਇਹ ਮੇਰੇ ਮਗਰ ਲੱਗਿਆ ਹੋਇਆ ਸੀ, ਭੋਗਣਾ ਸੀ। ਸੋ ਮੈਂ ਵੀ ਤੈਨੂੰ ਮਾਰਿਆ ਸੀ, ਜਦੋਂ ਤੂੰ ਬਾਲੀ ਸੀ, ਮੈਂ ਤੇਰੇ ਬਾਣ ਮਾਰਿਆ ਸੀ ਤੂੰ ਇਤਰਾਜ਼ ਕਰਿਆ ਸੀ, ਮੈਂ ਕਿਹਾ ਮੈਂ ਭੋਗਾਂਗਾ ਫਿਕਰ ਨਾ ਕਰ। ਜਦ ਤੋਂ ਬਾਅਦ ਅੱਠ ਲੱਖ ਬੱਤੀ ਹਜ਼ਾਰ ਸਾਲ ਲੰਘਣ ਤੋਂ ਬਾਅਦ ਦੁਬਾਰਾ ਮੈਂ ਸੰਸਾਰ 'ਚ ਆਇਆ, ਤੂੰ ਵੀ ਆ ਗਿਆ ਪਿਆਰਿਆ! ਕਰਮ ਨੇ ਇਕੱਠੇ ਕਰ ਦਿੱਤੇ, ਤੂੰ ਬਾਣ ਮਾਰਿਆ ਹੈ, ਤੂੰ ਕਾਹਨੂੰ ਰੋਂਦਾ ਹੈਂ, ਹੁਣ ਰੋਣ ਦਾ ਕੀ ਫਾਇਦਾ।

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥***
***ਅੰਗ - ੪੩੩***

ਗੁਰੂ ਨਾਨਕ ਪਾਤਸ਼ਾਹ ਨੇ ਕ੍ਰਿਪਾ ਕਰ ਦਿੱਤੀ ਕਲਜੁਗੀ ਜੀਵਾਂ 'ਤੇ, ਪਰ ਪਿਆਰਿਓ! ਕਰਮ ਤਾਂ ਭੋਗਣਾ ਪਵੇਗਾ, ਪਰ ਇਹਦੀ ਤਾਕਤ ਘਟ ਸਕਦੀ ਹੈ ਕਿਉਂਕਿ ਕਲਜੁਗ ਦਾ ਸਮਾਂ ਹੈ ਇਹਦੇ 'ਚ ਸਭ ਤੋਂ ਵੱਡੀ ਜੋ ਜ਼ੋਰਾਵਰ ਚੀਜ਼ ਹੈ, ਕਰੋੜਾਂ ਪਾਪਾਂ ਨੂੰ ਜਾਲ ਦੇਣ ਵਾਲੀ ਚੀਜ਼ ਹੈ, ਉਹ ਹੈ ਪ੍ਰਮੇਸ਼ਰ ਦਾ ਨਾਮ। ਉਹ ਨਾਮ ਦੇ ਵਿੱਚ ਐਨੀ ਸ਼ਕਤੀ ਹੈ ਕਿ ਸਾਰੇ ਜਿੰਨੇ ਵੀ ਕਰਮ ਨੇ ਇਕੱਠਾ ਸਾਰਿਆਂ ਦੀ ਜੜ੍ਹ ਕੱਟ ਸਕਦਾ ਹੈ, ਦਗਧ ਕਰ ਸਕਦਾ ਹੈ। ਕਣਕ ਦਾ ਬੀਜ ਕਿਸੇ ਕੋਠੇ 'ਚ ਪਿਆ ਹੋਵੇ, ਉਹਦੇ ਥੱਲੇ ਸੇਕ ਲੱਗ ਜਾਵੇ, ਦਾਣੇ ਸੇਕ ਦੇ ਵਿੱਚ ਆ ਜਾਣ। ਉਹਦੀ ਜੰਮਣ ਸ਼ਕਤੀ ਖਤਮ ਹੋ ਜਾਇਆ ਕਰਦੀ ਹੈ। ਕਹਿੰਦੇ, ਨਾਮ ਐਸੀ ਚੀਜ਼ ਹੈ ਇਹ ਕਰਮਾਂ ਦੇ ਸਟੋਰ ਨੂੰ ਜਾਲ ਦਿੰਦਾ ਹੈ। ਇਹਦੀ ਮਹਿਮਾ ਨੂੰ ਸੰਸਾਰ ਦੇ ਵਿੱਚ ਕਿਸੇ ਨੇ ਜਾਣਿਆ ਨਹੀਂ। ਕਲਜੁਗ 'ਚ ਤਾਂ ਇਹ ਫਲੀਭੂਤ ਹੁੰਦਾ ਹੈ। ਸਤਿਜੁਗ ਦੇ ਅੰਦਰ ਦਸ ਹਜ਼ਾਰ ਸਾਲ ਕੀਤੀ ਹੋਈ ਤਪਸਿਆ, ਜਪਿਆ ਹੋਇਆ ਨਾਮ, ਤ੍ਰੇਤੇ ਦੇ ਹਜ਼ਾਰ ਸਾਲ ਦੇ ਬਰਾਬਰ ਹੈ ਤੇ ਦੁਆਪਰ ਦੇ ਸੌ ਸਾਲ ਦੇ ਬਰਾਬਰ ਹੈ। ਦਸ ਹਜ਼ਾਰ ਸਤਿਜੁਗ ਦਾ ਤੇ ਕਲਜੁਗ ਦਾ ਦੋ ਘੜੀ ਚਿੱਤ ਬਿਰਤੀ ਇਕਾਗਰ ਕਰਕੇ ਸਤਿਸੰਗ ਕਰ ਲਓ, ਉਹਦੇ ਬਰਾਬਰ ਹੈ। ਇਸ ਤੋਂ ਵੀ ਵੱਧ ਜੇ ਮਨ ਚਿੱਤ ਇਕਾਗਰ ਕਰਕੇ ਵਾਹਿਗੁਰੂ ਦਾ ਨਾਮ ਹਿਰਦੇ 'ਚ ਵਸ ਜਾਵੇ ਤਾਂ ਸਾਰੇ ਜਿੰਨੇ ਵੀ ਕੀਤੇ ਹੋਏ ਪਾਪ ਨੇ, ਚਾਹੇ ਇਸ ਜਨਮ ਦੇ ਨੇ ਚਾਹੇ ਪਹਿਲੇ ਜਨਮ ਦੇ ਨੇ ਉਹ ਸਾਰੇ ਫਲ ਨਹੀਂ ਦੇਣਗੇ, ਲੇਕਿਨ ਇੱਕ ਕਰਮ ਜਿਹੜਾ ਹੈ ਉਹ ਬਚ ਜਾਂਦਾ ਹੈ। ਉਹ ਭੋਗਣਾ ਪੈਂਦਾ ਹੈ, ਉਹਦੀ ਜਿਹੜੀ ਸ਼ਕਤੀ ਹੈ ਉਹ ਘਟ ਜਾਇਆ ਕਰਦੀ ਹੈ। ਉਹਨੂੰ ਪਰਾਲਬਧ ਕਰਮ ਕਹਿੰਦੇ ਨੇ, ਉਹ ਸੂਲੀ ਤੋਂ ਸੂਲ ਬਣ ਜਾਂਦੀ ਹੈ। ਸੁਪਨੇ 'ਚ ਭੁਗਤ ਜਾਂਦੀ ਹੈ ਲੇਕਿਨ ਉਹ ਕਿਉਂਕਿ ਪਰਾਲਬਧ ਕਰਮ ਹੈ, ਉਹ ਭੋਗਣਾ ਪੈਂਦਾ ਹੈ। ਸੋ ਮਹਾਰਾਜ ਕਹਿੰਦੇ, ਤੁਸੀਂ ਧਿਆਨ ਨਾਲ ਸੁਣੋ, ਨਵਾਂ ਸਾਲ ਸ਼ੁਰੂ ਹੁੰਦਾ ਹੈ ਚੰਦਰਮਾ ਦਾ। ਚੰਦਰਮਾ ਦਾ ਆਪਾਂ ਪਹਿਲਾ ਦਿਨ ਮਨਾਉਂਦੇ ਹਾਂ। ਸੰਗਰਾਂਦ ਹੁੰਦੀ ਹੈ ਉਸ ਦਿਨ, ਬੜੀਆਂ ਆਸਾਂ ਲੈ ਕੇ ਆਉਂਦੇ ਹਾਂ। ਮਹਾਰਾਜ ਕਹਿੰਦੇ ਯਾਦ ਕਰ ਲਓ ਜੇ ਸੁੱਖੀ ਰਹਿਣਾ ਹੈ। ਚੇਤ ਦੇ ਵਿਚ ਭਜਨ ਕਰੋ। ਜਿੰਨਾਂ ਨਾਮ ਜਪਿਆ ਜਾ ਸਕਦਾ ਹੈ ਜਪੋ। ਹੋਏਗਾ ਕੀ, ਬੇਅੰਤ ਅਨੰਦ ਸਾਰੀਆਂ ਸੂਈਆਂ ਪਾਰ ਕਰ ਜਾਏਗਾ ਘੜੀ ਦੀਆਂ, ਸਿਖਰ ਚਲਿਆ ਜਾਏਗਾ, ਕੋਈ ਅੰਤ ਨਹੀਂ, ਐਨਾ ਅਨੰਦ ਤੁਹਾਨੂੰ ਪ੍ਰਾਪਤ ਹੋ ਜਾਏਗਾ। ਇਸ ਬਚਨ ਨੂੰ ਕੋਈ ਵੀ ਦੁਨੀਆਂ ਦੇ ਵਿੱਚ ਐਸਾ ਨਹੀਂ ਹੈ, ਨਾ ਕੋਈ ਦੇਵਤਾ, ਜਿਹੜਾ ਇਹਦੇ ਫਲ ਨੂੰ ਘਟਾ ਸਕੇ। ਮਹਾਰਾਜ ਕਹਿੰਦੇ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਅੰਗ - ੧੩੩***

ਪਰ ਦੂਸਰੀ ਸ਼ਰਤ ਨਾਲ ਰੱਖ ਦਿਤੀ ਮਹਾਰਾਜ ਨੇ, ਆਰਾਧਣਾ ਜਿਹੜੀ ਹੈ ਇਹ ਤੇਰੇ ਇਕੱਲੇ ਤੋਂ ਨਹੀਂ ਹੋਣੀ, ਤੂੰ ਸੰਗਤ ਵਿੱਚ ਰਲ ਕੇ, ਸੰਤਾਂ ਦੀ ਸੰਗਤ; ਅਰਦਾਸ ਤਾਂ ਅਸੀਂ ਕਰਦੇ ਹਾਂ ਕਿ ਹੇ ਸੱਚੇ ਪਾਤਸ਼ਾਹ! ਕੋਈ ਗੁਰਮੁਖ ਪਿਆਰਾ ਮੇਲ। ਜਿਹਦੇ ਮਿਲਣ 'ਤੇ ਤੇਰਾ ਨਾਮ ਜਪੀਏ। ਪਰ ਜੇ ਉਥੇ ਕਹਿ ਦੇਵੇ ਕਿ ਸੱਚੇ ਪਾਤਸ਼ਾਹ! ਕੋਈ ਸੰਤ ਮੇਲ, ਫੇਰ ਸੰਤ ਬਾਰੇ ਐਲਰਜੀ ਹੋ ਜਾਂਦੀ ਹੈ ਸਾਨੂੰ। ਦਵੈਤ ਹੈ ਸਾਡੇ ਅੰਦਰ ਨਾਮ ਜਪਣ ਵਾਲਿਆਂ ਬਾਰੇ। ਨਾਮ ਜਪਣ ਵਾਲੇ ਦਾ ਕੋਈ ਮਜ਼੍ਹਬ ਨਹੀਂ ਹੋਇਆ ਕਰਦਾ। ਕਿਸੇ ਦਾ ਨਹੀਂ ਹੁੰਦਾ ਉਹ, ਉਹ ਬਿਲਕੁਲ ਆਜ਼ਾਦ ਹੁੰਦਾ ਹੈ -

***ਭਠ ਨਮਾਜ਼ਾ ਚਿਕੜ ਰੋਜੇ ਮੁਲਾਂ ਦੇ ਗਲ ਫਾਹੀ।***

ਬਚ ਗਿਆ ਵਿਚਾਰਾ ਨਹੀਂ ਤਾਂ ਸ਼ਰ੍ਹਾ ਦੀ ਕੈਦ ਵਿਚ ਆ ਜਾਣਾ ਸੀ, ਮਾਰਿਆ ਜਾਣ ਸੀ, ਮਨਸੂਰ ਨੇ ਆਵਾਜ਼-ਏ-ਹੱਕ ਲਾਈ ਸੀ। ਸੂਲੀ 'ਤੇ ਚੜ੍ਹਾ ਦਿੱਤਾ ਕਿਉਂਕਿ ਸੁਣ ਨਹੀਂ ਸਕਦੇ। ਲਾ-ਮਜ਼੍ਹਬ ਹੋਇਆ ਕਰਦਾ ਹੈ ਪ੍ਰਮੇਸ਼ਰ ਦਾ ਪਿਆਰਾ, ਕੋਈ ਮਜ਼ਬ ਨਹੀਂ ਉਹਦਾ ਹੋਇਆ ਕਰਦਾ ਹੈ। ਉਹਦਾ ਮਜ਼੍ਹਬ ਹੋਇਆ ਕਰਦਾ ਹੈ ਸਤਿ ਦੀ ਪਛਾਣ। ਅਗਿਆਨ ਦਾ ਨਾਸ਼, ਗਿਆਨ ਦਾ ਪ੍ਰਕਾਸ਼। ਹੋਰ ਕੋਈ ਨਹੀਂ ਹੁੰਦਾ। ਹੁਣ ਜਿਹੜੇ ਪ੍ਰਮੇਸ਼ਰ ਦੇ ਬਖਸ਼ੇ ਹੋਏ ਨੇ, ਜੇ ਮਿਲ ਵੀ ਜਾਵੇ ਸਾਨੂੰ ਦਵੈਤ ਆ ਜਾਂਦੀ ਹੈ ਉਨ੍ਹਾਂ ਨਾਲ। ਮਹਾਰਾਜ ਕਹਿੰਦੇ, ਉਨ੍ਹਾਂ ਤੋਂ ਬਿਨਾਂ ਤਾਂ ਮਿਲਣਾ ਨਹੀਂ ਪਿਆਰਿਆ। ਨਾਮ ਦੀ ਪ੍ਰਾਪਤੀ ਵੀ ਉਨ੍ਹਾ ਨਾਲ ਮਿਲ ਕੇ ਹੁੰਦੀ ਹੈ, ਫੇਰ ਰਸਨਾ ਦੇ ਨਾਲ ਤੂੰ ਨਾਮ ਜਪਣਾ ਸ਼ੁਰੂ ਕਰ ਦੇ, ਪਹਿਲੀ ਜਮਾਤ ਤੋਂ। ਸੰਸਾਰ ਦੇ ਵਿੱਚ ਸਿਰਫ ਗਿਣਤੀ ਉਨ੍ਹਾਂ ਦੀ ਹੁੰਦੀ ਹੈ ਜਿਹੜੇ ਪ੍ਰਮੇਸ਼ਰ ਦਾ ਨਾਮ ਜਪਦੇ ਨੇ, ਉਨ੍ਹਾਂ ਦਾ ਆਇਆ ਤਾਂ ਸਫਲ ਹੈ, ਉਨ੍ਹਾਂ ਨੂੰ ਕਹੋ ਕਿ ਆ ਗਏ ਆਉਣ ਵਾਲਿਆਂ 'ਚ।

***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥***
***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥***

***ਅੰਗ – ੧੩੩***

ਕਹਿੰਦੇ ਏਸੇ ਸਰੀਰ ਦੇ ਅੰਦਰ ਧਿਆਨ ਨਾਲ ਇਸ ਗੱਲ ਨੂੰ ਸੁਣੋ ਤੁਸੀਂ, ਆਹੀ ਸਰੀਰ ਜਿਹੜਾ ਸਾਨੂੰ ਮਿਲਿਆ ਹੈ। ਇਹਦੇ 'ਚ ਸਾਨੂੰ ਸਤਿਸੰਗ ਪ੍ਰਾਪਤ ਹੋਈ ਹੈ। ਜੇ ਤਾਂ ਅਸੀਂ ਕੰਮ ਕਰ ਲਿਆ ਤਾਂ, ਤਾਂ ਠੀਕ ਹੈ, ਜੇ ਰਹਿ ਗਿਆ ਅਧੂਰਾ ਫੇਰ ਬੜਾ ਮੁਸ਼ਕਲ ਹੈ। ਆਚਾਰੀਆ ਰਜਨੀਸ਼ ਦਸਦਾ ਹੈ ਕਹਿਣ ਲੱਗਿਆ ਕਿ ਮੇਰਾ ਜਪ-ਤਪ ਸਿਰਫ ਤਿੰਨ ਦਿਨ ਦਾ ਰਹਿ ਗਿਆ ਸੀ। ਮੈਂ ਅਠਾਰ੍ਹਾਂ ਦਿਨ ਮੰਜ਼ਲਾਂ ਚੜ੍ਹਦਾ ਗਿਆ, ਚੜ੍ਹਦਾ ਗਿਆ, ਸਿਰਫ ਤਿੰਨ ਦਿਨ ਰਹਿ ਗਏ ਸੀ, ਉਹ ਤਿੰਨ ਦਿਨ ਵਿੱਚ ਮੈਨੂੰ ਸਮਾਧੀ ਵਿੱਚ ਕਿਸੇ ਨੇ ਕਤਲ ਕਰ ਦਿੱਤਾ। ਸੱਤ ਸੌ ਸਾਲ ਮੈਂ ਦਰਗਾਹ ਦੇ ਵਿੱਚ ਰਿਹਾ। ਵਾਰੀ ਨਾ ਆਈ ਆਉਣ ਦੀ। ਸਮਾਂ ਦੱਸ ਦਿੱਤਾ ਗਿਆ ਕਿ ਐਨੀ ਦੇਰ ਤੂੰ ਫੇਰ ਜਾਵੇਂਗਾ, ਕਹਿਣ ਲੱਗਿਆ ਹੁਣ ਵਾਰੀ ਆਈ ਹੈ, ਤਿੰਨ ਦਿਨ ਵਾਸਤੇ ਪੂਰਾ ਜਨਮ ਮੇਰਾ ਲੱਗਣਾ ਹੈ। ਬੜੀਆਂ ਪੁਰਾਣੀਆਂ ਗੱਲਾਂ ਨੇ ਉਹਦੀਆਂ, ਜਦੋਂ ਇਹ ਗੱਲਾਂ ਕਹਿੰਦਾ ਸੀ, ਪ੍ਰੋਫੈਸਰੀ ਤੋਂ ਅਸਤੀਫਾ ਦਿੱਤਾ ਸੀ ਉਹਨੇ। ਮਹਾਰਾਜ ਕਹਿੰਦੇ ਆਹੀ ਵਾਰੀ ਹੈ ਤੇਰੀ –

***ਇਹੀ ਤੇਰਾ ਅਉਸਰੁ ਇਹ ਤੇਰੀ ਬਾਰ ॥*** ***ਅੰਗ – ੧੧੫੯***

ਆਹੀ ਤੇਰੀ ਅਉਸਰੁ ਹੈ, ਆਹੀ ਵਾਰੀ ਹੈ, ਜੇ ਤਾਂ ਤੂੰ ਕਰ ਗਿਆ ਕੰਮ, ਤਾਂ ਤੂੰ ਜਿੱਤ ਗਿਆ, ਜੇ ਨਾ ਕਰਿਆ ਪਿਆਰਿਆ! ਫੇਰ ਤਾਂ ਵਾਹਵਾ-ਵਾਹਵਾ ਦੁਨੀਆਂ ਦੀ ਕਿਸੇ ਕੰਮ ਨਹੀਂ ਆਉਣੀ। ਵੱਡੇ-ਵੱਡੇ ਜਲੂਸ ਕੱਢੇ ਹੋਏ ਕਿਸੇ ਕੰਮ ਨਹੀਂ ਆਉਣੇ, ਫੁੱਲਾਂ ਦੀ ਵਰਖਾ ਕਿਸੇ ਕੰਮ ਦੀ ਨਹੀਂ ਹੈ। ਦੁਨੀਆਂ ਦਾ ਮਾਣ ਸਤਿਕਾਰ ਕਿਸੇ ਕੰਮ ਦਾ ਨਹੀਂ ਹੈ, ਐਵੇਂ ਭੁਲੇਖਾ ਹੈ ਤੈਨੂੰ ਆਪਣੇ ਆਪ ਨੂੰ। ਕਿਉਂਕਿ ਉਹ ਤੈਨੂੰ ਚੀਜ਼ ਮਿਲ ਨਾ ਸਕੀ, ਜਿਹੜੀ ਤੇਰੇ ਸਰੀਰ ਦੇ ਅੰਦਰ ਪ੍ਰਮੇਸ਼ਰ ਨੇ ਕੋਲ ਹੀ ਰੱਖੀ ਹੋਈ ਸੀ। ਉਹ ਸੀਗਾ ਗਿਆਨ ਦਾ ਪ੍ਰਕਾਸ਼। ਗੱਲਾਂ ਨਾਲ ਤਾਂ ਗਿਆਨ ਹੁੰਦਾ ਨਹੀਂ –

***ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ॥***

***ਅੰਗ – ੪੬੫***

ਮਹਾਤਮਾ ਬੁੱਧ ਬਹੁਤ ਨੇ ਵੱਡੀ ਤਤੀਕਸ਼ਾ ਕਰੀ, ਹੈਰਾਨ ਹੋ ਜਾਂਦਾ ਹੈ ਆਦਮੀ, ਉਹਦੀ ਤਪਸਿਆ ਨੂੰ ਦੇਖ ਕੇ, ਰਾਜੇ ਦਾ ਲੜਕਾ। ਰਾਜ ਭਾਗ ਛੱਡ ਦਿੱਤਾ, ਕੇਵਲ ਇਸ ਕੰਮ 'ਤੇ ਹੋ ਗਿਆ। ਜਿਹੜਾ ਅਸੀਂ ਕਹਿੰਦੇ ਹਾਂ ਕਿ ਅਸੀਂ ਪਰਉਪਕਾਰ ਕਰਦੇ ਹਾਂ, ਅਸੀਂ ਕੀਰਤਨ ਕਰਦੇ ਹਾਂ, ਕੱਖ ਨਹੀਂ ਹੈਗਾ। ਕੁਛ ਨਹੀਂ ਹੈ ਇੱਕ ਧੰਦੇ ਲਾਇਆ ਹੋਇਆ ਹੈ ਰੱਬ ਨੇ, ਤੁਰੇ ਫਿਰਦੇ ਹਾਂ। ਕੋਈ ਨੌਕਰੀਆਂ-ਚਾਕਰੀਆਂ ਕਰਦਾ ਹੈ, ਕੋਈ ਇੰਜਨੀਅਰ ਹੈ, ਕੋਈ ਕੁਛ ਹੋਰ ਹੈ, ਕੋਈ ਕੀਰਤਨ ਕਰਦਾ ਹੈ, ਜਿੱਤਿਆ ਤਾਂ ਉਹ ਹੈ ਜਿਹਨੇ ਪ੍ਰਮੇਸ਼ਰ ਨੂੰ ਆਪਣੇ ਅੰਦਰੋਂ ਪ੍ਰਗਟ ਕਰ ਲਿਆ। ਉਹ ਚਾਹੇ ਕਿਸੇ ਗੁਫਾ 'ਚ ਬੈਠ ਕੇ ਕਰ ਲਏ, ਕਿਤੇ ਕਰ ਲਏ। ਜਿਹਦਾ ਤਾਂ ਮਤਲਬ ਸਿੱਧ ਹੋ ਗਿਆ ਉਹ ਤਾਂ ਜਿੱਤ ਗਿਆ, ਚਾਹੇ ਗ੍ਰਹਿਸਤ 'ਚ ਕਰ ਲਓ, ਐਵੇਂ ਰੌਲਾ ਪਾਉਂਦਾ ਹੈ ਕਿ ਗ੍ਰਿਹਸਤ 'ਚ ਰਹੋ ਜੀ ਇਹ ਬੜਾ ਚੰਗਾ ਧਰਮ ਹੈ। ਹੋਣਾ ਚੰਗਾ। ਪਰ ਉਹ ਕੰਮ ਤਾਂ ਹੋਇਆ ਨਾ ਜਿਹੜੇ ਕੰਮ ਨੂੰ ਤੂੰ ਕਰਨ ਆਇਆ ਸੀ। ਚੰਗਾ ਤਾਂ ਹੈ ਜੇ ਵਿਚੇ ਪ੍ਰਾਪਤ ਕਰ ਗਿਆ। ਜੇ ਨਹੀਂ ਕਰ ਗਿਆ, ਰੌਲੇ-ਰੱਪੇ 'ਚ ਹੀ ਰਿਹਾ, ਸਾਰੀ ਜ਼ਿੰਦਗੀ ਕਲਾ-ਕਲੇਸ਼ ਤੇਰੇ ਮਨ 'ਚੋਂ ਨਹੀਂ ਹਟਿਆ। ਗ੍ਰਹਿਸਤ ਦੇ ਕਿਤੇ ਥੋੜ੍ਹੇ ਝੰਜਟ ਨੇ, ਤੇਰੇ ਮੁੰਡੇ ਨੂੰ ਕੁਛ ਹੋ ਗਿਆ, ਕਿਸੇ ਪੋਤੇ ਨੂੰ ਕੁਛ ਹੋ ਗਿਆ। ਕਿਸੇ ਘਾਟਾ ਪੈ ਗਿਆ, ਕਿਸੇ ਦਾ ਵਾਧਾ ਪੈ ਗਿਆ। ਰਾਗ, ਦਵੈਸ਼ ਮਨ 'ਤੇ ਆਉਂਦੀ ਹੈ, ਕਿ ਔਹ ਮੇਰਾ ਪਰਿਵਾਰ ਹੈ, ਆਹ ਮੇਰਾ ਹੈ। ਕਿਤੇ ਸੰਗਲ ਥੋੜ੍ਹੇ ਪਏ ਹੋਏ ਨੇ, ਜਿੱਤਿਆ ਉਹ ਹੈ, ਜੇ ਤਾਂ ਜਿੱਤ ਗਿਆ ਤਾਂ, ਤਾਂ ਮਹਾਰਾਜ ਕਹਿੰਦੇ ਠੀਕ ਹੈ। ਤਾਂ ਬਨਵਾਸੀ ਵੀ ਧੰਨਤਾ ਦੇ ਯੋਗ ਹੈ, ਘਰ ਰਹਿਣ ਵਾਲਾ ਜਿਹਨੇ ਗ੍ਰਹਿਸਤ 'ਚ ਰਹਿ ਕੇ ਪਾ ਲਿਆ ਉਹ ਗਿਣਤੀ 'ਚ ਆ ਗਿਆ ਕਿ ਹਾਂ ਆ ਗਏ। ਉਨ੍ਹਾਂ ਦਾ ਨਾਉਂ ਕਾਇਮ ਰਹਿੰਦਾ ਹੈ, ਸਦਾ ਜੀਉਂਦੇ ਨੇ, ਮਰਦੇ ਨਹੀਂ ਉਹ। ਉਹ ਟਾਂਵੇ-ਟਾਂਵੇ ਬੰਦੇ ਹੁੰਦੇ ਨੇ, ਸਾਰੇ ਨਹੀਂ ਹੁੰਦੇ। ਮਹਾਰਾਜ ਕਹਿੰਦੇ, ਜੇ ਤਾਂ ਪ੍ਰਮੇਸ਼ਰ ਮਿਲ ਗਿਆ, ਫੇਰ ਤਾਂ ਤੂੰ ਆਇਆਂ 'ਚ ਗਿਣਿਆ ਗਿਆ। ਜੇ ਨਹੀਂ ਮਿਲਿਆ ਤਾਂ ਤੂੰ ਬਾਜ਼ੀ ਹਾਰ ਗਿਆ। ਸਿਰੇ 'ਤੇ ਜਾ ਕੇ ਹਾਰ ਗਿਆ। ਰੇਸ ਦੇ ਵਿੱਚ ਚਲਦਾ ਹੈ। ਬਰਾਬਰ-ਬਰਾਬਰ ਦੌੜਦੇ ਨੇ। ਅੰਦਾਜ਼ਾ ਨਹੀਂ ਲਗਦਾ ਕਿ ਫਸਟ ਕਿਹੜਾ ਆਏਗਾ। ਪੰਜ-ਸੱਤ ਕਦਮਾਂ ਮੂਹਰੇ ਹੀ ਜਾਣਾ ਹੈ ਪਰ ਅਖੀਰਲੀ ਵਾਰੀ ਦੇ ਵਿੱਚ ਆ ਕੇ ਪਤਾ ਹੀ ਜਦ ਲਗਦਾ ਹੈ ਜਦੋਂ ਪਿੱਛੇ ਵਾਲਾ ਸਾਰਿਆਂ ਤੋਂ ਮੂਹਰੇ ਲੰਘ ਗਿਆ। ਉਹ ਜਿੱਤ ਗਿਆ, ਬਾਕੀ ਨੰਬਰਾਂ 'ਚ ਹਾਰ ਗਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜੇ ਤਾਂ ਜਿੱਤ ਗਿਆ ਬਾਜ਼ੀ, ਪ੍ਰਮੇਸ਼ਰ ਨੂੰ ਪ੍ਰਾਪਤ ਕਰ ਲਿਆ ਤਾਂ, ਤਾਂ ਗਿਣਿਆ ਗਿਆ ਆਉਣ ਵਾਲਿਆਂ 'ਚ, ਨਹੀਂ ਤਾਂ ਪਿਆਰਿਆ! ਕਿਸ ਚੱਕਰ ਦੇ ਵਿੱਚ ਪੈ ਗਿਆ। ਠਹਿਰਿਆ ਨਹੀਂ ਕਿਤੇ। ਜਿਹਨੂੰ ਮਿਲ ਗਿਆ ਉਹ ਜੀਉਂਦਾ ਨਹੀਂ ਰਹਿ ਸਕਦਾ ਉਸ ਤੋਂ ਬਗੈਰ।

***ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ ॥***

***ਅੰਗ – ੧੩੩***

ਜਿਹਨੂੰ ਮਿਲਿਆ ਹੈ ਉਹ ਹੈ ਕਿੱਥੇ? ਕਹਿੰਦੇ –

***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥***
***ਅੰਗ - ੧੩੩***

ਕੋਈ ਥਾਂ ਨਹੀਂ ਜਿੱਥੇ ਉਹ ਨਹੀਂ ਹੈ, ਜੇ ਉਹ ਨਹੀਂ ਯਾਦ ਵਿੱਚ ਆਉਂਦਾ -

***ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ ॥***
***ਅੰਗ - ੧੩੩***

ਕਿੰਨਾ ਦੁੱਖ ਹੈ ਗਿਣਤੀ ਦੇ ਵਿੱਚ ਆ ਨਹੀਂ ਸਕਦਾ। ਪਹਿਲਾਂ ਤਾਂ ਜਨਮ ਮਰਨ ਦਾ ਹੀ ਦੁੱਖ ਹੈ। ਜੰਮ ਕੇ ਪਤਾ ਨਹੀਂ ਕਿਹੜੇ ਘਰ ਪੈਦਾ ਹੋਵੇ, ਕਿਹੋ ਜਿਹੇ ਮਾਂ-ਬਾਪ ਮਿਲਣ, ਅਮੀਰ ਮਿਲਣ, ਗਰੀਬ ਮਿਲਣ, ਉਸ ਤੋਂ ਬਾਅਦ ਕੋਈ ਪਤਾ ਨਹੀਂ ਹੈ ਕਿ ਵਿਕਾਰਾਂ 'ਚ ਪੈ ਜਾਵਾਂਗੇ ਕਿ ਸ਼ੁੱਧ ਜੀਵਨ ਰਹਿ ਜਾਵੇਗਾ। ਕਿਹੋ ਜਿਹੀ ਸੁਸਾਇਟੀ ਮਿਲਣੀ ਹੈ, ਕਿਹੋ ਜਿਹੇ ਲੋਕਾਂ 'ਚੋਂ ਲੰਘਣਾ ਹੈ, ਫੇਰ ਦੁੱਖ ਹੀ ਦੁੱਖ ਨੇ ਜ਼ਿੰਦਗੀ ਭਰ ਦੇ ਅੰਦਰ, ਸੁਖੀ ਤਾਂ ਕੋਈ ਹੈ ਨਹੀਂ। ਕਹਿੰਦੇ, ਪ੍ਰਮੇਸ਼ਰ ਨੂੰ ਭੁੱਲ ਕੇ ਦੁੱਖ ਹੀ ਦੁੱਖ ਨੇ। ਸੋ ਜਿਨ੍ਹਾਂ ਨੇ ਪ੍ਰਮੇਸ਼ਰ ਨੂੰ ਮਿਲ ਲਿਆ ਉਨ੍ਹਾਂ ਦੇ ਜਿਹੜੇ ਭਾਗ ਨੇ ਮਹਾਰਾਜ ਕਹਿੰਦੇ ਉਹ ਬਹੁਤ ਵੱਡੇ ਭਾਗ ਨੇ-

***ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ ॥***
***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥***
***ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ ॥ ਅੰਗ - ੧੩੩***

ਫੈਸਲਾ ਕਰ ਦਿੱਤਾ ਮਹਾਰਾਜ ਨੇ, ਇਹਦੇ 'ਚ ਨਹੀਂ ਮਹਾਰਾਜ ਨੇ ਕੋਈ ਵੀ ਗੱਲ ਕਰੀ। ਕਹਿੰਦੇ ਜਿਹੜਾ ਵੀ ਮਿਲਾ ਦੇਵੇ ਉਹਦੇ ਚਰਨਾਂ ਨਾਲ ਮੈਂ ਜੁੜ ਜਾਵਾਂਗਾ। ਐਉਂ ਪੜ੍ਹ ਲਓ-

***ਧਾਰਨਾ - ਜਿਹੜਾ ਮੇਲ ਦੇਵੇ ਰਾਮ ਪਿਆਰਾ,***
***ਚਰਨੀਂ ਉਹਦੇ ਲਗ ਜਾ ਮਨਾਂ।***

ਜਿਹੜਾ ਵੀ ਮੇਲ ਦੇਵੇ, ਮਹਾਰਾਜ ਕਹਿੰਦੇ ਜੋ ਵੀ ਮਿਲਾ ਦੇਵੇ -

***ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ ॥***
***ਅੰਗ - ੧੩੩***

ਪਿਆਸ ਲੱਗੀ ਹੋਈ ਹੈ, ਜਿਹੜਾ ਪਾਣੀ ਦਾ ਗਿਲਾਸ ਪਿਆਸੇ ਨੂੰ ਲਿਆ ਦੇਵੇ, ਉਹਦਾ ਹੀ ਧੰਨਵਾਦ ਕਰਾਂ, ਕਿਉਂਕਿ ਉਹਨੇ ਜਾਨ ਬਚਾ ਦਿੱਤੀ। ਪ੍ਰਮੇਸ਼ਰ ਦੇ ਨਾਮ ਦੀ, ਮਿਲਾਪ ਦੀ ਪਿਆਸ ਲੱਗੀ ਹੋਈ ਹੈ। ਮਹਾਰਾਜ ਕਹਿੰਦੇ ਜਿਹੜਾ ਇਸ ਜਨਮ ਦੇ ਅੰਦਰ ਹੀ ਮਿਲਾ ਦੇਵੇ ਉਹਦੇ ਚਰਨੀਂ ਲਗ, ਕਿਉਂਕਿ ਨਾਮ ਜਪਣ ਵਿੱਚ ਅਨੰਦ ਹੈ। ਸਾਰੇ ਸੁੱਖ ਨੇ, ਸਾਰੇ ਦੁੱਖਾਂ ਦਾ ਖਾਤਮਾ ਹੁੰਦਾ ਹੈ। ਮੁਕਤ ਪਦ ਦੀ ਪ੍ਰਾਪਤੀ, ਨਿਰਵਾਣ ਪਦ ਦੀ ਪ੍ਰਾਪਤੀ, ਫਿਨਾਅ ਫਿਲਾਅ ਪਦ ਦੀ ਪ੍ਰਾਪਤੀ ਨਾਮ ਜਪ ਕੇ ਹੋਇਆ ਕਰਦੀ ਹੈ। ਗੱਲਾਂ ਨਾਲ ਨਹੀਂ ਹੋਇਆ ਕਰਦੀ। 'ਨਾਮ' ਤੋਂ ਬਗੈਰ ਸਾਰਾ ਸੰਸਾਰ ਮਹਾਰਾਜ ਕਹਿੰਦੇ ਜਿੰਨਾਂ ਤੁਰਿਆ ਫਿਰਦਾ ਨਜ਼ਰ ਆਉਂਦਾ ਹੈ, ਨਾਮ ਤੋਂ ਖਾਲੀ, ਬਾਹਰਲਾ ਪਾਸਾ ਤਾਂ ਇਨ੍ਹਾਂ ਦਾ ਬਹੁਤ ਵਧੀਆ ਹੈ, ਜੇ ਨੇੜੇ ਹੋ ਕੇ ਨਾ ਮਿਲੋ। ਜੇ ਨੇੜੇ ਹੋ ਕੇ ਮਿਲੋ ਤਾਂ ਅਸਲੀਅਤ ਖੁਲ੍ਹ ਜਾਂਦੀ ਹੈ, ਕਿੱਡੀ ਵੱਡੀ ਕੋਠੀ ਹੋਵੇ ਪੰਜ ਚਾਰ ਏਕੜ 'ਚ ਪਾਈ ਹੋਈ, ਕਾਰਾਂ ਹੀ ਕਾਰਾਂ ਖੜ੍ਹੀਆਂ ਹੋਣ, ਹਵਾਈ ਜਹਾਜ਼ ਵੀ ਖੜ੍ਹਾ ਹੋਵੇ, ਉਥੋਂ ਹੀ ਹਵਾਈ ਜਹਾਜ਼ ਵਿੱਚ ਬੈਠ ਕੇ ਉਡ ਜਾਵੇ। ਪੈਸੇ ਟਕੇ ਦੀ ਕੋਈ ਘਾਟ ਨਾ ਹੋਵੇ, ਅਰਬਾਂ ਪਤੀ ਹੋਵੇ। ਮਹਾਰਾਜ ਕਹਿੰਦੇ, ਮਨ ਦੀ ਖੁਸ਼ੀ ਨਾਲ ਇਹਦਾ ਕੋਈ ਸਬੰਧ ਨਹੀਂ ਹੋਇਆ ਕਰਦਾ। ਪਦਾਰਥਾਂ ਦੀ ਪ੍ਰਾਪਤੀ ਹੋਰ ਚੀਜ਼ ਹੈ। ਅਨੰਦ ਦੀ ਪ੍ਰਾਪਤੀ ਹੋਰ ਚੀਜ਼ ਹੈ। ਮਹਾਰਾਜ ਕਹਿੰਦੇ, ਜਿਨ੍ਹਾਂ ਨੂੰ ਤੁਸੀਂ ਬਹੁਤ ਵੱਡੇ-ਵੱਡੇ ਗਿਣਦੇ ਹੋ, ਅਵਤਾਰੀ ਪੁਰਸ਼ ਵੀ ਸੀਗੇ, ਜਿਨ੍ਹਾਂ ਦੀਆਂ ਕਥਾ ਕਥਾਵਾਂ ਸੰਸਾਰ 'ਚ ਚੱਲ ਰਹੀਆਂ ਨੇ, ਚਲਦੀਆਂ ਰਹਿਣੀਆਂ ਨੇ; ਉਹ ਵੀ ਨਾਮ ਤੋਂ ਬਿਨਾਂ ਨਹੀਂ ਸੁਖੀ ਹੋਏ, ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਦੁਖੀਆ ਸਭ ਸੰਸਾਰ,***
***ਨਾਨਕ ਦੁਖੀਆ-ਨਾਨਕ ਦੁਖੀਆ।***

ਵੱਡਿਆਂ-ਵੱਡਿਆਂ ਦੀ ਮਹਾਰਾਜ ਨੇ ਇਸ ਸ਼ਬਦ ਦੇ ਅੰਦਰ ਗਿਣਤੀ ਕੀਤੀ ਹੈ -

***ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥***
***ਪਰਸ ਰਾਮੁ ਰੋਵੈ ਘਰਿ ਆਇਆ ॥***
***ਅਜੈ ਸੁ ਰੋਵੈ ਭੀਖਿਆ ਖਾਇ ॥***
***ਐਸੀ ਦਰਗਹ ਮਿਲੈ ਸਜਾਇ ॥***
***ਰੋਵੈ ਰਾਮੁ ਨਿਕਾਲਾ ਭਇਆ ॥***
***ਸੀਤਾ ਲਖਮਣੁ ਵਿਛੁੜਿ ਗਇਆ ॥***
***ਰੋਵੈ ਦਹਸਿਰੁ ਲੰਕ ਗਵਾਇ ॥***
***ਜਿਨਿ ਸੀਤਾ ਆਦੀ ਡਉਰੂ ਵਾਇ ॥***
***ਰੋਵਹਿ ਪਾਂਡਹ ਭਏ ਮਜੂਰ ॥***
***ਜਿਨ ਕੈ ਸੁਆਮੀ ਰਹਤ ਹਦੂਰਿ ॥***
***ਰੋਵੈ ਜਨਮੇਜਾ ਖੁਇ ਗਇਆ ॥***
***ਏਕੀ ਕਾਰਣਿ ਪਾਪੀ ਭਇਆ ॥***
***ਰੋਵਹਿ ਸੇਖ ਮਸਾਇਕ ਪੀਰ ॥***
***ਅੰਤਿ ਕਾਲਿ ਮਤੁ ਲਾਗੈ ਭੀੜ ॥***
***ਰੋਵਹਿ ਰਾਜੇ ਕੰਨ ਪੜਾਇ ॥***
***ਘਰਿ ਘਰਿ ਮਾਗਹਿ ਭੀਖਿਆ ਜਾਇ ॥***
***ਰੋਵਹਿ ਕਿਰਪਨ ਸੰਚਹਿ ਧਨੁ ਜਾਇ ॥***
***ਪੰਡਿਤ ਰੋਵਹਿ ਗਿਆਨੁ ਗਵਾਇ ॥***
***ਬਾਲੀ ਰੋਵੈ ਨਾਹਿ ਭਤਾਰੁ ॥***
***ਨਾਨਕ ਦੁਖੀਆ ਸਭੁ ਸੰਸਾਰੁ ॥***
***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥ ਅੰਗ - ੯੫੪***

ਸਾਰਾ ਪੁਰਾਤਨ ਜਿਹਨੂੰ ਮਿਥਿਹਾਸ ਕਹਿ ਦਿੰਦੇ ਨੇ ਗਲਤੀ ਦੇ ਨਾਲ, ਮਹਾਰਾਜ ਨੇ ਇਹਦੇ ਵਿੱਚ ਜੋ ਪ੍ਰਚਲਤ ਸੀ ਭਾਰਤ ਵਰਸ਼ ਦੇ ਅੰਦਰ ਉਹ ਸਾਰੇ ਬਚਨ, ਉਹ ਸਾਰੀਆਂ ਹਸਤੀਆਂ ਦਾ ਜ਼ਿਕਰ ਕੀਤਾ ਹੈ ਕਿ ਵੱਡੇ-ਵੱਡੇ ਸੰਸਾਰ 'ਤੇ ਆਏ, ਉਨ੍ਹਾਂ ਦੇ ਦੁੱਖ ਨੂੰ ਕੋਈ ਕੱਟ ਨਾ ਸਕਿਆ। ਛੋਟੀ-ਛੋਟੀ ਤੋਂ ਛੋਟੀ ਵੀ ਮਿਸਾਲ ਦਿੱਤੀ ਹੈ, ਵੱਡੀ ਤੋਂ ਵੱਡੀ ਵੀ ਦਿੱਤੀ ਹੈ। ਇੱਕ ਰਾਜਾ ਭੋਜ ਸੀ ਜਿਸ ਤਰ੍ਹਾਂ ਅਕਬਰ ਦੇ ਨੌਂ ਰਤਨ ਸੀ, ਉਸ ਦੇ ਦਰਬਾਰ ਵਿੱਚ ਵੀ ਨੌਂ ਬਹੁਤ ਪੜ੍ਹੇ ਲਿਖੇ ਬੰਦੇ ਸੀ। ਜਿਨ੍ਹਾਂ ਦੀ ਧਾਂਕ ਪਈ ਹੋਈ ਸੀ ਭਾਰਤ ਵਰਸ਼ ਵਿੱਚ। ਕੋਈ ਮਸਲਾ ਹੋਵੇ, ਹਰੇਕ ਆਪਣੇ-ਆਪਣੇ ਮਸਲੇ ਦੇ ਵਿੱਚ, ਆਪਣੇ-ਆਪਣੇ ਵਿਸ਼ੇ ਦੇ ਵਿੱਚ ਮਾਹਿਰ ਸੀ। ਕੋਈ ਜੋਤਸ਼ ਵਿਦਿਆ ਸੀ, ਕੋਈ ਕਖੋਲ ਸੀ, ਕੋਈ

ਇਤਿਹਾਸ ਦੇ ਵਿੱਚ ਸੀ ਕੋਈ ਕਥਾ ਕਰਨ ਵਿੱਚ ਸੀ। ਇੱਕ ਵਾਰੀ ਇੱਕ ਪੰਡਤ ਸਾਰੇ ਭਾਰਤ ਵਰਸ਼ ਨੂੰ ਜਿੱਤਦਾ ਹੋਇਆ, ਪਤਾ ਲੱਗਿਆ ਕਿ ਰਾਜੇ ਭੋਜ ਦੇ ਕੋਲ ਨੌਂ ਰਤਨ ਨੇ। ਜੇ ਉਹਨੂੰ ਨਾ ਮੈਂ ਹਰਾਇਆ ਫੇਰ ਤਾਂ ਬੜੀ ਮਾੜੀ ਗੱਲ ਹੈ। ਫੇਰ ਮੈਂ ਵਿਜੈਈ ਨਹੀਂ ਕਹਾ ਸਕਦਾ। ਉਥੇ ਆ ਗਿਆ, ਆ ਕੇ ਪਤਾ ਲੱਗ ਗਿਆ ਉਨ੍ਹਾਂ ਨੂੰ ਵੀ, ਪੰਡਤਾਂ ਨੂੰ ਵੀ ਕਿ ਬਹੁਤ ਪ੍ਰਸਿੱਧ ਹਸਤੀ ਆ ਗਈ ਹੈ, ਸਾਰੇ ਭਾਰਤ ਵਰਸ਼ ਵਿੱਚ ਇਹਦੀ ਜੈ ਹੁੰਦੀ ਆਈ ਹੈ। ਕਿਵੇਂ ਕਰਿਆ ਜਾਵੇ, ਦੂਸਰੇ ਦਿਨ ਢੰਡੋਰਾ ਫੇਰ ਦਿੱਤਾ ਸ਼ਹਿਰ 'ਚ ਕਿ ਮੈਂ ਰਾਜਾ ਭੋਜ ਦੇ ਨੌਂ ਰਤਨਾਂ ਦੇ ਨਾਲ ਸ਼ਾਸਤਰਅਰਥ ਕਰਨਾ ਚਾਹੁੰਦਾ ਹਾਂ। ਜੇ ਮੈਂ ਜਿੱਤ ਗਿਆ ਤਾਂ ਸਾਰੀਆਂ ਪੁਸਤਕਾਂ ਉਨ੍ਹਾਂ ਦੀਆਂ ਮੇਰੇ ਹਵਾਲੇ ਜੇ ਮੈਂ ਹਾਰ ਗਿਆ ਤਾਂ ਸਾਰਾ ਜੋ ਕੁਛ ਮੇਰੇ ਕੋਲ ਹੈ ਉਨ੍ਹਾਂ ਦੇ ਹਵਾਲੇ ਤੇ ਦਿਗਵਿਜਈ ਦਾ ਖਿਤਾਬ ਇਹਨੂੰ ਜਿੱਤ ਕੇ ਕਰਨਾ ਹੈ, ਉਹ ਮੈਂ loose ਕਰ ਜਾਵਾਂਗਾ ਤਾਂ ਇਨ੍ਹਾਂ ਨੂੰ ਦੇ ਦੇਵਾਂਗਾ ਉਹ ਖਿਤਾਬ ਕਿਉਂਕਿ ਆਖਰੀ ਮੈਚ ਇੱਥੇ ਪਿਆ ਸੀ, ਫਾਈਨਲ ਜਿਹੜਾ ਸੀ। ਪਹਿਲਾਂ ਜਿੱਤਦਾ ਤੁਰਿਆ ਆਇਆ, ਹਰਾਉਂਦਾ ਆਇਆ। ਸਾਥੀਆਂ ਦੇ ਮਨਾਂ 'ਚ ਬੜੀਆਂ ਖੁਸ਼ੀਆਂ ਸੀ, ਜਿਸ ਸੂਬੇ ਦਾ ਸੀ ਉਨ੍ਹਾਂ ਦੇ ਮਨ ਵਿੱਚ ਬੜੀਆਂ ਖੁਸ਼ੀਆਂ ਕਿ ਸਾਡਾ ਪੰਡਤ ਆਖਰੀ ਫਾਈਨਲ ਮੈਚ ਖੇਲ੍ਹ ਰਿਹਾ ਹੈ ਤੇ ਹੁਣ ਇਹਨੇ ਜਿੱਤ ਜਾਣਾ ਹੈ, ਦਿਗ ਵਿਜੈਈ ਦੀ ਇਹਨੂੰ ਉਪਾਧੀ ਮਿਲ ਜਾਵੇਗੀ। ਇਹਦੀ ਜੋ ਗੱਲ ਹੈ ਉਹ ਪ੍ਰਵਾਣਿਤ ਹੋਏਗੀ, ਜੋ ਇਹ ਲਿਖ ਦਏਗਾ ਕਿਤਾਬਾਂ 'ਤੇ ਉਹ ਮੰਨਣਾ ਪਵੇਗਾ ਸਾਰਿਆਂ ਨੂੰ। ਰਾਜੇ ਭੋਜ ਦੇ ਪੰਡਤ ਜਿਹੜੇ ਸੀ ਘਬਰਾਹਟ 'ਚ ਪੈ ਗਏ। ਰਾਜੇ ਭੋਜ ਨੇ ਕਿਹਾ ਕਿ ਦੇਖੋ ਮੈਂ ਕਿੰਨੀਆਂ-ਕਿੰਨੀਆਂ ਤਨਖਾਹਾਂ ਤੁਹਾਨੂੰ ਦਿੰਦਾ ਹਾਂ, ਜੇ ਤੁਹਾਡੀ ਹਾਰ ਹੋ ਗਈ ਤਾਂ ਬਹੁਤ ਬੁਰੀ ਗੱਲ ਹੋਏਗੀ। ਕਹਿਣ ਲੱਗੇ, ਮਹਾਰਾਜ! ਅਸੀਂ ਤਾਂ ਨਹੀਂ ਹਾਰਦੇ, ਪਰ ਜੇ ਆਗਿਆ ਦਿਓ ਤਾਂ ਇੱਕ ਅਸੀਂ ਥੋੜ੍ਹਾ ਜਿਹਾ ਖੜਯੰਤਰ ਰਚ ਦੇਈਏ। ਕਹਿੰਦੇ, ਮੈਨੂੰ ਨਹੀਂ ਪਤਾ ਮੇਰੇ ਨੌਂ ਰਤਨਾਂ 'ਚੋਂ ਕਿਸੇ ਦੀ ਹਾਰ ਨਹੀਂ ਹੋਣੀ ਚਾਹੀਦੀ। ਉਸੇ ਸ਼ਹਿਰ ਦੇ ਅੰਦਰ ਇੱਕ ਗੀਗਾ ਨਾਮ ਦਾ ਤੇਲੀ ਰਿਹਾ ਕਰਦਾ ਸੀ। ਬਹੁਤ ਗੱਲਾਂ ਮਾਰਿਆ ਕਰਦਾ ਸੀ ਉਹ, ਆਹ ਜਿਹੜਾ ਖਰੜ ਗਿਆਨ ਹੁੰਦਾ ਹੈ ਨਾ, ਕਈ ਖਰੜ ਗਿਆਨੀ ਹੁੰਦੇ ਨੇ ਉਹ ਲੈਕਚਰ ਵੀ ਦਿੰਦੇ ਨੇ, ਸਾਰੇ ਲੋਕਾਂ ਨੂੰ ਹਿਪਨੋਟਾਈਜ਼ ਕਰ ਦਿੰਦੇ ਨੇ, ਪਤਾ ਹੀ ਨਹੀਂ ਲਗਦਾ ਕਿ ਕੀ ਕਹਿ ਗਿਆ। ਪਿੱਛੋਂ ਕਹਿਣਗੇ ਕਿ ਇਹ ਗਲਤ ਗੱਲਾਂ ਕਹਿ ਗਿਆ। ਉਸ ਵੇਲੇ ਸਭ ਅਸਰ ਵਿੱਚ ਆ ਜਾਂਦੇ ਨੇ, ਉਹ ਵੀ ਐਸਾ ਸੀ ਜਿੱਥੇ ਬਹਿ ਜਾਣਾ ਉਹਨੇ, ਖਰੜ ਗਿਆਨ ਦੇ ਨਾਲ ਗੱਲਾਂ ਕਰਨੀਆਂ ਤੇ ਦੂਜੇ ਨੂੰ ਬੋਲਣ ਹੀ ਨਹੀਂ ਸੀ ਦਿੰਦਾ। ਉਹਦੇ ਕੋਲ ਗਏ ਰਾਤ ਨੂੰ, ਕਹਿਣ ਲੱਗੇ ਦੇਖ, ਤੇਰੀ ਵੀ ਮਹਾਨਤਾ ਹੈ ਸ਼ਹਿਰ ਦੇ ਅੰਦਰ। ਕੱਲ੍ਹ ਨੂੰ ਪੰਡਤ ਆਏਗਾ ਤੇਰੀ ਉਹਦੇ ਨਾਲ ਗੱਲਬਾਤ ਕਰਾਉਣੀ ਹੈ, ਕਹਿੰਦਾ ਫਿਕਰ ਹੀ ਨਾ ਕਰੋ। ਕਹਿੰਦਾ ਮੈਂ ਕਦੇ ਨਹੀਂ ਹਾਰਦਾ, ਇੱਕ ਮੇਰੀ ਮਾਂ ਨੇ ਜੁਗਤ ਦੱਸੀ ਸੀ ਉਹ ਮੈਂ ਵਰਤਦਾ ਹਾਂ। ਕਹਿੰਦੇ ਉਹ ਕੀ ਹੈ? ਉਹ ਕਹਿੰਦਾ ਕਿ ਮੈਂ ਸੁਣਦਾ ਹੀ ਨਹੀਂ ਦੂਜੇ ਦੀ, ਆਪਣੀਆਂ ਹੀ ਦੇਈ ਜਾਂਦਾ ਹਾਂ। ਉਹਨੇ ਘੰਟੇ ਦੋ ਘੰਟੇ ਬਾਅਦ ਥੱਕ ਕੇ ਉਹਨੇ ਹਾਰ ਜਾਣਾ ਹੈ ਤੇ ਮੈਂ ਜਿੱਤ ਜਾਣਾ ਹੈ। ਮੈਂ ਕਦੇ ਸੁਣੀ ਹੀ ਨਹੀਂ ਕਿਸੇ ਦੀ ਗੱਲ। ਆਪਣੀਆਂ ਹੀ ਦੇਈ ਜਾਂਦਾ ਹੁੰਦਾ ਹਾਂ, ਪਿਆ ਉਹ ਬੋਲੀ ਜਾਵੇ। ਮੈਂ ਤਾਂ ਪੰਡਤ ਨੂੰ ਪੈਰੋਂ ਕੱਢ ਲਊਂ। ਉਹ ਕਹਿੰਦੇ, ਉਥੇ ਹੋਣੇ ਨੇ ਸ਼ਾਸਤਰ ਅਰਥ। ਕੋਈ ਹੋਵੇ, ਮੈਨੂੰ ਕੋਈ ਗੱਲ ਦੱਸੇ ਸਹੀ, ਮੈਂ ਉਹਦੀ ਗੱਲ ਅੱਗੇ ਚੱਲਣ ਹੀ ਨਹੀਂ ਦੇਣੀ।

ਦੂਜੇ ਦਿਨ ਪੰਡਤਾਂ ਵਾਲਾ ਉਹਦਾ ਲਿਬਾਸ ਬਣਾ ਦਿੱਤਾ। ਉਧਰਲੇ ਪਾਸੇ ਉਹ ਪੰਡਤ ਬੜਾ ਖੁਸ਼ ਹੋ ਰਿਹਾ ਹੈ, ਬਈ ਨੌਂ ਰਤਨਾਂ 'ਚੋਂ ਤਾਂ ਨਹੀਂ ਕੱਢਿਆ ਉਨ੍ਹਾਂ ਨੇ ਕੋਈ ਹੋਰ ਪੰਡਤ ਕੱਢਿਆ ਹੈ। ਕਹਿੰਦਾ, ਉਹਨੂੰ ਤਾਂ ਮੈਂ ਐਵੇਂ ਹੀ ਹਰਾ ਦੇਵਾਂਗਾ। ਇਨ੍ਹਾਂ ਤੋਂ ਹੀ ਮੈਨੂੰ ਥੋੜ੍ਹਾ ਡਰ ਲਗਦਾ ਸੀ। ਤੇਲੀ ਦੇ ਪੰਡਤਾਂ ਵਾਲੀ ਦਸਤਾਰ ਬੰਨ੍ਹ ਦਿਤੀ, ਮੱਥੇ 'ਤੇ ਤਿਲਕ ਲਾ ਦਿੱਤਾ, ਗਲ 'ਚ ਲਾਲ ਰੰਗ ਦਾ ਪਰਨਾ ਪਾ ਦਿੱਤਾ। ਜੋੜਾ ਨਵਾਂ ਲੈ ਕੇ ਪਾ ਦਿੱਤਾ, ਕੱਢਿਆ ਹੋਇਆ ਜੋੜਾ, ਬਹੁਤ ਹੀ ਵਧੀਆ, ਸਾਰਾ ਦਰਬਾਰ ਲੱਗ ਗਿਆ, ਦਰਬਾਰ ਵਾਲੇ ਦੇਖ ਰਹੇ ਨੇ ਤੇ ਉਹ ਪੰਡਤ ਪਹਿਲਾਂ ਆ ਕੇ ਬਹਿ ਗਿਆ, ਇਧਰ ਇੰਤਜ਼ਾਰ ਹੋ ਰਿਹਾ ਹੈ ਕਿ ਕਿਹੜਾ ਪੰਡਤ ਹੈ ਜਿਹਦੇ ਨਾਲ ਇਹਦਾ ਮੁਕਾਬਲਾ ਹੋਣਾ ਹੈ ਕਿਸੇ ਨੂੰ ਨਹੀਂ ਪਤਾ। ਉਹ ਆ ਗਿਆ ਤੇ ਸਾਰੇ ਦੇਖਦੇ ਨੇ। ਜਿਸ ਵਕਤ ਆ ਗਿਆ ਤਾਂ ਉਹਨੇ ਕਿਹਾ ਕਿ ਇਕੱਠ ਬਹੁਤਾ ਹੋਇਆ, ਹੋਇਆ ਹੈ, ਮੇਰਾ ਕੋਈ ਜੋੜਾ ਹੀ ਨਾ ਚੁੱਕ ਲਏ, ਉਹਨੇ ਜੋੜੇ 'ਤੇ ਜੋੜਾ ਮੂਧਾ ਮਾਰਿਆ, ਆਪਣੇ ਪਰਨੇ 'ਚ ਵਲੇਟ ਲਿਆ। ਕਹਿੰਦਾ, ਮੈਂ ਉਥੇ ਕੋਲ ਹੀ ਰੱਖ ਲਵਾਂਗਾ ਇਹਨੂੰ। ਜਦੋਂ ਨੇੜੇ ਆਇਆ, ਪੰਡਤ ਨੇ ਦੇਖਿਆ ਕਿ ਆਹ ਕਿਹੜਾ ਗ੍ਰੰਥ ਹੈ? ਪਹਿਲਾਂ ਇਹ ਪੁੱਛੀਏ ਇਹਦੇ ਵਿਚੋਂ ਹੀ ਸਵਾਲ ਕਰਾਂਗੇ। ਕਹਿਣ ਲੱਗਿਆ, ਪੰਡਤ ਜੀ! ਕ੍ਰਿਪਾ ਕਰਕੇ ਮੈਨੂੰ ਇਹ ਦੱਸੋ ਕਿ ਜਿਹੜਾ ਗ੍ਰੰਥ ਤੁਹਾਡੀ ਕੱਛ ਵਿਚ ਲਿਆ ਹੋਇਆ ਹੈ, ਇਹਦੇ ਵਿਚੋਂ ਤੁਸੀਂ ਮੇਰੇ ਨਾਲ ਸ਼ਾਸਤਰ ਅਰਥ ਕਰਨਾ ਹੈ? ਕਹਿੰਦਾ ਹਾਂ, ਕਹਿੰਦਾ ਇਹਦਾ ਨਾਉਂ ਕੀ ਹੈ? ਕਹਿੰਦਾ, ਕੰਟਕ ਚੂਰਨ ਗ੍ਰੰਥ। ਕੰਡਿਆਂ ਦਾ ਚੂਰਾ ਕਰਨ ਵਾਲਾ ਗ੍ਰੰਥ। ਸੁਣਿਆ ਹੀ ਨਹੀਂ ਸੀ ਅੱਜ ਤੱਕ ਉਹਨੇ ਕਿ ਕੰਡਿਆਂ ਦਾ ਵੀ ਚੂਰਾ ਕਰਨ ਵਾਲਾ ਗ੍ਰੰਥ ਹੈ। ਸਾਰਾ ਯਾਦ ਕਰਿਆ, ਮਿੰਟ ਭਰ ਅੱਖਾਂ ਵੀ ਮੀਚੀਆਂ ਕਿ ਇਹ ਤਾਂ ਮੇਰੀ ਨਿਗ੍ਹਾ 'ਚ ਲੰਘਿਆ ਹੀ ਨਹੀਂ ਅੱਜ ਤੱਕ, ਨਵਾਂ ਹੀ ਗ੍ਰੰਥ ਹੈ। ਅਖੀਰ ਉਹਨੇ ਕਿਹਾ ਕਿ ਐਸ ਤਰ੍ਹਾਂ ਕਰੀਏ ਕਿ ਜੇ ਮੈਂ ਬੋਲਿਆ ਜੇ ਇਹਨੇ ਇਹਦੇ ਵਿਚੋਂ ਕੋਈ ਸਵਾਲ ਪਾ ਦਿੱਤਾ, ਮੇਰੇ ਤੋਂ ਜਵਾਬ ਨਾ ਦੇ ਹੋਇਆ, ਬੜਾ ਮਾੜਾ ਕੰਮ ਹੋਏਗਾ। ਕਹਿੰਦਾ, ਇਸ਼ਾਰੇ ਨਾਲ ਹੀ ਬਹਿਸ ਕਰਦੇ ਹਾਂ। ਕਹਿਣ ਲੱਗਿਆ, ਲਓ ਪੰਡਤ ਜੀ। ਰਾਜਾ ਭੋਜ ਬੈਠਾ ਹੈ, ਕਹਿੰਦਾ, ਮਹਾਰਾਜ ਸਾਡੀ ਗੱਲਬਾਤ ਜਿਹੜੀ ਹੈ, ਇਸ਼ਾਰੇ ਨਾਲ ਮੈਂ ਕਰਨੀ ਹੈ ਪੁੱਛੋ ਆਪਣੇ ਪੰਡਤ ਤੋਂ। ਉਹ ਕਹਿੰਦਾ, ਠੀਕ ਹੈ ਮੈਂ ਇਸ਼ਾਰੇ ਨਾਲ ਹੀ ਕਰਾਂਗਾ ਮੈਨੂੰ ਆਉਂਦੀ ਹੈ ਜੁਗਤ ਸਭ। ਬਹਿਸ ਸ਼ੁਰੂ ਹੋ ਗਈ। ਕਹਿਣ ਲੱਗੇ, ਪੰਡਤ ਜੀ! ਤੁਸੀਂ ਪਹਿਲਾਂ ਸਵਾਲ ਕਰੋ। ਉਸਨੇ ਇੱਕ ਉਂਗਲੀ ਖੜ੍ਹੀ ਕਰ ਦਿੱਤੀ। ਕਹਿੰਦਾ, ਦਿਓ ਜਵਾਬ? ਉਹਨੇ ਦੋ ਕਰ ਦਿੱਤੀਆਂ, ਪੰਡਤ ਨੇ ਕਿਹਾ ਕਿ ਹੁਣ ਅੱਗੇ ਕੀ ਕਰੀਏ, ਇਹਨੇ ਤਾਂ ਜਵਾਬ ਸਹੀ ਦੇ ਦਿੱਤਾ। ਉਹਨੇ ਫਿਰ ਹੱਥ ਖੜ੍ਹਾ ਕਰ ਦਿੱਤਾ। ਉਹਨੇ ਹੱਥ ਮੁਠੀ ਬੰਦ ਕਰਕੇ ਖੜ੍ਹਾ ਕਰ ਦਿੱਤਾ।

ਪੰਡਤ ਡਰ ਗਿਆ, ਘਬਰਾ ਗਿਆ, ਮੱਥਾ ਟੇਕ ਦਿੱਤਾ। ਅੱਗੋਂ ਗੱਲ ਹੀ ਨਾ ਆਈ ਕੋਈ। ਉਸੇ ਵੇਲੇ ਵਿਜੈ ਦੀ ਡੌਂਡੀ ਸੀ ਵੱਜਣੀ ਸ਼ੁਰੂ ਹੋ ਗਈ, ਨਫੀਰੀਆਂ ਵੱਜ ਗਈਆਂ, ਜੈ-ਜੈਕਾਰ ਹੋਣ ਲੱਗ ਗਈ। ਗਾਂਗੇ ਤੇਲੀ ਨੂੰ ਬਾਹਰ ਹਾਥੀ ਖੜ੍ਹਾ ਸੀ ਉਹਦੇ ਉਤੇ ਬਿਠਾ ਲਿਆ, ਜਲੂਸ ਕੱਢਿਆ, ਇਹ ਹਾਰਿਆ ਹੋਇਆ, ਕਿਤਾਬਾਂ ਖੋਹ ਲਈਆਂ ਇਹਦੀਆਂ ਸਾਰੀਆਂ। ਬੜਾ ਹੀ ਰੋਂਦਾ ਹੈ ਕਿ ਮੈਂ ਸਾਰੀ ਦੁਨੀਆਂ 'ਚ ਨਹੀਂ ਹਾਰਿਆ। ਇਥੇ ਮੈਂ ਹਾਰ ਖਾ ਗਿਆ। ਉਸ ਵੇਲੇ ਸਾਰੇ ਪੰਡਤ ਕਹਿਣ ਲੱਗੇ, ਪੰਡਤ ਜੀ! ਅਫਸੋਸ ਨਾ ਕਰੋ ਤੁਸੀਂ, ਕ੍ਰਿਪਾ ਕਰਕੇ ਸਾਨੂੰ ਤਾਂ ਸਮਝਾਂ ਦਿਓ ਕਿ ਤੁਸੀਂ ਪ੍ਰਸ਼ਨ ਕੀ ਕਰਿਆ ਸੀ ਤੇ ਉਹਦਾ ਉੱਤਰ ਕੀ ਸੀ? ਉਹ ਕਹਿੰਦਾ ਮੈਂ ਕਿਹਾ ਸੀ ਇੱਥੇ ਇੱਕ ਅਦੁੱਤੀ ਬ੍ਰਹਮ ਹੈ, ਉਹ ਕਹਿੰਦਾ ਪੰਡਤ ਜੀ! ਅਦੁੱਤੀ ਬ੍ਰਹਮ ਦੇ ਨਾਲ ਮਾਇਆ ਹੈ। ਮਾਇਆ ਤੋਂ ਬਿਨਾਂ ਸੰਸਾਰ ਦੀ ਰਚਨਾ ਨਹੀਂ ਹੁੰਦੀ। ਕਹਿੰਦਾ ਮੈਂ ਕਿਹਾ, ਪੰਜਾਂ ਤੱਤਾਂ ਦਾ ਬਣਿਆ ਹੋਇਆ ਸਰੀਰ, ਜਦੋਂ ਉਹਨੇ ਕਿਹਾ ਅੱਡ-ਅੱਡ ਕੁਛ ਨਹੀਂ ਹੁੰਦਾ, ਇਹ ਤਾਂ ਇਕੱਠੇ ਹੋਏ-ਹੋਏ ਨੇ ਪੰਜੇ ਤੱਤ, ਤਾਂ ਸਰੀਰ ਬਣਿਆ ਹੈ। ਕਹਿੰਦਾ, ਅੱਗੇ ਇੱਕੋ ਸਵਾਲ ਮੇਰਾ ਰਹਿ ਗਿਆ ਸੀ, ਤਿੰਨ ਕਰਨੇ ਸੀ, ਦੋ ਉਹ ਜਿੱਤ ਗਿਆ, ਹੁਣ ਮੈਂ ਤੀਸਰਾ ਕਰਕੇ ਲੈਣਾ ਕੀ ਸੀ। ਬਹੁਤ ਰੋਇਆ-ਬਹੁਤ ਰੋਇਆ।

ਰਾਜੇ ਭੋਜ ਨੇ ਗਾਂਗੇ ਤੇਲੀ ਨੂੰ ਬੁਲਾਇਆ ਕਿ ਤੂੰ ਜਵਾਬ ਕਿਵੇਂ ਦੇ ਦਿਤੇ, ਤੈਨੂੰ ਤਾਂ ਪਤਾ ਨਹੀਂ ਕਿਸੇ ਗੱਲ ਦਾ ਵੀ। ਕੀ ਸਮਝਿਆ ਜਦੋਂ ਪੰਡਤ ਨੇ ਕਿਹਾ ਕਿ ਇੱਕ ਅਦੁੱਤੀ ਬ੍ਰਹਮ ਹੈ, ਕਹਿੰਦਾ ਮੈਂ ਨਹੀਂ ਇਹ ਗੱਲ ਸਮਝੀ ਉਹਦੀ, ਮੈਂ ਸਮਝਿਆ ਕਿ ਮੇਰੀ ਇੱਕ ਅੱਖ ਤਾਂ ਕਾਣੀ ਹੈ, ਤੇਰੀ ਦੂਜੀ ਵੀ ਕੱਢ ਦਊਂਗਾ। ਕਹਿੰਦਾ ਮੈਂ ਕਿਹਾ, ਜੇ ਮੇਰੀ ਇੱਕ ਕੱਢੀ ਤੇਰੀਆਂ ਮੈਂ ਦੋਵੇਂ ਕੱਢ ਦੇਵਾਂਗਾ। ਕਹਿੰਦਾ, ਫੇਰ ਉਹਨੇ ਥੱਪੜ ਚੁੱਕ ਲਿਆ, ਮੈਂ ਕਿਹਾ ਤੇਰਾ ਤਾਂ ਥੱਪੜ ਹੈ, ਮੈਂ ਘਸੁੰਨ ਮਾਰੂੰ ਤੇਰੇ।

ਮਹਾਰਾਜ ਕਹਿੰਦੇ, ਦੇਖੋ! ਐਡਾ ਵਿਦਵਾਨ ਹੋ ਕੇ ਗੱਲ ਨਹੀਂ ਪੁੱਛ ਸਕਿਆ ਉਸ ਤੋਂ ਤੇ ਹਾਰ ਹੋਈ ਤੇ ਰੋਂਦਾ ਹੈ -

***ਪੰਡਿਤ ਰੋਵਹਿ ਗਿਆਨੁ ਗਵਾਇ ॥*** ***ਅੰਗ - ੯੫੪***

ਗਿਆਨ ਗਵਾ ਕੇ ਰੋਇਆ ਉਹ। ਇਸ ਤਰ੍ਹਾਂ ਸਾਰੇ ਹੀ ਸੰਸਾਰ ਦੀ ਮਹਾਰਾਜ ਨੇ ਗੱਲਾਂ ਕਰੀਆਂ -

***ਬਾਲੀ ਰੋਵੈ ਨਾਹਿ ਭਤਾਰੁ ॥*** ***ਅੰਗ - ੯੫੪***

ਇੱਕ ਇਸਤਰੀ ਪਿਛਲੇ ਜਨਮ ਦੇ ਅੰਦਰ, ਉਸ ਦਾ ਪਤੀ ਪ੍ਰਮੇਸ਼ਰ ਦਾ ਪਿਆਰਾ ਭਗਤ ਸੀ, ਬਹੁਤ ਦੁੱਖੀ ਕਰਿਆ ਉਹਨੂੰ। ਉਹਨੇ ਕਿਹਾ ਕਿ ਜਾਹ ਤੈਨੂੰ ਇਸ ਜਨਮ ਤਾਂ ਪਤੀ ਮਿਲ ਗਿਆ ਤੇ ਅਗਲੇ ਜਨਮ 'ਚ ਤੈਨੂੰ ਨਹੀਂ ਮਿਲਣਾ, ਚਾਹੇ ਪੰਜਾਹ ਵਿਆਹ ਕਰਾ ਲਈਂ। ਰਾਜੇ ਦੀ ਲੜਕੀ ਬਣ ਗਈ ਉਹ ਸੁਅੰਬਰ ਰਚ ਲਿਆ, ਜਿਹਦੇ ਗਲ 'ਚ ਹਾਰ ਪਾਵੇ, ਘਰ ਜਾਵੇ ਤੇ ਉਹ ਪਹਿਲਾਂ ਹੀ ਮਰ ਜਾਵੇ। ਵੀਹ ਪਤੀ ਮਰ ਗਏ, ਵੀਹ ਵਿਆਹ ਕਰਾਏ। ਫੇਰ ਉਹ ਰੋਈ ਬਹੁਤ ਕਿ ਮੇਰੀ ਕਿਸਮਤ 'ਚ ਪਤੀ ਨਹੀਂ ਲਿਖਿਆ ਹੋਇਆ। ਮਹਾਰਾਜ ਕਹਿੰਦੇ -

***ਨਾਨਕ ਦੁਖੀਆ ਸਭੁ ਸੰਸਾਰੁ ॥*** ***ਅੰਗ - ੯੫੪***

ਦੱਸੋ ਸੰਸਾਰ 'ਚ ਸੁਖੀ ਕਿਹੜਾ ਹੈ, ਕੋਈ ਹੈ ਐਸਾ ਜਿਹੜਾ ਸੰਸਾਰ 'ਚ ਸੁਖੀ ਹੋਵੇ।

***ਮੰਨੇ ਨਾਉ ਸੋਈ ਜਿਣਿ ਜਾਇ ॥***
***ਅਉਰੀ ਕਰਮ ਨ ਲੇਖੈ ਲਾਇ ॥*** ***ਅੰਗ - ੯੫੪***

ਜਿਨ੍ਹਾਂ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ, ਨਾਮ ਦਾ ਪ੍ਰਕਾਸ਼ ਹੋ ਗਿਆ, ਨਾਮ ਨੂੰ ਮੰਨ ਲਿਆ -

***ਮੰਨੇ ਕੀ ਗਤਿ ਕਹੀ ਨ ਜਾਇ ॥***
***ਜੇ ਕੋ ਕਹੈ ਪਿਛੈ ਪਛੁਤਾਇ ॥***
***ਕਾਗਦਿ ਕਲਮ ਨ ਲਿਖਣਹਾਰੁ ॥***
***ਮੰਨੇ ਕਾ ਬਹਿ ਕਰਨਿ ਵੀਚਾਰੁ ॥***
***ਐਸਾ ਨਾਮੁ ਨਿਰੰਜਨੁ ਹੋਇ ॥***
***ਜੇ ਕੋ ਮੰਨਿ ਜਾਣੈ ਮਨਿ ਕੋਇ ॥*** ***ਅੰਗ - ੩***

ਪਰੀਪੂਰਨ ਨਾਮ ਦੀ ਸ਼ਕਤੀ ਨੂੰ ਜਿਹਨੇ ਮੰਨ ਲਿਆ, ਕਿਉਂਕਿ ਸਾਰਾ ਪਸਾਰਾ ਨਾਮ ਦਾ ਹੀ ਹੈ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*** ***ਅੰਗ - ੨੮੪***

ਸਾਰੇ ਵੇਦ ਸ਼ਾਸਤਰ, ਜੋ ਕੁਛ ਵੀ ਹੈ ਸਭ ਨਾਮ ਸ਼ਕਤੀ ਨੇ ਧਾਰਨ ਕਰਿਆ ਹੋਇਆ ਹੈ। ਕਹਿੰਦੇ ਉਹ ਜਿੱਤ ਜਾਂਦਾ ਹੈ ਸੰਸਾਰ 'ਤੇ ਉਹ ਸੁਖੀ ਹੈ। ਬਾਕੀ ਪਦਾਰਥਾਂ ਦੀ ਪ੍ਰਾਪਤੀ ਚਾਹੇ ਕਿੰਨੀ ਹੀ ਹੋ ਜਾਵੇ, ਆਦਮੀ ਨੂੰ ਸੁੱਖ ਨਹੀਂ ਮਿਲਿਆ ਕਰਦਾ, ਸੁੱਖ ਕਿਸਮਤ 'ਚ ਨਹੀਂ ਆਇਆ ਕਰਦਾ। ਮਹਾਰਾਜ ਕਹਿੰਦੇ, ਜੇ ਬਹੁਤਾ ਧਨ ਹੈ -

***ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥***
***ਅੰਗ - ੧੦੧੯***

ਓਨੀਓਂ ਚਿੰਤਾ ਹੋਏਗੀ, ਓਨਾਂ ਹੀ ਡਾਕਟਰਾਂ ਦਾ ਫੇਰਾ ਉਹਦੇ ਘਰ 'ਚ ਬਹੁਤਾ ਲੱਗੇਗਾ। ਨਾ ਤਾਂ ਖ਼ੂਨ ਦਾ ਸੰਤੁਲਨ ਉਹਦਾ ਕਾਇਮ ਰਹਿਣਾ ਹੈ। ਨਾ ਦਿਲ ਦੀ ਚਾਲ ਕਾਇਮ ਰਹਿਣੀ ਹੈ। ਨਾ ਦਿਮਾਗ ਦੇ ਉਤੇ ਸ਼ਾਂਤੀ ਰਹਿਣੀ ਹੈ ਹਰ ਵਕਤ nervous system ਕਸਿਆ ਰਹੇਗਾ ਉਸ ਬੰਦੇ ਦਾ। ਤੱਤ ਦੀ ਗੱਲ ਮਹਾਰਾਜ ਨੇ ਕਰ ਦਿੱਤੀ। ਕਹਿੰਦੇ, ਫੇਰ ਵੀ ਦੁਨੀਆਂ ਪੈਸੇ ਪਿੱਛੇ ਪਈ ਹੋਈ ਹੈ। ਪਰ ਪਿਆਰਿਓ! ਕਹਿੰਦੇ -

***ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥***
***ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥***
***ਅੰਗ - ੪੧੭***

ਕਹਿੰਦੇ, ਇਹ ਚੀਜ਼ਾਂ ਨਹੀਂ ਸੁੱਖ ਦਿੰਦੀਆਂ, ਵੱਡੇ-ਵੱਡੇ ਦੁਨੀਆਂ ਦੇ ਉਤੇ ਹੋਏ ਨੇ, ਲੇਕਿਨ ਪਛਤਾਉਂਦੇ ਹੋਏ ਹੱਥ ਖਾਲੀ, ਸੰਸਾਰ ਤੋਂ ਜਾਂਦੇ ਨੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਵੱਡੇ-ਵੱਡੇ ਦੁਨੀਆਂ ਉਤੇ ਹੋਏ,***
***ਰੋਂਦੇ ਵੇਖੇ ਨਾਮ ਤੋਂ ਬਿਨਾਂ।***

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥ ਅੰਗ - ੧੩੬੫***

ਰੋਂਦੇ ਜਾ ਰਹੇ ਨੇ ਸੰਸਾਰ ਤੋਂ, ਹਸਦੇ ਨਹੀਂ ਜਾ ਰਹੇ।

ਸੋਮਨਾਥ ਦਾ ਮੰਦਰ ਜਦੋਂ ਲੁੱਟਿਆ, ਉਸ ਵੇਲੇ ਦਾ ਜੋ ਧਨ ਦਾ ਮੁੱਲ ਸੀ ਚਾਰ ਅਰਬ ਗਿਣਿਆ ਹੈ ਸਿਆਣਿਆਂ ਨੇ। ਇੱਕ ਮੰਦਰ ਵਿਚੋਂ ਹੀ ਚਾਰ ਅਰਬ ਰੁਪਏ ਲੁੱਟੇ, ਹੀਰੇ ਜਵਾਹਾਰਾਤ। ਅੱਜ ਲਾ ਲਓ ਜਿੰਨਾਂ ਸਾਰੇ ਹਿੰਦੋਸਤਾਨ ਨੇ ਕਰਜ਼ਾ ਦੇਣਾ ਹੈ, ਚਾਰ ਅਰਬ ਰੁਪਿਆ ਦੇਣਾ ਹੈ ਹਿੰਦੋਸਤਾਨ ਨੇ, ਇੱਕ ਮੰਦਰ ਦੇ ਵਿਚ ਹੀ ਸੀ ਐਨਾ ਤਾਂ। ਬੇਅੰਤ ਧਨੀ ਦੇਸ਼ ਸੀ ਇਹਦੇ ਅੰਦਰ ਹੀਰੇ ਮਣੀਆਂ, ਜਵਾਹਰਾਤ ਸੋਨਾ ਨਿਕਲਦਾ ਸੀ, ਲੇਕਿਨ ਛੁੱਪ ਗਿਆ ਸਾਰਾ, ਪਾਰਸ ਵੀ ਛੁੱਪ ਗਿਆ, ਹਰੇਕ ਚੀਜ਼ ਛੁੱਪ ਗਈ। ਕਹਿੰਦੇ, ਸੰਤ ਵੀ ਛੁੱਪ ਗਏ ਨਾਲ ਹੀ, ਦੋਵੇਂ ਗੱਲਾਂ ਹੋਈਆਂ ਨੇ, ਜਦੋਂ ਕਲਜੁਗ ਦਾ ਪ੍ਰਭਾਵ ਵਧ ਜਾਂਦਾ ਹੈ, ਇਹ ਜਿਹੜੀਆਂ ਚੀਜ਼ਾਂ ਨੇ ਛੁੱਪ ਜਾਇਆ ਕਰਦੀਆਂ ਨੇ।

ਸੋ ਸੋਲਾਂ ਹਮਲਿਆਂ 'ਚ ਮਥੁਰਾ ਲੁੱਟੀ, ਵੱਡੇ-ਵੱਡੇ ਸ਼ਹਿਰ ਲੁੱਟੇ, ਕਿੰਨਾ ਕੁ ਰੁਪਈਆ ਲੈ ਗਿਆ। ਅਧਰੰਗ ਦਾ ਦੌਰਾ ਪੈ ਗਿਆ ਇਸਨੂੰ। ਜਦੋਂ ਮਾੜਾ-ਮਾੜਾ ਬੋਲਣ ਲੱਗਿਆ ਕਹਿੰਦਾ, ਮੈਨੂੰ ਮੇਰਾ ਦਿਖਾ ਦਿਓ ਧਨ, ਢੇਰਾਂ ਦੇ ਢੇਰ ਲਾ ਦਿੱਤੇ, ਜਿਵੇਂ ਦਾਣਿਆਂ ਦੇ ਲੱਗੇ ਹੁੰਦੇ ਨੇ ਮੰਡੀ 'ਚ। ਪਹੀਆਂ ਵਾਲੀ ਕੁਰਸੀ 'ਤੇ ਬਿਠਾ ਕੇ ਵਿਚ ਦੀ ਲੰਘਾ ਕੇ ਦੱਸੀ ਜਾਂਦੇ ਨੇ ਕਿ ਆਹ ਫਲਾਣੇ ਥਾਂ ਦਾ ਹੈ, ਫਲਾਣੇ ਥਾਂ ਦਾ ਹੈ। ਰੋਂਦਾ ਜਾਂਦਾ ਹੈ, ਹੰਝੂ ਗਿਰਦੇ ਨੇ ਕਿ ਮੈਂ ਬਹੁਤ ਮਾੜਾ ਕੰਮ ਕਰਿਆ। ਕੋਈ ਚੀਜ਼ ਵੀ ਨਹੀਂ ਜਾ ਰਹੀ ਮੇਰੇ ਨਾਲ। ਸੰਭਾਲਾ ਕੀਹਨੂੰ ਇਹ ਚੀਜ਼। ਪੁੱਤਰ ਮੇਰੇ ਕਮਜ਼ੋਰ ਨੇ, ਇਨ੍ਹਾਂ ਤੋਂ ਤਾਂ ਹੁਣੇ ਲੁੱਟ ਲੈਣਾ ਹੈ ਦੂਸਰਿਆਂ ਨੇ। ਬਹੁਤ ਰੋਇਆ, ਰੋਂਦਾ ਹੋਇਆ ਕਹਿਣ ਲੱਗਿਆ ਕਿ ਚੰਗਾ ਇੱਕ ਗੱਲ ਕਰ ਦਿਓ, ਮੇਰਾ ਜਨਾਜਾ ਜਦੋਂ ਜਾਵੇ ਤਾਂ ਮੇਰੇ ਹੱਥ ਤੇ ਪੈਰ ਬਾਹਰ ਹੋਣ, ਨਾਲ ਫੱਟੀ ਲੱਗੀ ਹੋਈ ਹੋਵੇ ਜਿਸ 'ਤੇ ਲਿਖਿਆ ਹੋਵੇ ਕਿ ਖਰਬਾਂ ਦਾ ਮਾਲਕ ਖਾਲੀ ਹੱਥ ਜਾ ਰਿਹਾ ਹੈ ਸੰਸਾਰ ਤੋਂ।

ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਪੈਸੇ 'ਚ ਨਾ ਸੁੱਖ ਭਾਲ। ਪਦਾਰਥ 'ਚ ਤਾਂ ਸੁੱਖ ਹੈ ਹੀ ਨਹੀਂ, ਤਿੰਨ ਕਾਲ ਨਹੀਂ। 'ਆਤਮ ਮਾਰਗ' 'ਚ ਲੇਖ ਲਿਖਿਆ ਸੀ ਉਹਦੇ ਵਿੱਚ ਸੀ ਪ੍ਰਕ੍ਰਿਤੀ ਦੇ ਵਿੱਚ ਰਾਗ ਤੇ ਦਵੈਸ਼ ਕੁਦਰਤ ਵਲੋਂ ਹੈ, ਪ੍ਰਾਕ੍ਰਿਤੀ ਵਿੱਚ ਸੁੱਖ ਨਹੀਂ ਹੈ ਦੁੱਖ ਹੈ। ਜਿੰਨੇ ਪਦਾਰਥ ਵੱਧ ਓਨਾਂ ਹੀ ਦੁੱਖ ਵੱਧ। ਜਿੰਨਾਂ ਫੈਲਾਰਾ ਵੱਧ ਓਨਾਂ ਹੀ ਦੁੱਖ ਵੱਧ। ਦੁੱਖ ਕੱਟਣ ਤਾਂ ਨਹੀਂ ਸੰਸਾਰ 'ਤੇ ਆਇਆ ਆਦਮੀ। ਆਦਮੀ ਤਾਂ ਆਇਆ, ਇਹਦਾ ਜਨਮ ਤਾਂ ਹੋਇਆ ਸੀ ਕਿ ਪ੍ਰਭੂ ਨੂੰ ਮਿਲ ਕੇ ਪਰਮ ਸੁੱਖੀ ਹੋ ਜਾਵੇ। ਉਹਦੀ ਥਾਂ 'ਤੇ ਭੁੱਲ ਗਿਆ, ਮਨ ਨੂੰ ਚੈਨ ਨਹੀਂ ਆਉਂਦੀ, ਡਾਕਟਰਾਂ ਦੇ ਤੁਰਿਆ ਫਿਰਦਾ ਹੈ, ਇੰਦਰ ਕਹਿਣ ਲੱਗਿਆ ਆਪਣੇ ਗੁਰੂ ਨੂੰ ਕਿ ਮਹਾਰਾਜ! ਮੇਰੇ ਜਿੰਨੀ ਦੌਲਤ ਕਿਤੇ ਨਹੀਂ ਹੈ, ਮੇਰੇ ਜਿੰਨਾਂ ਸੁੱਖ ਕਿਤੇ ਨਹੀਂ ਹੈ, ਦੁਨੀਆਂ ਦੇ ਬਾਦਸ਼ਾਹਾਂ ਨਾਲੋਂ ਦੱਸ ਅਰਬ ਗੁਣਾਂ ਜ਼ਿਆਦਾ ਸੁੱਖ ਮੇਰੇ ਇੰਦਰ ਮੰਡਲ 'ਚ ਹੈ। ਵਜਹ ਕੀ ਹੈ, ਮੇਰੇ ਮਨ 'ਚ ਕਿਉਂ ਨਹੀਂ ਸ਼ਾਂਤੀ ਆਉਂਦੀ? ਮੇਰਾ ਮਨ ਕਿਉਂ ਭਟਕਦਾ ਹੈ, ਮੇਰੇ ਕੋਲ ਅਪੱਛਰਾ ਨੇ, ਜਿਨ੍ਹਾਂ ਦੇ ਸਰੀਰ ਨੂਰੀ ਨੇ, ਫੇਰ ਮੈਂ ਖਾਕੀ ਸਰੀਰ ਦੇ ਪਿੱਛੇ ਭਟਕਦਾ ਹੋਇਆ ਗੋਤਮ ਤਪੇ ਦੀ ਇਸਤ੍ਰੀ ਕੋਲ ਜਾ ਕੇ ਸਰਾਪ ਲਿਆ ਤੇ ਮੈਂ ਰੋਇਆ ਉਸ ਸਰਾਪ ਨਾਲ। ਮਹਾਰਾਜ! ਮੇਰੇ ਕੋਲ ਉਹ ਕਿਹੜੀ ਚੀਜ਼ ਹੈ ਜੋ ਹੈ ਨਹੀਂ, ਜਿਹਦੇ ਕਰਕੇ ਮੈਂ ਦੁਨੀਆਂ ਵਿੱਚ ਵੀ ਭਟਕਦਾ ਫਿਰਦਾ ਹਾਂ। ਉਹ ਕਹਿਣ ਲੱਗੇ, ਇੰਦਰ! ਤੇਰੇ ਲੋਕ ਵਿੱਚ ਉਹ ਚੀਜ਼ ਹੈ ਨਹੀਂ। ਵਾਹਿਗੁਰੂ ਨੇ ਪੈਦਾ ਨਹੀਂ ਕਰੀ। ਉਹ ਕੇਵਲ ਮਾਤ ਲੋਕ ਵਿੱਚ ਹੈ, ਹੋਰ ਕਿਸੇ ਲੋਕ ਵਿੱਚ ਨਹੀਂ ਹੈ। ਨਾ ਉਹ ਬ੍ਰਹਮ ਲੋਕ ਵਿੱਚ ਹੈ, ਨਾ ਇੰਦਰ ਲੋਕ ਵਿੱਚ ਹੈ, ਨਾ ਪਰਜਾਪਤ ਲੋਕ 'ਚ ਹੈ, ਨਾ ਕਰਮਦੇਵ ਲੋਕ 'ਚ ਹੈ, ਨਾ ਸਵਰਗ ਵਿੱਚ ਹੈ, ਨਾ ਉਹ ਪਿੱਤਰ ਲੋਕ 'ਚ ਹੈ, ਨਾ ਗੰਧਰਭ ਲੋਕ ਵਿੱਚ ਹੈ, ਨਾ ਦੇਵ ਗੰਧਰਭ ਲੋਕ ਵਿੱਚ ਹੈ। ਉਹ ਚੀਜ਼ ਹੈ ਨਹੀਂ, ਬੈਕੁੰਠ ਧਾਮ ਤੱਕ ਇਹ ਚੀਜ਼ ਨਹੀਂ ਹੈ। ਬੈਕੁੰਠ ਧਾਮ ਦੀ ਜਿੱਥੇ ਹੱਦ ਖਤਮ ਹੁੰਦੀ ਹੈ ਉਸ ਤੋਂ ਅੱਗੇ ਹੈਗੀ, ਜਾਹ ਜੇ ਤੂੰ ਤਸੱਲੀ ਕਰਨੀ ਹੈ ਤਾਂ ਤੂੰ ਭਾਰਤ ਵਰਸ਼ ਵਿੱਚ ਚਲਿਆ ਜਾਹ। ਇਹਨੂੰ ਕਰਮ ਭੂਮੀ ਕਹਿੰਦੇ ਸੀ ਉਸ ਵੇਲੇ, ਇੱਥੇ ਭਜਨ ਬੰਦਗੀ ਫਲਿਆ ਕਰਦੀ ਸੀ ਕੀਤੀ ਹੋਈ। ਇੱਥੇ ਵੇਦਾਂ ਦਾ ਉਚਾਰਨ ਹੋਇਆ, ਇੱਥੇ ਬੇਅੰਤ ਵੱਡੇ ਰਿਸ਼ੀ ਮੁਨੀ ਹੋਏ, ਜਿਨ੍ਹਾਂ ਨੇ ਸੰਸਾਰ ਨੂੰ ਰਾਹ ਦਿਖਾਇਆ, ਅੱਜ ਤੱਕ ਵੀ ਉਨ੍ਹਾਂ ਦੇ ਬਚਨ ਰਾਹ ਦਿਖਾ ਰਹੇ ਨੇ, ਕਿਉਂਕਿ ਇੱਥੇ ਮਲੇਛ ਦੀ ਕੋਈ ਬਾਤ ਨਹੀਂ ਸੀ। ਗਊਆਂ ਦੀ ਸੇਵਾ ਹੁੰਦੀ, ਗਊਆਂ ਐਨਾ ਦੁੱਧ ਦਿੰਦੀਆਂ ਸੀ ਕਿ ਮੰਨ ਲਓ ਦੁੱਧ ਦੀਆਂ ਨਦੀਆਂ ਚਲਦੀਆਂ ਸੀ। ਇੱਥੇ ਦੇ ਲੋਕ ਤੰਦਰੁਸਤ ਸੀ, ਇਨ੍ਹਾਂ ਦੇ ਸਰੀਰ ਹੀ ਪ੍ਰਮੇਸ਼ਰ ਨੇ ਐਸੇ ਬਣਾਏ ਸੀ ਕਿ ਨਾ ਇਨ੍ਹਾਂ ਨੂੰ ਗਰਮੀ ਲਗਦੀ ਸੀ, ਨਾ ਸਰਦੀ ਲਗਦੀ ਸੀ ਕਿਉਂਕਿ ਪੂਰੇ ਸੰਤੁਸ਼ਟ ਸੀਗੇ, ਰਿਸ਼ਟ-ਪੁਸ਼ਟ ਸੀਗੇ। ਭਜਨ ਬੰਦਗੀ ਇੱਥੇ ਫਲਦੀ ਸੀ, ਬੇਅੰਤ ਫਲ ਦਿੰਦੀ ਹੈ। ਅੱਡ-ਅੱਡ ਥਾਂ ਹੋਇਆ ਕਰਦੇ ਨੇ ਜਿੱਥੇ ਭਜਨ ਫਲਦਾ ਹੈ। ਐਸੇ ਵੀ ਥਾਂ ਹੁੰਦੇ ਨੇ ਜਿੱਥੇ ਭਜਨ ਕਰੀ ਜਾਓ ਫਲ ਹੀ ਨਹੀਂ ਲਗਦਾ।

ਕਈ ਪ੍ਰੇਮੀਆਂ ਦੇ ਮਨਾਂ 'ਚ ਇਹ ਖਿਆਲ ਹੁੰਦਾ ਹੈ ਕਿ ਇਹ ਵੀ ਕੋਈ ਗੱਲ ਹੈ? ਹੁਣ ਤਾਂ ਇਹ ਗੱਲ ਸਮਝਦੇ ਨੇ ਕਿ ਜਿਹੜਾ ਵਾਤਾਵਰਣ ਹੈ ਇਹ ਅਸਰ ਕਰਦਾ ਹੈ।

ਇੱਕ ਡਾਕਟਰ ਹੋਇਆ ਯੌਜ਼ਿਫ ਜਰਮਨ ਦੇ ਅੰਦਰ, ਮਿਹਨਤ ਕਰੀ ਉਸ ਨੇ ਉਹਨੂੰ ਪਤਾ ਲੱਗ ਗਿਆ, ਧਰਤੀ ਨੂੰ read ਕਰਨ ਲੱਗ ਗਿਆ ਕਿ ਇੱਥੇ ਕੀ ਹੋਇਆ ਹੈ, ਇੱਥੇ ਕੀ ਹੋਇਆ ਹੈ, ਤਜਰਬੇ ਸ਼ੁਰੂ ਕਰ ਦਿੱਤੇ ਉਸਨੇ। ਉਹ ਲੋਕ ਇਸ ਤਰ੍ਹਾਂ ਤਾਂ ਮੰਨਦੇ ਨਹੀਂ ਹਨ। ਉਹ ਜਰਮਨ ਦਾ ਸੀਗਾ ਤੇ ਤਜਰਬੇ ਕਰੇ। ਇੱਕ ਥਾਂ ਦੇ ਉਤੇ ਕਤਲ ਹੋਇਆ, ਹੋਇਆ ਸੀ। ਉਥੇ ਉਹਨੂੰ ਲੈ ਗਏ ਕਹਿੰਦੇ ਡਾਕਟਰ ਸਾਹਿਬ! ਇੱਥੇ ਦਾ ਵਾਤਾਵਰਣ ਦੱਸੋ ਕਿਹੋ ਜਿਹਾ ਹੈ? ਥੋੜ੍ਹੀ ਦੇਰ ਬੈਠਿਆ, ਸਮਾਧੀ 'ਚ ਹੋਇਆ ਤੇ ਇਹ ਤਾਂ ਬੁਰਾ ਥਾਂ ਹੈ, ਇੱਥੇ ਬੰਦਾ ਮਾਰਿਆ ਗਿਆ ਹੈ ਬੁਰੀ ਤਰ੍ਹਾਂ ਦੇ ਨਾਲ, ਇਹ ਜਗ੍ਹਾ ਬੜੀ ਅਪਵਿੱਤਰ ਹੈ। ਦੋ ਚਾਰ ਥਾਂ ਹੋਰ ਲੈ ਗਏ, ਕਿਸੇ ਦਾ ਕੱਪੜਾ ਦੇ ਦਿੱਤਾ ਉਹਨੂੰ ਕਿ ਆਹ ਕੱਪੜਾ ਹੈ, ਇਹਦਾ ਦੱਸੋ ਕਿ ਇਹ ਕਿਹੋ ਜਿਹਾ ਬੰਦਾ ਹੈ, ਸਾਰਾ ਦੱਸ ਦਿੱਤਾ। ਧਰਤੀ ਨੂੰ ਦੱਸ ਦਿੰਦੇ ਸੀ ਉਹ। ਧਰਤੀ ਦੇ ਵਿੱਚ ਇਹ ਖਾਸੀਅਤ ਹੈ ਕਿ ਜੇ ਭਜਨ ਕਰੋ, ਨਾਮ ਜਪੋ ਤਾਂ ਇੱਕ ਐਸੀ ਅਵਸਥਾ ਆਉਂਦੀ ਹੈ, ਇਹ ਧਰਤੀ ਦੇ ਵਿਚੋਂ ਇੱਕ ਜਿਹੜੀ ਚੇਤਨ ਸ਼ਕਤੀ ਹੈ, ਇਹਦਾ ਦੇਵਤਾ ਹੈ, ਉਹਦੇ ਨਾਲ

ਮੇਲ ਹੋਣਾ ਸ਼ੁਰੂ ਹੋ ਜਾਂਦਾ ਹੈ, ਉਹ ਖਿੱਚਦਾ ਹੈ ਕਿ ਇੱਥੇ ਬਹਿ ਜਾ, ਇੱਥੇ ਨਾਮ ਜਪ। ਆਹ ਥਾਂ ਪਵਿੱਤਰ ਹੈ ਤੂੰ ਇੱਥੇ ਬੈਠ ਕੇ ਨਾਮ ਜਪ।

ਸ਼ਿਵ ਜੀ ਮਹਾਰਾਜ ਪਾਰਬਤੀ ਨਾਲ ਤੁਰੇ ਜਾਂਦੇ-ਜਾਂਦੇ, ਇੱਕ ਉੱਚਾ ਜਿਹਾ ਥੇਹ ਆਇਆ ਮੱਥੇ ਟੇਕਣ ਲੱਗ ਗਏ। ਪਾਰਬਤੀ ਕਹਿਣ ਲੱਗੀ, ਮਹਾਰਾਜ! ਇੱਥੇ ਨਾ ਤਾਂ ਕੋਈ ਮੱਠ ਹੈ, ਨਾ ਕੋਈ ਹੋਰ ਚੀਜ਼ ਹੈ, ਤੁਸੀਂ ਨਮਸ਼ਕਾਰ ਕਿਸ ਚੀਜ਼ ਨੂੰ ਕਰ ਰਹੇ ਓਂ। ਕਹਿਣ ਲੱਗੇ, ਪਾਰਬਤੀ! ਹਜ਼ਾਰਾਂ ਸਾਲ ਹੋਏ ਇੱਥੇ ਇੱਕ ਪ੍ਰਮੇਸ਼ਰ ਦਾ ਪਿਆਰਾ ਆਪਣੇ ਮਾਲਕ ਦੀ ਯਾਦ ਵਿੱਚ, ਸਾਰਾ ਜੀਵਨ ਭਰ ਉਸਨੂੰ ਯਾਦ ਕਰਦਾ ਰਿਹਾ। ਕਣ-ਕਣ ਇਸ ਧਰਤੀ ਦਾ ਪਵਿੱਤਰ ਹੋਇਆ, ਹੋਇਆ ਹੈ।

***ਜਿਥੈ ਜਾਇ ਬਹੈ ਮੇਰਾ ਸਤਿਗੁਰੂ***
***ਸੋ ਥਾਨੁ ਸੁਹਾਵਾ ਰਾਮ ਰਾਜੇ ॥*** ***ਅੰਗ – ੪੫੦***

ਸੁਹਾਵਾ ਹੋ ਜਾਂਦਾ ਹੈ, ਸੁਹਾਵਾ ਹੀ ਨਹੀਂ ਸਗੋਂ ਉਸ ਥਾਂ ਨੂੰ ਸਾਹਿਬੀ ਮਿਲ ਜਾਂਦੀ ਹੈ। ਜਿੱਥੇ ਵੀ ਗਏ, ਰਾੜੇ ਗਏ ਤਾਂ ਰਾੜਾ ਸਾਹਿਬ ਬਣ ਗਿਆ। ਭੈਣੀ ਸਾਹਿਬ ਦੇ ਵਿੱਚ ਮਹਾਂਪੁਰਸ਼ ਹੋਏ ਬੰਦਗੀ ਕਰੀ, ਭੈਣੀ ਸਾਹਿਬ ਬਣ ਗਿਆ। ਸਾਹਿਬੀ ਮਿਲ ਜਾਂਦੀ ਹੈ ਜਿੱਥੇ ਭਜਨ ਹੋ ਜਾਂਦਾ ਹੈ, ਲੋਕ ਹੀ ਦਿੰਦੇ ਨੇ। ਲਿਖਿਆ ਨਹੀਂ ਹੁੰਦਾ ਕਿਤੇ ਰਿਕਾਰਡ ਨਹੀਂ ਹੁੰਦਾ ਕਿਤੇ, ਅਨੰਦਪੁਰ ਨੂੰ ਅਨੰਦਪੁਰ ਕੋਈ ਨਹੀਂ ਕਹਿੰਦਾ, ਅਨੰਦਪੁਰ ਸਾਹਿਬ ਕਹਿੰਦੇ ਨੇ। ਝਾੜ ਕੋਈ ਨਹੀਂ ਕਹਿੰਦਾ, ਝਾੜ ਸਾਹਿਬ ਕਹਿਣਗੇ। ਸਾਹਿਬੀ ਮਿਲ ਜਾਂਦੀ ਹੈ, ਜਿੱਥੇ ਬੰਦਗੀ ਕਰਨ ਵਾਲੇ ਦੇ ਚਰਨ ਟਿਕ ਜਾਣ, ਬੰਦਗੀ ਕਰਨ ਵਾਲਾ ਜਿੱਥੇ ਬੈਠ ਜਾਏ, ਉਹ ਥਾਂ ਪਵਿੱਤਰ ਹੋ ਜਾਇਆ ਕਰਦਾ।

***ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥***
***ਅੰਗ – ੩੧੯***

ਉਹ ਥਾਨ ਸੁਹਾਵਾ ਹੋ ਜਾਇਆ ਕਰਦਾ ਹੈ। ਇਸ ਤਰ੍ਹਾਂ ਇਸ ਥਾਂ ਨੂੰ ਵਸੀਖ ਹੁੰਦੀ ਹੈ ਕਿ ਉਥੇ ਭਜਨ ਹੁੰਦਾ ਹੈ। ਮਾੜਾ ਥਾਂ ਜਿਹੜਾ ਹੈ ਉਥੇ ਬਿਰਤੀ ਨਹੀਂ ਲੱਗਿਆ ਕਰਦੀ ਕਦੇ ਵੀ। ਪਤਾ ਲਗ ਜਾਂਦਾ ਹੈ ਬੰਦਗੀ ਕਰਨ ਵਾਲਿਆਂ ਨੂੰ ਕਿ ਇੱਥੇ ਤਾਂ ਆਹ ਗੱਲਾਂ ਹੋਈਆਂ-ਹੋਈਆਂ ਨੇ, ਇਹ ਨਹੀਂ ਥਾਂ ਪਵਿੱਤਰ, ਛੱਡ ਜਾਂਦੇ ਨੇ। ਪਹਿਲੇ ਜਿਹੜੇ ਸਾਡੇ ਬਜ਼ੁਰਗ ਹੁੰਦੇ ਸੀ ਉਹ ਦੇਖਦੇ ਸੀ ਜਿੱਥੇ ਹੀਰਾ ਹਰਨ ਨਹੀਂ ਸੀ ਹੁੰਦਾ ਤੇ ਮੋਰ ਨਹੀਂ ਸੀ ਬੋਲਦੇ। ਉਹ ਕਹਿੰਦੇ ਸੀ ਕਿ ਇਹ ਧਰਤੀ ਪਵਿੱਤਰ ਨਹੀਂ ਹੈ। ਜਿਸ ਵਕਤ ਸਰਵਣ ਆਪਣੇ ਮਾਂ-ਬਾਪ ਨੂੰ ਕੰਢੇ 'ਤੇ ਚੁੱਕੀਂ ਜਾ ਰਿਹਾ ਹੈ। ਇੱਕ ਤੀਰਥ ਭਾਰਤ ਵਰਸ਼ ਤੋਂ ਬਾਹਰ ਸੀਗਾ ਅਫਗਾਨਿਸਤਾਨ 'ਚ। ਉਥੇ ਨੂੰ ਜਾ ਰਿਹਾ ਹੈ। ਕਹਿੰਦੇ ਉਹ ਵੀ ਮੈਂ ਤੀਰਥ ਕਰ ਲਵਾਂ ਤੇ ਜਦੋਂ ਸਿੰਧ ਦਰਿਆ ਪਾਰ ਕਰਿਆ। ਥੋੜ੍ਹਾ ਅੱਗੇ ਗਿਆ। ਮਾਂ-ਬਾਪ ਦਾ ਕਿਹਾ ਘੱਟ ਮੰਨਣ ਲੱਗ ਗਿਆ, ਮਾਂ-ਬਾਪ ਨੇ ਦੇਖਿਆ ਕਿ ਇਹ ਕੀ ਗੱਲ ਹੋ ਗਈ ਇਹਦੇ ਮਨ 'ਚ। ਜੇ ਅਸੀਂ ਕਹਿੰਦੇ ਹਾਂ ਕਿ ਪੁੱਤਰ ਜਲ ਲਿਆ। ਕਹਿੰਦਾ ਮੈਂ ਤਾਂ ਥੱਕਿਆ ਹੋਇਆ ਹਾਂ, ਆਰਾਮ ਕਰਕੇ ਲਿਆ ਦੇਵਾਂਗਾ। ਜੇ ਕਹਿੰਦੇ ਹਾਂ ਕਿਤੇ ਇਸ਼ਨਾਨ ਕਰਾਂ। ਤਾਂ ਕਹਿੰਦਾ, ਕਰਾਉਂਦਾ ਦੇਵਾਂਗਾ, ਕਿਤੇ ਪਾਣੀ ਵਗੈਰਾ ਟੋਲਾਂਗਾ, ਤਾਂ ਹੀ ਕਰਾਵਾਂਗਾ। ਇਹ ਗੱਲ ਤਾਂ ਹੈ ਨਹੀਂ ਸੀ, ਇਹ ਰੁੱਖਾਪਨ ਕਿੱਥੋਂ ਆ ਗਿਆ। ਦੋਵੇਂ ਵਿਚਾਰੇ ਸੂਰਮੇ (ਅੰਨ੍ਹੇ) ਸੀ, ਦੋਵੇਂ ਬਿਰਧ ਸੀ, ਤੁਰ ਨਹੀਂ ਸੀ ਹੁੰਦਾ। ਧੰਨ ਸੀ ਇਹ ਪੁੱਤਰ ਜਿਹੜਾ ਵਹਿੰਗੀ 'ਤੇ ਚੁੱਕ ਕੇ ਅਠਾਹਠ ਤੀਰਥਾਂ ਦਾ ਇਸ਼ਨਾਨ ਕਰਾਉਣ ਲਈ ਲੈ ਕੇ ਗਿਆ ਮਾਂ-ਬਾਪ ਨੂੰ। ਉਸ ਵੇਲੇ ਪਿਤਾ ਨੇ ਪੁੱਛਿਆ, ਬੇਟਾ! ਕਿਸ ਦੇਸ਼ 'ਚ ਆ ਗਏ ਆਪਾਂ, ਇੱਕ ਗੱਲ ਦੱਸ ਇੱਥੇ ਕਿਤੇ ਹਰਨ ਦੇਖਿਆ ਹੈ ਤੂੰ? ਕਹਿੰਦਾ, ਇੱਥੇ ਤਾਂ ਬਿਲਕੁਲ ਹੀ ਹਰਨ ਨਹੀਂ ਹਨ, ਕਿਉਂਕਿ ਉਨ੍ਹਾਂ ਦਿਨਾਂ 'ਚ ਜੰਗਲ ਬਹੁਤ ਹੁੰਦੇ ਸੀ। ਪੰਛੀਆਂ ਦੇ ਨਾਉਂ ਲਏ ਕਿ ਆਹ ਪੰਛੀ ਦੇਖੇ ਨੇ? ਕਹਿੰਦਾ ਨਹੀਂ। ਕਹਿੰਦੇ, ਮੁੜ ਚੱਲ। ਵਾਪਸ ਲੈ ਚੱਲ। ਕਹਿੰਦਾ, ਕੀ ਗੱਲ ਪਿਤਾ ਜੀ! ਵਾਪਸ ਕਿਉਂ ਚੱਲੀਏ, ਐਡੀ ਦੂਰ ਆਏ ਹਾਂ। ਕਹਿੰਦਾ, ਬਿਲਕੁਲ ਵਾਪਸ ਲੈ ਚੱਲ। ਇਹ ਸਾਡਾ ਆਖਰੀ ਬਚਨ ਹੈ। ਇਹ ਤਾਂ ਤੂੰ ਮਲੇਛ ਧਰਤੀ ਵਿੱਚ ਵੜ ਗਿਆ, ਬੇਟਾ! ਤੇਰੀ ਬੁੱਧੀ ਨੂੰ ਮਲੇਛਤਾ ਦੇ ਅੰਸ ਕਬੂਲਣ ਲੱਗ ਗਈ। ਵਾਪਸ ਚੱਲ। ਵਾਪਸ ਪੰਜਾਬ ਵਿੱਚ ਆ ਗਿਆ। ਪਹਿਲਾਂ ਸੀਸ ਨਿਵਾ ਕੇ ਮਾਫੀਆਂ ਮੰਗੀਆਂ, ਪਿਤਾ ਜੀ! ਮੈਨੂੰ ਪਤਾ ਨਹੀਂ ਕੀ ਹੋ ਗਿਆ ਸੀ, ਮੈਂ ਤੁਹਾਡੀ ਨਿਰਾਦਰੀ ਕਰਦਾ ਰਿਹਾ। ਪਤਾ ਨਹੀਂ ਮੈਨੂੰ ਕੀ ਹੋ ਗਿਆ ਸੀ? ਕਹਿਣ ਲੱਗੇ, ਪੁੱਤਰ! ਕੁਛ ਨਹੀਂ ਹੋਇਆ, ਮਲੇਛ ਦੇਸ਼ ਵਿੱਚ ਤੇਰਾ ਵਾਸਾ ਹੋ ਗਿਆ ਸੀ, ਆਪਾਂ ਉਥੇ ਚਲੇ ਗਏ ਸੀ।

ਇਸ ਕਰਕੇ ਭਾਰਤ ਨੂੰ ਐਡੀ ਵਡਿਆਈ ਸੀ, ਇਹਨੂੰ ਪੁੰਨ ਭੂਮੀ ਕਿਹਾ ਜਾਂਦਾ ਸੀ, ਕਰਮ ਭੂਮੀ ਕਹਿੰਦੇ ਸੀ। ਸੋ ਇਹ ਨਾਮ ਜਪਦੇ ਸੀਗੇ। ਇੰਦਰ ਨੂੰ ਉਹਦਾ ਗੁਰੂ ਕਹਿਣ ਲੱਗਿਆ ਕਿ ਤੂੰ ਭਾਰਤ ਭੂਮੀ ਵਿੱਚ ਜਾਹ, ਉਥੇ ਤੂੰ ਜਾ ਕੇ ਮਹਾਤਮਾ ਟੋਲ੍ਹ। ਤੈਨੂੰ ਮਹਾਤਮਾ ਮਿਲਣਗੇ ਉਥੇ ਚਲਿਆ ਜਾਹ। ਉਥੇ ਆ ਜਾਂਦਾ ਹੈ ਤੇ ਉਥੇ ਉਹਨੂੰ ਚਾਰ ਸਾਧੂ ਮਿਲੇ। ਸਮਾਧੀ ਸਥਿਤ ਨੇ। ਚਾਰ ਫਲ ਲਿਆਇਆ, ਵੱਡੇ ਮਹਾਂਪੁਰਸ਼ਾਂ ਨੇ ਨੇਤਰ ਖੋਲ੍ਹੇ ਤੇ ਉਹਨੇ ਫਲ ਰੱਖ ਦਿੱਤੇ। ਉਨ੍ਹਾਂ ਨੇ ਫਲ ਦੇਖ ਤਾਂ ਲਏ ਪਰ ਫੇਰ ਨੇਤਰ ਬੰਦ ਕਰ ਲਏ। ਸਮਾਧੀ ਵਿੱਚ ਫੇਰ ਲੀਨ ਹੋ ਗਏ। ਉਸਨੇ ਕਿਹਾ ਕਿ ਫੁਰਨਾ ਪੈਦਾ ਕਰਾਂ ਇਨ੍ਹਾਂ ਦੇ ਮਨ ਵਿੱਚ। ਫੁਰਨਾ ਪੈਦਾ ਕਰਿਆ, ਇੱਕ ਫਲ ਚੁੱਕ ਲਿਆ। ਜਦੋਂ ਸਾਰੇ ਸਮਾਧੀ ਤੋਂ ਉਥਾਨ ਹੋ ਗਏ, ਉਸ ਵੇਲੇ ਵੱਡੇ ਮਹਾਤਮਾ ਨੇ ਕਿਹਾ ਕਿ ਕੋਈ ਪ੍ਰੇਮੀ ਆਇਆ ਸੀ। ਅਸੀਂ ਦੇਖਿਆ ਹੈ ਉਸਨੂੰ ਚਾਰ ਫਲ ਲਿਆਇਆ ਸੀ ਤੇ ਹੁਣ ਤਿੰਨ ਨੇ ਇੱਕ ਕੌਣ ਲੈ ਗਿਆ? ਪਹਿਲਾ ਮਹਾਤਮਾ ਕਹਿਣ ਲੱਗਿਆ ਕਿ ਮੈਂ ਤਾਂ ਨਹੀਂ ਚੁੱਕਿਆ, ਪਰ ਮੈਂ ਇਹ ਸ਼ਪਤ ਲੈਂਦਾ ਹਾਂ ਕਿ ਮੈਨੂੰ ਆਤਮ ਰਸ ਭੁੱਲ ਜਾਵੇ, ਮੇਰਾ ਸਰੀਰ ਭਾਰਾ ਹੋ ਜਾਵੇ। ਕਿਉਂਕਿ ਭਾਰਾ ਹੋ ਜਾਣਾ, ਸਰੀਰ ਦਾ ਬਿਮਾਰ ਹੋਣਾ ਹੋਇਆ ਕਰਦਾ ਹੈ। ਬੇਅੰਤ ਬਿਮਾਰੀਆਂ ਬਿਨ ਬੁਲਾਈਆਂ, ਭਾਰੇ ਸਰੀਰ 'ਚ ਆਪਣੇ ਆਪ ਆ ਜਾਇਆ ਕਰਦੀਆਂ ਨੇ। ਦੂਸਰਾ ਮਹਾਤਮਾ ਕਹਿਣ ਲੱਗਿਆ ਕਿ ਮਹਾਰਾਜ! ਜੇ ਮੈਂ ਫਲ ਚੁੱਕਿਆ ਹੋਵੇ ਤਾਂ ਮੈਨੂੰ ਆਤਮ ਰਸ ਭੁੱਲ ਜਾਵੇ ਤੇ ਮੈਂ ਸੰਸਾਰ ਦਾ ਚੱਕਰਵਰਤੀ ਬਾਦਸ਼ਾਹ ਬਣ ਕੇ ਦੁੱਖ ਭੋਗਾਂ। ਕਿਉਂਕਿ ਬਾਦਸ਼ਾਹ ਦਾ ਮਨ ਸ਼ਾਂਤ ਨਹੀਂ ਹੋਇਆ ਕਰਦਾ। ਤੀਸਰਾ ਕਹਿਣ ਲੱਗਿਆ, ਮਹਾਰਾਜ! ਜੇ ਮੈਂ ਚੁੱਕਿਆ ਹੋਵੇ ਤਾਂ ਮੈਨੂੰ ਆਤਮ ਰਸ ਭੁੱਲ ਜਾਵੇ ਤੇ ਇੰਦਰ ਦੀ ਮਹਾਂਨੀਚ ਪਦਵੀ ਮੈਨੂੰ ਪ੍ਰਾਪਤ ਹੋ ਜਾਵੇ। ਇੰਦਰ ਸੁਣ ਰਿਹਾ ਹੁੰਦਾ ਹੈ। ਚੌਥਾ ਮਹਾਤਮਾ ਕਹਿਣ ਲੱਗਿਆ ਕਿ ਜੇ ਮੈਂ ਗਲਤ ਬੋਲਦਾ

ਹੋਵਾਂ ਤਾਂ ਮੈਨੂੰ ਆਤਮ ਰਸ ਭੁੱਲ ਜਾਵੇ ਤੇ ਕਾਸ਼ੀ ਦੇ ਸਭ ਤੋਂ ਵੱਡੇ ਮੰਦਰ ਦਾ ਪੁਜਾਰੀ ਬਣ ਜਾਵਾਂ। ਪੁਜਾਰੀ ਬਣਨ ਨਾਲ ਕੀ ਹੁੰਦਾ ਹੈ, ਪੂਜਾ ਦਾ ਧਾਨ ਉਹਦੇ ਅੰਦਰ ਜਾਂਦਾ ਹੈ, ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ।

ਮਹਾਤਮਾ ਨੇ ਕਿਹਾ ਕਿ ਜਿਸਨੇ ਚੁੱਕਿਆ ਹੈ ਉਹ ਸਾਮ੍ਹਣੇ ਆਵੇ। ਇੰਦਰ ਸਾਮ੍ਹਣੇ ਆਉਂਦਾ ਹੈ ਤੇ ਫਲ ਮੱਥਾ ਟੇਕ ਦਿੰਦਾ ਹੈ ਕਿ ਮਹਾਰਾਜ! ਤੁਸੀਂ ਸਮਾਧੀ ਸਥਿਤ ਸੀ, ਮੈਂ ਫੁਰਨਾ ਪੈਦਾ ਕਰਨ ਵਾਸਤੇ ਫਲ ਚੁੱਕਿਆ, ਮੈਂ ਇੰਦਰ ਹਾਂ। ਜਿਸਨੂੰ ਤੁਹਾਡੇ ਸਾਧੂ ਨੇ ਮਹਾਂਨੀਚ ਪਦਵੀ ਦਾ ਮਾਲਕ ਕਿਹਾ ਹੈ। ਕਹਿੰਦੇ, ਕੀ ਕਰਨ ਆਇਆ ਹੈਂ? ਕਹਿਣ ਲੱਗਿਆ, ਮਹਾਰਾਜ! ਮੇਰੇ ਕੋਲ ਸਭ ਕੁਛ ਹੈ, ਦੁਨੀਆਂ 'ਚ ਕਿਸੇ ਕੋਲ ਨਹੀਂ। ਤੁਹਾਡੇ ਰਾਜੇ ਨਾਲੋਂ ਮੇਰੇ ਕੋਲ ਦਸ ਅਰਬ ਗੁਣਾਂ ਜ਼ਿਆਦਾ ਸੁੱਖ ਹੈ। ਪਰ ਮੇਰਾ ਮਨ ਅਸ਼ਾਂਤ ਰਹਿੰਦਾ ਹੈ, ਸ਼ਾਂਤੀ 'ਚ ਨਹੀਂ ਆਉਂਦਾ ਹੈ। ਪਦਾਰਥ ਬੇਅੰਤ ਨੇ, ਭੋਗਾਂ ਦੇ ਨਾਲ ਮੇਰਾ ਮਨ ਸ਼ਾਂਤੀ ਵਿੱਚ ਨਹੀਂ ਆਉਂਦਾ। ਕ੍ਰਿਪਾ ਕਰੋ ਮੈਨੂੰ ਦੱਸੋ ਕਿਹੜੀ ਚੀਜ਼ ਹੈ ਜਿਹੜੀ ਮੇਰੇ ਕੋਲ ਨਹੀਂ ਹੈ। ਜਿਹਦੇ ਕਰਕੇ ਮੇਰਾ ਮਨ ਸ਼ਾਂਤ ਨਹੀਂ ਹੁੰਦਾ। ਉਸ ਵੇਲੇ ਐਸਾ ਫੁਰਮਾਨ ਕਰਦੇ ਨੇ ਮਹਾਂਪੁਰਖ -

***ਧਾਰਨਾ - ਕਿਤ ਬਿਧ ਮਨ ਧੀਰੇ ਜੀ,***
***ਬਿਨ ਹਰਿ ਨਾਮ ਨਾ ਸ਼ਾਂਤ ਹੋਵੇ।***

***ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ ॥***
***ਗ੍ਰਿਹ ਸੋਇਨ ਚੰਦਨ ਸੁਗੰਧ ਲਾਇ ਮੋਤੀ ਹੀਰੇ ॥***
***ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ ॥***
***ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ ॥***
***ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥***
***ਅੰਗ - ੭੦੭***

ਕਹਿਣ ਲੱਗੇ, ਇੰਦਰ! ਜਿਸ ਚੀਜ਼ ਦੀ ਤੈਨੂੰ ਤਲਾਸ਼ ਹੈ ਉਹ ਹੈ ਨਾਮ। ਨਾਮ ਤੇਰੇ ਲੋਕ ਵਿੱਚ ਨਹੀਂ ਹੈ, ਤੇਰਾ ਲੋਕ ਭੋਗਾਂ ਦਾ ਲੋਕ ਹੈ। ਇੱਥੇ ਬੀਜਿਆ ਜਾਂਦਾ ਹੈ, ਉਥੇ ਜਾ ਕੇ ਵੱਢਿਆ ਜਾਂਦਾ ਹੈ। ਉਸ ਤੋਂ ਬਾਅਦ ਉਹਨੂੰ ਫੇਰ ਉਥੇ ਸੁੱਟ ਦਿੱਤਾ ਜਾਂਦਾ ਹੈ। ਇਸ ਕਰਕੇ ਕੇਵਲ ਇਹ ਧਰਤੀ ਹੈ ਤੇ ਮਨੁੱਖ ਦੀ ਦੇਹ ਜਿਹਦੇ ਵਿੱਚ 'ਨਾਮ' ਦੀ ਖੇਤੀ ਬੀਜੀ ਜਾ ਸਕਦੀ ਹੈ। ਹੋਰ ਨਹੀਂ ਕੋਈ ਤੇ ਜਿਸਦੇ ਹਿਰਦੇ ਦੇ ਵਿੱਚ ਨਾਮ ਦਾ ਪ੍ਰਕਾਸ਼ ਆ ਗਿਆ, ਨਾਮ ਦੀ ਰੌ ਚੱਲ ਪਈ, ਨਾਮ ਦੀ ਕਰੰਟ ਚੱਲ ਪਈ। ਉਹਦੇ ਕੋਲ ਚਾਹੇ ਕੋਈ ਵੀ ਚੀਜ਼ ਨਹੀਂ ਦੁਨੀਆਂ ਦੀ। ਪਰ ਉਹਦਾ ਦਰਜਾ ਕਿੱਡਾ ਹੈ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫***

ਕਈ ਪ੍ਰੇਮੀ, ਆਹ ਛੋਟੇ-ਛੋਟੇ ਜਿਹੇ ਰਸਾਲੇ ਤੁਰੇ ਫਿਰਦੇ ਨੇ, ਮੈਗਜ਼ੀਨ, ਕਹਿੰਦੇ ਜੀ, ਜਿਹੜੇ ਸੰਤ ਨੇ ਇਨ੍ਹਾਂ ਨੂੰ ਮਹਾਰਾਜ ਕਿਉਂ ਕਹਿੰਦੇ ਨੇ? ਆਮ ਲਿਖਿਆ ਹੋਇਆ ਹੈ। ਕਿਉਂਕਿ ਪਹਿਲਾਂ ਤਾਂ ਸੰਤ ਦੀ ਕੀਮਤ ਨਹੀਂ ਸਮਝਦੇ। ਮੈਂ ਤਾਂ 'ਆਤਮ ਮਾਰਗ' ਵਿੱਚ 'ਸੰਤ ਰਹਤੁ ਸੁਨਹੁ ਮੇਰੇ ਭਾਈ' ਲੇਖ ਵਿੱਚ ਸਭ ਕੁਛ ਲਿਖ ਦਿੱਤਾ ਕਿ ਸੰਤ ਕੌਣ ਹੁੰਦਾ ਹੈ, ਐਵੇਂ ਨਾ ਹਰੇਕ ਨੂੰ ਸੰਤ ਕਿਹਾ ਕਰੋ। ਸਭ ਤੋਂ ਪਹਿਲਾਂ ਮੈਂ ਕਿਹਾ ਕਿ ਮੈਨੂੰ ਨਾ ਕਹੋ। ਮੈਨੂੰ ਹਟਦੇ ਹੀ ਨਹੀਂ ਕਹਿਣ ਤੋਂ, ਮੈਂ ਕਿਹਾ ਲਿਖਿਆ ਨਾ ਕਰੋ, ਲਿਖਣ ਵਾਲੇ ਹੀ ਨਹੀਂ ਹਟਦੇ। ਜੇ ਨਾ ਹੀ ਹੱਟਣ ਫੇਰ ਅੱਲ ਹੀ ਹੁੰਦੀ ਹੈ ਨਾਉਂ ਪੈ ਜਾਂਦਾ ਹੈ। ਸੰਤ ਬਹੁਤ ਉੱਚੀ ਚੀਜ਼ ਹੈ ਛੋਟੀ ਚੀਜ਼ ਨਹੀਂ ਹੈ। ਉਹਦਾ ਤੇ ਪ੍ਰਮੇਸ਼ਰ ਦਾ ਫਰਕ ਨਹੀਂ ਹੋਇਆ ਕਰਦਾ। ਐਡਾ ਵੱਡਾ ਦਰਜਾ ਹੈ ਉਹਦਾ। ਫੇਰ ਅਸੀਂ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਾਂ। ਗੁਰੂ ਗ੍ਰੰਥ ਸਾਹਿਬ ਮਹਾਰਾਜ ਕਹਿੰਦੇ ਨੇ ਪਿਆਰਿਓ! ਜਿਹਨੂੰ ਸਿਫਤ ਸਲਾਹ ਬਖਸ਼ ਦਿੱਤੀ, ਨਿਰੰਕਾਰ ਨੇ, ਉਹ ਇਕੱਲਾ ਪਾਤਸ਼ਾਹ ਹੀ ਨਹੀਂ, ਮਹਾਰਾਜ ਹੀ ਨਹੀਂ, ਮਹਾਰਾਜਿਆਂ ਦਾ ਵੀ ਮਹਾਰਾਜ ਹੈ।

ਜਹਾਂਗੀਰ ਨਰਾਜ਼ ਹੋ ਗਿਆ ਗੁਰੂ ਸਾਹਿਬ ਨਾਲ ਕਿ ਮੈਂ ਵੀ ਮਹਾਰਾਜਾ ਹਾਂ। ਮੈਨੂੰ ਕਿੰਨੇ ਖਿਤਾਬ ਲੱਗਦੇ ਨੇ, ਕਿੱਡਾ ਵੱਡਾ ਮੇਰਾ ਰਾਜ ਹੈ ਤੇ ਮੈਨੂੰ ਸਾਰੇ ਪਾਤਸ਼ਾਹ ਕਹਿੰਦੇ ਨੇ ਤੇ ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ। ਮਹਾਰਾਜ ਕਹਿੰਦੇ, ਅਸੀਂ ਤਾਂ ਨਹੀਂ ਕਿਸੇ ਨੂੰ ਕਹਿੰਦੇ ਕਿ ਸਾਨੂੰ ਸੱਚੇ ਪਾਤਸ਼ਾਹ ਕਹੋ। ਇਹ ਹੁਣ ਲੋਕਾਂ ਦੀ ਮਰਜ਼ੀ ਹੈ ਉਹ ਦੇਖਦੇ ਹੋਣੇ ਨੇ ਕੁਛ ਤਾਂ ਕਹਿੰਦੇ ਨੇ ਸੱਚੇ ਪਾਤਸ਼ਾਹ। ਕਹਿਣ ਲੱਗਿਆ, ਇਹ ਗੱਲ ਜਾਇਜ਼ ਨਹੀਂ ਹੈ ਹਟਾਉਣਾ ਚਾਹੀਦਾ ਹੈ। ਕਿਉਂਕਿ ਜਦ ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ, ਤਾਂ ਮੈਂ ਝੂਠਾ ਪਾਤਸ਼ਾਹ ਬਣ ਜਾਂਦਾ। ਉਹ ਕਹਿੰਦੇ ਐਸੀ ਬਾਤ ਨਹੀਂ ਹੈ, ਚੰਗਾ ਤੈਨੂੰ ਸਮਝਾਵਾਂਗੇ।

ਇੱਕ ਦਿਨ ਤੰਬੂ ਲੱਗੇ ਹੋਏ ਨੇ, ਜੰਗਲ 'ਚ ਠਹਿਰੇ ਹੋਏ ਨੇ। ਇੱਕ ਘਾਹੀ ਨੂੰ ਪਤਾ ਲੱਗਿਆ ਕਿ ਗੁਰੂ ਮਹਾਰਾਜ ਆਏ ਹੋਏ ਨੇ ਇੱਥੇ। ਉਹਨੇ ਬਹੁਤ ਵਧੀਆ-ਵਧੀਆ ਘਾਹ ਖੋਤਿਆ ਕਿ ਮਹਾਰਾਜ ਜੀ ਦੇ ਘੋੜੇ ਨੇ ਖਾਣਾ ਹੈ। ਕੋਈ ਮਿੱਟੀ ਨਾ ਹੋਵੇ, ਕੋਈ ਹੋਰ ਗੱਲ ਨਾ ਹੋਵੇ। ਕੂਲਾ ਘਾਹ ਖੋਤ ਕੇ ਪੰਡ ਬੰਨ੍ਹੀ ਤੇ ਫੇਰ ਪੰਜ ਪੈਸੇ ਗੰਢ ਬੰਨ੍ਹੀ। ਕੱਪੜੇ ਫਟੇ ਹੋਏ ਨੇ, ਇਸ ਕਰਕੇ ਗੰਢਾਂ ਬੰਨ੍ਹੀਆਂ ਕਿ ਜੇਬ ਵਿਚੋਂ ਨਾ ਤਿਲਕ ਜਾਣ ਤੇ ਮੈਂ ਸੱਚੇ ਪਾਤਸ਼ਾਹ ਦੀ ਭੇਟਾ ਕਰ ਦੇਵਾਂ। ਜਹਾਂਗੀਰ ਦਾ ਕੈਂਪ ਅੱਗੇ ਲੱਗਿਆ ਹੋਇਆ ਸੀ। ਪਹਿਲਾਂ ਆ ਗਿਆ ਉਹਦੇ ਰਸਤੇ 'ਤੇ, ਸਿਪਾਹੀ ਖੜ੍ਹੇ ਨੇ, ਪਹਿਰੇਦਾਰ ਖੜ੍ਹੇ ਹੋਏ ਨੇ, ਗੁਰੂ ਮਹਾਰਾਜ ਦੇ ਦਰਸ਼ਨ ਨਹੀਂ ਸੀ ਕੀਤੇ ਹੋਏ। ਕਹਿਣ ਲੱਗਿਆ, ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਸਿਪਾਹੀ ਕਹਿਣ ਲੱਗੇ, ਸੱਚਾ ਪਾਤਸ਼ਾਹ ਕਹਿੰਦਾ ਹੈ ਇਹ। ਜਹਾਂਗੀਰ ਨੇ ਸੁਣ ਲਿਆ, ਕਹਿੰਦਾ ਆ ਜਾਣ ਦਿਓ, ਆ ਜਾਣ ਦਿਓ। ਬਾਹਰ ਆ ਗਿਆ ਜਹਾਂਗੀਰ ਕਿ ਕੋਈ ਆ ਗਿਆ ਮੈਨੂੰ ਵੀ ਸੱਚਾ ਪਾਤਸ਼ਾਹ ਕਹਿਣ ਵਾਲਾ। ਜਾ ਕੇ ਪੰਡ ਰੱਖ ਦਿਤੀ ਕਿ ਸੱਚੇ ਪਾਤਸ਼ਾਹ! ਤੇਰੇ ਘੋੜਿਆਂ ਵਾਸਤੇ ਹੈ। ਜੇਬ 'ਚੋਂ ਲੀਰ ਕੱਢੀ, ਗੰਢਾਂ ਖੋਲ੍ਹੀ ਗਿਆ, ਖੋਲ੍ਹੀ ਗਿਆ ਤੇ ਪੰਜ ਪੈਸੇ ਚਰਨਾਂ 'ਚ ਰੱਖ ਕੇ ਮੱਥਾ ਟੇਕਿਆ, ਜਹਾਂਗੀਰ ਦੇਖਦਾ ਹੈ ਕਿ ਕੀ ਕਹੇਗਾ ਇਹ। ਅੰਦਰੋਂ ਪਤਾ ਹੈ ਕਿ ਭੁਲੇਖਾ ਖਾ ਗਿਆ ਸਿੱਖ। ਸਿੱਖ ਹੈਗਾ ਇਹ ਗੁਰੂ ਦਾ ਗਲਤੀ ਨਾਲ ਮੇਰੇ ਕੈਂਪ 'ਚ ਆ ਗਿਆ। ਕਹਿਣ ਲੱਗੇ, ਘਾਹੀ! ਦੱਸ ਤੂੰ ਕੀ ਚਾਹੁੰਦਾ ਹੈਂ, ਜਿਹੜੀ ਚੀਜ਼ ਚਾਹੁੰਦਾ ਹੈਂ ਉਹ ਮੈਂ ਤੈਨੂੰ ਹੁਣੇ ਦੇ ਦੇਵਾਂਗਾ। ਜੇ ਤੂੰ ਗਵਰਨਰ ਬਣਨਾ ਹੈ ਗਵਰਨਰ ਬਣਾ ਦੇਵਾਂਗਾ, ਕੋਠੀਆਂ ਦੇ ਦੇਵਾਂਗਾ, ਪੰਜ-ਦਸ ਪਿੰਡ ਦੇ ਦੇਵਾਂਗਾ। ਦੱਸ ਤੂੰ ਕੀ ਚਾਹੁੰਦਾ ਹੈਂ? ਉਸ ਵੇਲੇ ਘਾਹੀ ਕਹਿਣ ਲੱਗਿਆ ਕਿ ਜੇ ਤੂੰ ਦਿਆਲੂ ਹੈਂ ਸੱਚੇ

ਪਾਤਸ਼ਾਹ ਤਾਂ ਮੈਨੂੰ ਇਹ ਦੇ ਦੇ -

***ਧਾਰਨਾ - ਜੀ ਮੈਂ ਬਹੁੜ ਜਨਮ ਨਾ ਆਵਾਂ,***
***ਇਹੋ ਮੇਰੀ ਬੇਨਤੀ ਗੁਰਾਂ।***

ਪਾਤਸ਼ਾਹ! ਜੇ ਤੂੰ ਤੁਠਾ ਹੈਂ, ਦਇਆਲ ਹੋਇਆ ਹੈਂ, ਮੈਨੂੰ ਜਮਾਂ ਦੀ ਮਾਰ ਤੋਂ ਬਚਾ ਦੇ। ਪਾਤਸ਼ਾਹ! ਮੈਂ ਦੋਜਕ ਦੀ ਅੱਗ ਵਿੱਚ ਨਾ ਸੜਾਂ ਜਾ ਕੇ ਤੇ ਮੇਰਾ ਜਨਮ ਮਰਨ ਕੱਟ ਦੇ। ਹੈਰਾਨ ਹੋ ਗਿਆ ਜਹਾਂਗੀਰ ਕਿ ਇਹੋ ਜਿਹੀ ਮੰਗ। ਦੋਜਕ ਤਾਂ ਮੈਨੂੰ ਸਾਮ੍ਹਣੇ ਖੜ੍ਹਾ ਦੀਂਹਦਾ ਹੈ, ਕਿਉਂਕਿ ਮੈਂ ਬਹੁਤ ਗਲਤੀਆਂ ਕੀਤੀਆਂ ਨੇ, ਜਦੋਂ ਲੇਖਾ ਮੇਰੇ ਤੋਂ ਲੈਣਾ ਹੈ ਮੈਨੂੰ ਵੀ ਦੋਜਕਾਂ 'ਚ ਸੁੱਟਿਆ ਜਾਣਾ ਹੈ।

***ਫਰੀਦਾ ਮਉਤੈ ਦਾ ਬੰਨਾ ਏਵੈ ਦਿਸੈ***
***ਜਿਉ ਦਰੀਆਵੈ ਢਾਹਾ ॥***
***ਅਗੈ ਦੋਜਕੁ ਤਪਿਆ ਸੁਣੀਐ ਹੂਲ ਪਵੈ ਕਾਹਾਹਾ ॥***

***ਅੰਗ - ੧੩੮੩***

ਮੈਨੂੰ ਪੁਰਸਲਾਦ ਦੀ ਨਦੀ ਦੇ ਪੁੱਲ ਤੋਂ ਲੰਘਣਾ ਪੈਣਾ ਹੈ, ਮੈਂ ਕੱਟ-ਕੱਟ ਗਿਰਨਾ ਹੈ, ਇਹ ਤਾਂ ਜੰਮਣ ਮਰਨ ਨੂੰ ਕਹਿੰਦਾ ਹੈ ਕਿ ਕੱਟ ਦੇ। ਕਹਿੰਦਾ ਵੀ ਕਿੰਨੇ ਨਾਲ, ਪੰਜ ਪੈਸੇ ਦੇ ਕੇ ਨਾਲੇ ਘਾਹ ਦੀ ਪੰਡ ਦੇ ਕੇ। ਕਹਿਣ ਲੱਗਿਆ, ਘਾਹੀ! ਦੇਖ ਬਈ ਤੇਰੇ ਨਾਲ ਗੱਲ ਕਰਨੀ ਹੈ, ਮੈਂ ਤੈਨੂੰ ਪੰਜ ਪਿੰਡ ਦੇ ਦਿੰਦਾ ਹਾਂ, ਆਰਾਮ ਨਾਲ ਆਮਦਨ ਲਈਂ ਉਹਦੀ ਤੇ ਤੇਰਾ ਗੁਜ਼ਾਰਾ ਬਹੁਤ ਵਧੀਆਂ ਹੋ ਜਾਏਗਾ। ਜੇ ਤੈਨੂੰ ਇਹ ਨਹੀਂ ਮਨਜ਼ੂਰ ਤੈਨੂੰ ਪਰਗਣੇ ਦਾ ਹਾਕਮ ਬਣਾ ਦਿੰਦਾ ਹਾਂ। ਕਹਿੰਦਾ, ਨਹੀਂ ਸੱਚੇ ਪਾਤਸ਼ਾਹ। ਕਹਿੰਦਾ, ਮੈਂ ਤੈਨੂੰ ਨਵਾਬ ਬਣਾ ਦਿੰਦਾ ਹਾਂ ਤੇ ਨਾਲ ਖੂਬਸੂਰਤ ਔਰਤਾਂ ਦੇ ਨਾਲ ਤੇਰੀ ਸ਼ਾਦੀ ਹੋ ਜਾਏਗੀ, ਮਹਿਲ ਬਣੇ, ਕੋਠੀਆਂ ਸਭ ਕੁਛ ਦੇ ਦੇਵਾਂਗਾ। ਕਹਿੰਦਾ ਨਹੀਂ ਸੱਚੇ ਪਾਤਸ਼ਾਹ। ਕਹਿੰਦਾ, ਤੂੰ ਸੁਖੀ ਹੋ ਜਾਏਂਗਾ। ਘਾਹੀ ਨੇ ਕਿਹਾ ਕਿ ਫੇਰ ਵੀ ਸੱਚੇ ਪਾਤਸ਼ਾਹ ਇਹ ਸਭ ਕੁਛ ਛੱਡ ਕੇ ਜਾਣਾ ਹੀ ਹੈ। ਤਿੰਨ ਚੀਜ਼ਾਂ ਦੀ ਲੋੜ ਹੈ ਕੁੱਲੀ, ਜੁੱਲੀ, ਗੁੱਲੀ; ਮਿਹਨਤ ਕਰਦਾ ਹਾਂ, ਰੋਟੀ ਖਾਣ ਜੋਗਾ ਆ ਜਾਂਦਾ ਹੈ ਮੈਂ ਸੰਤੁਸ਼ਟ ਹਾਂ। ਮੈਂ ਛਪਰੀ 'ਚ ਦਿਨ ਕੱਟ ਲੈਂਦਾ ਹਾਂ, ਦੂਜੇ ਪੱਕਿਆ 'ਚ ਕੱਟ ਲੈਂਦੇ ਨੇ। ਛਪਰੀ ਮੈਨੂੰ ਸੋਹਣੀ ਲਗਦੀ ਹੈ, ਮੈਂ ਸ਼ੁਕਰ ਕਰਦਾ ਹਾਂ ਪ੍ਰਮੇਸ਼ਰ ਦਾ ਕਿ ਯਾਦ ਕਰਦਾ ਹਾਂ ਉਸਨੂੰ। ਖਾਣ ਵਾਸਤੇ ਮੈਨੂੰ ਮਿਲ ਜਾਂਦਾ ਹੈ, ਕੱਪੜੇ ਚਲੋ ਪਾਟੇ ਹੋਏ ਨੇ ਤਾਂ ਵੀ ਕੀ ਹੈ, ਸਿਊਂ ਲਵਾਂਗੇ। ਵਕਤ ਲੰਘ ਜਾਏਗਾ। ਪਾਤਸ਼ਾਹ! ਜੇ ਤਰੁੱਠਾ ਹੈਂ ਤਾਂ ਇਹ ਕਰ।

ਜਹਾਂਗੀਰ ਨੂੰ ਕਹਿਣਾ ਪਿਆ ਕਿ ਜਿਹਨੂੰ ਤੂੰ ਮਿਲਣਾ ਹੈ ਉਹ ਦੂਸਰੇ ਕੈਂਪ ਵਿੱਚ ਹੈ। ਘਾਹੀ ਨੇ ਕਿਹਾ ਕਿ ਮੈਂ ਗਲਤ ਥਾਂ ਆ ਗਿਆ? ਕਹਿੰਦਾ ਹਾਂ। ਮੈਂ ਤਾਂ ਦੁਨੀਆਂ ਦਾ ਬਾਦਸ਼ਾਹ ਹਾਂ। ਦੀਨ ਤੇ ਦੁਨੀਆਂ ਦਾ ਪਾਤਸ਼ਾਹ ਅੱਗੇ ਹੈ, ਦਰਗਾਹਾਂ ਦਾ ਮਾਲਕ। ਇੱਥੇ ਦਾ ਹੀ ਮਾਲਕ ਨਹੀਂ, ਉਹ ਤਾਂ ਦੋ ਜਹਾਨਾਂ ਦਾ ਮਾਲਕ ਹੈ, ਬਾਦਸ਼ਾਹਾਂ ਨੂੰ ਫਕੀਰ ਬਣਾ ਦੇਵੇ, ਫਕੀਰਾਂ ਨੂੰ ਗੱਦੀਆਂ 'ਤੇ ਬਿਠਾ ਦੇਵੇ, ਉਹਦੇ ਹੱਥ ਵਿੱਚ। ਭਰ੍ਹਾ ਚੁੱਕ ਲਿਆ ਤੇ ਪੰਜ ਪੈਸੇ ਵੀ ਚੁੱਕ ਲਏ। ਰੋਂਦਾ ਜਾਂਦਾ ਹੈ ਉੱਚੀ-ਉੱਚੀ, ਪਛਤਾਵਾ ਹੋ ਗਿਆ, ਮਹਾਰਾਜ ਜੀ ਨੇ ਸੁਣਿਆ ਕਿ ਕੋਈ ਸਿੱਖ ਰੋ ਰਿਹਾ ਹੈ। ਆਪ ਬਾਹਰ ਆ ਗਏ ਤੰਬੂ ਤੋਂ, ਸਿੱਖ ਨੇ ਦਰਸ਼ਨ ਕਰੇ ਜਾ ਕੇ ਭਰ੍ਹਾ ਰੱਖ ਦਿੱਤਾ। ਪਾਤਸ਼ਾਹ! ਮੇਰੇ ਤੋਂ ਬੜੀ ਭੁੱਲ ਹੋਈ ਕ੍ਰਿਪਾ ਕਰ। ਮਹਾਰਾਜ ਕਹਿੰਦੇ, ਸਿੱਖਾ! ਨਿਹਾਲ! ਨਿਹਾਲ! ਨਿਹਾਲ। ਤੇਰੀ ਭਾਵਨਾ ਨੂੰ ਫਲ ਲੱਗਿਆ ਤੇ ਤੂੰ ਨਿਹਾਲ ਹੋਇਆ। ਤੇਰਾ ਜਨਮ ਮਰਨ ਕੱਟਿਆ। ਜਹਾਂਗੀਰ ਦੇਖਦਾ ਹੈ ਕਿ ਬੜਾ ਫਰਕ ਹੈ, ਸਮਝ ਗਿਆ।

ਮਹਾਰਾਜ ਕਹਿੰਦੇ, ਜਹਾਂਗੀਰ! ਇਹ ਪਾਤਸ਼ਾਹੀਆਂ ਧੁਰ ਦਰਗਾਹ ਤੋਂ ਮਿਲੀਆਂ ਹੋਈਆਂ ਨੇ ਬੰਦਗੀ ਕਰਨ ਵਾਲਿਆਂ ਨੂੰ-

***ਧਾਰਨਾ - ਸੱਚੇ ਉਹ ਪਾਤਸ਼ਾਹ,***
***ਸੱਚੇ ਨਾਲ ਰੱਤੇ ਜਿਹੜੇ।***

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***

***ਅੰਗ - ੭੦੭***

ਅਖਤਿਆਰ ਕਿੰਨਾ ਚਲਦਾ ਹੈ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - ੧੮੬***

ਸਖਤ ਹੁਕਮ ਹੋਇਆ ਕਰਦਾ ਹੈ ਇਸ ਰਾਜੇ ਦਾ -

ਗੁਰੂ ਦਸਵੇਂ ਪਾਤਸ਼ਾਹ ਮਾਲਵੇ 'ਚ ਗਏ ਹੋਏ ਨੇ, ਡੱਲੇ ਨੂੰ ਸੁਪਨਾ ਆਉਂਦਾ ਹੈ ਕਿ ਅਸਮਾਨੀ ਕੌਂਸਲ ਇਕੱਠੀ ਹੋਈ, ਫੈਸਲਾ ਕੀਤਾ ਕਿ ਦੁਨੀਆਂ ਦੇ ਵਿੱਚ ਪਾਪ ਵੱਧ ਗਿਆ। ਇਨ੍ਹਾਂ ਨੂੰ ਫਲ ਦੇਣ ਵਾਸਤੇ ਕਾਲ ਪਾ ਦਿੱਤਾ ਜਾਵੇ। ਬਾਰਿਸ਼ ਨਹੀਂ ਹੋਣੀ ਚਾਹੀਦੀ ਬਿਲਕੁਲ। ਵੀਜ਼ਨ ਦੇ ਵਿੱਚ ਚੀਜ਼ ਆ ਗਈ, ਹੈਰਾਨ ਹੋ ਗਿਆ, ਗੁਰੂ ਮਹਾਰਾਜ ਦੇ ਕੋਲ ਆ ਗਿਆ। ਮਹਾਰਾਜ ਕਹਿੰਦੇ, ਡੱਲਿਆ! ਕੀ ਗੱਲ ਅੱਜ ਤੇਰੇ ਚਿੱਤ ਦੇ ਵਿੱਚ ਮਲਾਲ ਹੈ ਕੋਈ, ਚਿਹਰਾ ਉਤਰਿਆ ਪਿਆ ਹੈ? ਪਾਤਸ਼ਾਹ ਅਸੀਂ ਕਿਸਾਨ ਲੋਕ ਹਾਂ, ਛੋਲੇ ਵਗੈਰਾ, ਮੋਠ ਵਗੈਰਾ ਬੀਜ ਕੇ ਗੁਜ਼ਾਰਾ ਕਰਦੇ ਹਾਂ। ਹੋਰ ਸਾਡੀ ਕੋਈ ਫਸਲ ਨਹੀਂ। ਮੀਂਹ ਪੈ ਜਾਂਦਾ ਹੈ ਤੇ ਉਸ ਮੀਂਹ ਦੀ ਗਿੱਲ ਅਸੀਂ ਸਾਂਭ ਕੇ ਰੱਖਦੇ ਹਾਂ ਪਾਤਸ਼ਾਹ। ਅੱਜ ਮੈਨੂੰ ਸੁਪਨਾ ਆਇਆ ਕਿ ਸਾਰੇ ਦੇਵਤੇ ਚੰਦਰਮਾ ਦਾ ਵੀ, ਸੂਰਜ ਦਾ ਵੀ, ਇੰਦਰ ਵੀ, ਬਾਰਸ਼ਾਂ ਦਾ ਦੇਵਤਾ ਜੋ ਹੈ ਇਕੱਠੇ ਹੋ ਕੇ ਇਨ੍ਹਾਂ ਨੇ ਫੈਸਲਾ ਕਰ ਲਿਆ ਕਿ ਹੁਣ ਮੀਂਹ ਨਹੀਂ ਪਾਉਣਾ। ਮਹਾਰਾਜ ਕਹਿੰਦੇ ਇਹ ਤਾਂ ਠੀਕ ਤੈਨੂੰ ਪਤਾ ਲੱਗ ਗਿਆ, ਮੀਂਹ ਪਾਉਣਾ ਨਹੀਂ ਹੈ ਕਿਉਂਕਿ ਕਰਮ ਬੜੇ ਮਾੜੇ ਹੋ ਗਏ ਜਨਤਾਂ ਦੇ। ਸੱਚੇ ਪਾਤਸ਼ਾਹ! ਫੇਰ ਅਸੀਂ ਉੱਜੜ ਜਾਵਾਂਗੇ, ਭੁੱਖੇ ਮਰ ਜਾਵਾਂਗੇ। ਕ੍ਰਿਪਾ ਕਰੋ। ਮਹਾਰਾਜ ਕਹਿੰਦੇ, ਐਉਂ ਕਰ ਰੜੇ ਮੈਦਾਨ 'ਚ ਚਲਿਆ ਜਾਹ, ਉਥੇ ਉੱਚੀ ਦੇ ਕੇ ਹਾਕ ਮਾਰ ਕਿ ਓ ਇੰਦਰਾ! ਮੀਂਹ ਪਾ ਦੇ। ਗੁਰੂ ਦਾ ਸਿੱਖ ਕਹਿ ਰਿਹਾ ਹੈ ਤੈਨੂੰ, ਮੀਂਹ ਪਾ ਦੇ। ਕਹਿੰਦਾ, ਮਹਾਰਾਜ! ਜੇ ਨਾ ਪਾਇਆ? ਕਹਿੰਦੇ, ਥੋੜ੍ਹਾ ਇੰਤਜ਼ਾਰ ਤਾਂ ਕਰੀਂ, ਜਦੇ ਤਾਂ ਨਹੀਂ ਵਰ੍ਹਨ ਲੱਗ ਜਾਣਾ।

ਬੱਦਲ ਆਏਗਾ, ਫੇਰ ਵਰ੍ਹੇਗਾ। ਚਲਿਆ ਗਿਆ ਰੋਹੀ 'ਚ, ਜਾ ਕੇ ਹਾਕਾਂ ਮਾਰੀਆਂ। ਮੀਂਹ ਕਿੱਥੋਂ ਆਉਣਾ ਸੀ, ਨਾ ਬੱਦਲ ਆਇਆ ਨਾ ਮੀਂਹ ਆਇਆ। ਮਹਾਰਾਜ ਕੋਲ ਆ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਨਾ ਬੱਦਲ ਆਏ, ਨਾ ਮੀਂਹ ਆਇਆ। ਕਹਿੰਦੇ ਫੇਰ ਡੰਡੇ ਨਾਲ ਪੁਆ ਲੈ, ਕਹਿੰਦੇ ਜੋੜਾ ਲੈ ਜਾ। ਨੌਂ ਵਾਰੀ ਮਾਰੀ ਧਰਤੀ 'ਤੇ। ਕਹੀਂ ਕਿ ਜੇ ਐਸ ਤਰ੍ਹਾਂ ਨਹੀਂ ਪੁਆਉਣਾ ਤਾਂ ਇਸ ਤਰ੍ਹਾਂ ਪੁਆਵਾਂਗੇ ਤੇਰੇ ਤੋਂ ਅਸੀਂ। ਬਾਹਰ ਚਲਿਆ ਗਿਆ ਡੱਲਾ, ਪਹਿਲੀ ਆਵਾਜ਼ ਮਾਰੀ, ਜਦੋਂ ਨਾ ਕੋਈ ਜਵਾਬ ਆਇਆ ਤਾਂ ਧਰਤੀ ਦੇ ਉੱਤੇ ਨੌਂ ਜੁੱਤੀਆਂ ਮਾਰੀਆਂ, ਕਹਿੰਦਾ ਜੁੱਤੀਆਂ ਖਾ ਕੇ ਤਾਂ ਪਾਏਂਗਾ ਹੀ। ਉਸੇ ਵਕਤ ਬੱਦਲ ਹੋ ਗਏ, ਮੀਂਹ ਬੇਅੰਤ ਹੀ ਪੈਣਾ ਸ਼ੁਰੂ ਹੋ ਗਿਆ। ਦਰਗਾਹ ਵਿੱਚ ਕਿਹਾ ਹੋਇਆ ਉਹ ਮਿੰਨਤ ਨਹੀਂ ਕਰਦਾ, ਹੁਕਮ ਦਿੰਦਾ ਹੈ ਦਰਗਾਹ ਨੂੰ।

ਮੁਲਤਾਨ ਦਾ ਨਵਾਬ ਸੀ, ਉਹਦਾ ਲੜਕਾ ਬੀਮਾਰ ਹੋ ਗਿਆ। ਕਾਜ਼ੀ ਮੁੱਲਾਂ-ਮੁਲਾਣੇ ਸਾਰੇ ਫੜ ਲਏ। ਕਹਿੰਦਾ, ਦੇਖੋ ਤੁਸੀਂ ਦੁਨੀਆ ਲੁੱਟ ਕੇ ਖਾ ਲਈ, ਮੰਤਰ-ਜੰਤਰ ਕਰੀ ਜਾਂਦੇ ਓਂ, ਦੁਨੀਆਂ ਨੂੰ ਦੁੱਖੀ ਕਰਦੇ ਓਂ। ਮੇਰਾ ਲੜਕਾ ਜੇ ਰਾਜ਼ੀ ਨਾ ਹੋਇਆ ਤਾਂ ਤੁਹਾਨੂੰ ਸਾਰਿਆਂ ਨੂੰ ਮਾਰ ਦੇਵਾਂਗਾ, ਨਾਲ ਹੀ। ਬੜਾ ਸਖਤ ਨਵਾਬ ਸੀ। ਫਿਕਰ ਪੈ ਗਿਆ, ਸਾਰਿਆਂ ਨੂੰ। ਲੜਕਾ ਜ਼ਿਆਦਾ ਬੀਮਾਰ ਹੋ ਗਿਆ। ਕਹਿਣ ਲੱਗੇ, ਮਹਾਰਾਜ! ਸਾਡੇ ਨਾਲ ਦਾ ਇੱਕ ਬਾਹਰ ਹੈ। ਕਹਿੰਦਾ, ਨਾਉਂ ਕੀ ਹੈ? ਕਹਿੰਦੇ, ਸਮਸ਼ਤਬਰੇਜ਼ ਹੈ। ਉਹਨੂੰ ਲਿਆਓ। ਉਹਨੂੰ ਵੀ ਲਿਆਂਦਾ। ਬਹੁਤ ਮਿੰਨਤਾਂ-ਖੁਸ਼ਾਮੰਦਾਂ ਕਰੀਆਂ ਸਾਰਿਆਂ ਨੇ। ਕਹਿੰਦਾ ਤੁਸੀਂ ਮੇਰੇ ਖਿਲਾਫ ਹੋ ਜਾਓਗੇ। ਬੱਚਾ ਤਾਂ ਜੀਉਂਦਾ ਕਰਨਾ ਕੋਈ ਗੱਲ ਨਹੀਂ, ਮਾਇਆ ਦੀ ਖੇਡ ਹੈ। ਕਹਿੰਦੇ, ਅਸੀਂ ਕਿਵੇਂ ਹੋ ਜਾਵਾਂਗੇ। ਕਹਿਣ ਲੱਗਿਆ ਕਿ ਮੈਨੂੰ ਪਤਾ ਹੈ ਕਿ ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ। ਬੱਚਾ ਮਰ ਗਿਆ, ਨਵਾਬ ਚੁੱਕ ਲਿਆਇਆ। ਜਿੱਥੇ ਕੈਦ ਸੀ ਸਾਰੇ, ਉਥੇ ਲਿਆ ਕੇ ਕਹਿੰਦਾ ਕਿ ਲਓ ਨਹੀਂ ਤਾਂ ਕਰ ਦਿਓ ਜੀਉਂਦਾ, ਨਹੀਂ ਹੁਣੇ ਮਾਰ ਦਊਂ। ਸਭ ਰੋ ਰਹੇ ਨੇ, ਸਮਸ਼ਤਬਰੇਜ਼ ਦੀਆਂ ਮਿੰਨਤਾਂ ਕੀਤੀਆਂ। ਬਾਹਰ ਆ ਗਿਆ, ਆ ਕੇ ਕਿਹਾ ਕਿ ਓ ਲੜਕੇ! ਖੁਦਾ ਕੇ ਹੁਕਮ ਸੇ ਖੜ੍ਹਾ ਹੋ। ਪਹਿਲੀ ਆਵਾਜ਼, ਦੂਸਰੀ ਆਵਾਜ਼, ਤੀਸਰੀ ਆਵਾਜ਼ ਕਹਿੰਦੇ ਬਈ ਖੁਦਾ ਦਾ ਤਾਂ ਹੁਕਮ ਨਹੀਂ ਮੰਨਦਾ। ਹੁਣ ਫੇਰ ਫੱਕਰਾਂ ਨੇ ਹੁਕਮ ਦੇਣਾ ਹੈ, ਤੁਸੀਂ ਮੇਰੇ ਖਿਲਾਫ ਹੋ ਜਾਣਾ ਹੈ। ਕਹਿੰਦਾ, ਓ ਲੜਕੇ! ਦਰਵੇਸ ਕੇ ਹੁਕਮ ਸੇ ਖੜ੍ਹਾ ਹੋ, ਲੜਕਾ ਉਸੇ ਵੇਲੇ ਉੱਠ ਕੇ ਖੜ੍ਹ ਗਿਆ। ਦਰਗਾਹ ਵਿੱਚ ਗੱਲ ਚਲਦੀ ਹੈ, ਮੌਤ ਦੇ ਫਰਿਸ਼ਤੇ ਨੂੰ ਕਹਿ ਦਿੱਤਾ ਕਿ ਮੋੜ ਦੇ ਇਹਦੀ ਜਾਨ। ਬਾਬਾ ਅਟੱਲ ਜੀ ਚਲੇ ਜਾਂਦੇ ਨੇ, ਮੋਹਨ ਸੱਪ ਲੜਿਆ ਪਿਆ ਹੈ। ਹਾਕਾਂ ਮਾਰਦੇ ਨੇ ਕਿ ਸਾਡੀ ਪਿੱਤ ਨਹੀਂ ਦੇਣੀ। ਕਹਿੰਦੇ, ਬਾਬਾ ਜੀ! ਤੁਹਾਡਾ ਉਠਾਇਆ ਉਠੇਗਾ। ਖੂੰਡੀ ਗਲ 'ਚ ਪਾਈ, ਕਹਿੰਦੇ ਪਿੱਤ ਦੇ ਸਾਡੀ, ਉਠ ਕੇ ਬੈਠ ਗਿਆ। ਦਰਗਾਹ 'ਚ ਹੁਕਮ ਚਲਦਾ ਹੈ। ਇੱਥੇ ਦਾ ਰਾਜਾ ਕੀ ਹੈ? ਮਹਾਰਾਜ ਕਹਿੰਦੇ ਇੱਥੇ ਦੇ ਰਾਜੇ –

***ਏ ਭੂਪਤਿ ਸਭ ਦਿਵਸ ਚਾਰਿ ਕੇ***
***ਝੂਠੇ ਕਰਤ ਦਿਵਾਜਾ ॥*** ***ਅੰਗ – ੮੫੬***

ਪਰ ਜਿਹੜੇ ਪਰਮੇਸ਼ਰ ਦੇ ਪਿਆਰੇ ਨੇ –

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਅੰਗ – ੭੦੭***

ਉਨ੍ਹਾਂ ਦੀ ਬਰਾਬਰੀ ਇਹ ਕਿਵੇਂ ਕਰ ਸਕਦੇ ਨੇ –

***ਧਾਰਨਾ – ਪੰਡਤ ਸੂਰ ਛਤ੍ਰਪਤ ਰਾਜਾ,***
***ਭਗਤ ਬਰਾਬਰ ਕੋਈ ਨਾ।***

***ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ ॥***
***ਅੰਗ – ੮੫੮***

ਬਾਬਰ ਜੋ ਸੀ ਗੁਰੂ ਨਾਨਕ ਪਾਤਸ਼ਾਹ ਨੂੰ ਖੁਸ਼ ਕਰਿਆ ਉਸਨੇ, ਏਮਨਾਬਾਦ ਕੈਦੀ ਛੱਡ ਕੇ, ਸਮਾਨ ਮੋੜ ਕੇ। ਜਿਨ੍ਹਾਂ ਦੇ ਘਰ ਜਾਲ ਦਿੱਤੇ ਸੀ, ਉਨ੍ਹਾਂ ਨੂੰ ਥਾਂ ਦੇ ਕੇ, ਪੈਸੇ ਦੇ ਕੇ। ਮਹਾਰਾਜ ਨੇ ਕਿਹਾ ਕਿ ਬਾਬਰ! ਜੇ ਤੂੰ ਨੇਕ ਚਲੇਂਗਾ ਤਾਂ ਤੇਰੀਆਂ ਪੁਸ਼ਤਾਂ ਨੇਕ ਚਲਣਗੀਆਂ, ਤੇਰਾ ਰਾਜ ਬਣਿਆ ਰਹੇਗਾ। ਬਾਬਰ ਤੋਂ ਬਾਅਦ ਹਮਾਯੂੰ ਗੱਦੀ 'ਤੇ ਬੈਠਦਾ ਹੈ, ਪਰ ਥੋੜ੍ਹੀ ਦੇਰ ਤੋਂ ਬਾਅਦ ਸ਼ੇਰਸ਼ਾਹ ਸੂਰੀ ਬੰਗਾਲ ਦਾ ਗਵਰਨਰ ਸੀ ਉਹਦੇ ਨਾਲ, ਉਹਨੇ ਐਲਾਨ ਕਰ ਦਿੱਤਾ ਆਜ਼ਾਦੀ ਦਾ। ਇਹ ਲੜਨ ਗਿਆ ਤੇ ਮੈਦਾਨ-ਏ-ਜੰਗ ਵਿੱਚ ਸ਼ੇਰਸ਼ਾਹ ਸੂਰੀ ਤੋਂ ਹਾਰ ਗਿਆ। ਹਾਰਿਆ ਹੋਇਆ ਇਸ ਖਿਆਲ ਨਾਲ ਕਿ ਮੈਂ ਫੌਜ ਹੋਰ ਬਣਾਵਾਂ, ਦਿੱਲੀ ਛੱਡ ਦਿੱਤੀ। ਸਾਰੇ ਦਰਿਆ ਪਾਰ ਕਰਦਾ ਆਉਂਦਾ ਹੈ, ਸਤਿਲੁਜ ਪਾਰ ਕਰ ਗਿਆ ਤੇ ਬਿਆਸਾ ਦਰਿਆ ਪਾਰ ਕਰ ਲਿਆ। ਪਤਾ ਲੱਗਿਆ ਕਿ ਖਡੂਰ ਸਾਹਿਬ ਜਿਨ੍ਹਾਂ ਬਜ਼ੁਰਗਾਂ ਨੇ ਸਾਡੇ ਬਜ਼ੁਰਗ ਨੂੰ ਰਾਜ ਦਿੱਤਾ ਸੀ ਉਨ੍ਹਾਂ ਦੀ ਥਾਂ 'ਤੇ ਕੋਈ ਬੈਠਾ ਹੈ। ਐਹੋ ਜਿਹੇ ਮੌਕੇ 'ਤੇ ਪੀਰਾਂ ਫਕੀਰਾਂ, ਗੁਰੂਆਂ, ਨਬੀਆਂ ਦੀ ਮਦਦ ਭਾਲਦੇ ਨੇ ਸਾਰੇ। ਫੌਜ ਸਮੇਤ ਗੁਰੂ ਮਹਾਰਾਜ ਕੋਲ ਆ ਜਾਂਦਾ ਹੈ। ਉਸ ਵੇਲੇ ਮਹਾਰਾਜ ਆਪਣੀ ਮੌਜ ਵਿੱਚ ਬੈਠੇ ਸੀ, ਬੱਚੇ ਖੇਲ੍ਹਦੇ ਸੀ ਸਾਮ੍ਹਣੇ ਤੇ ਆਪ ਬੈਠੇ ਦੇਖ ਰਹੇ ਸੀ। ਇਹ ਆਇਆ ਕਿਉਂਕਿ ਦੂਰੋਂ ਹੀ ਪਤਾ ਲਗ ਜਾਂਦਾ ਹੈ ਕਿ ਘੋੜੇ ਆ ਰਹੇ ਨੇ ਬੇਅੰਤ ਫੌਜ ਹੈ, ਉਨ੍ਹਾਂ ਨੂੰ ਉਥੇ ਖੜ੍ਹਾ ਕਰਕੇ ਅੱਗੇ ਵਧਿਆ ਤੇ ਗੁਰੂ ਮਹਾਰਾਜ ਦੇ ਸਾਮ੍ਹਣੇ ਆ ਗਿਆ। ਸਿਜਦਾ ਨਾ ਕੀਤਾ ਇਹਨੇ, ਮੱਥਾ ਨਾ ਟੇਕਿਆ। ਬੜਾ ਅਭਿਮਾਨ ਹੈ ਕਿ ਮੈਂ ਬਾਦਸ਼ਾਹ ਹਾਂ। ਕਹਿੰਦਾ, ਹਾਰਿਆ ਹੋਇਆ ਹਾਂ ਤਾਂ ਕੀ ਹੈ, ਹਾਂ ਤਾਂ ਮੈਂ ਬਾਦਸ਼ਾਹ। ਮਹਾਰਾਜ ਨੇ ਧਿਆਨ ਹੀ ਨਾ ਦਿੱਤਾ, ਪੰਦਰਾਂ ਮਿੰਟ ਲੰਘ ਗਏ ਇਹਨੂੰ ਖੜ੍ਹੇ ਨੂੰ। ਅਭਿਮਾਨ ਸਿਰ ਨੂੰ ਚੜ੍ਹ ਗਿਆ ਇਹਦੇ ਕਹਿਣ ਲੱਗਿਆ, ਮੈਂ ਬਾਦਸ਼ਾਹ ਹਾਂ, ਜੇ ਜੰਗ 'ਚ ਹਾਰ ਗਿਆ ਤਾਂ ਕੀ ਹੈ ਮੈਂ ਹੋਰ ਜੰਗ ਕਰਾਂਗਾ। ਜਿੱਤ ਵੀ ਜਾਵਾਂਗਾ, ਪਰ ਇਹ ਐਡੇ ਨੇ ਕਿ ਮੇਰੇ ਵੱਲ ਦੇਖਦੇ ਵੀ ਨਹੀਂ ਤੇ ਮੈਨੂੰ ਬੁਲਾਉਂਦੇ ਵੀ ਨਹੀਂ ਹਨ। ਮੈਂ ਸਜ਼ਾ ਦੇਵਾਂਗਾ ਇਨ੍ਹਾਂ ਨੂੰ ਇਸ ਕੰਮ ਦੀ ਕਿ ਬਾਦਸ਼ਾਹ ਹੋਵਾਂ ਤੇ ਮੇਰਾ ਆਦਰ ਕੋਈ ਨਹੀਂ ਕਰਿਆ। ਚਾਹੀਦਾ ਤਾਂ ਸੀ ਮੈਨੂੰ ਉੱਠ ਕੇ ਮਿਲਦੇ, ਹੱਥ ਬੰਨ੍ਹਦੇ ਮੇਰੇ ਅੱਗੇ, ਮੈਨੂੰ ਪੁੱਛਦੇ, ਉਲਟਾ ਮੈਂ ਇਨ੍ਹਾਂ ਦੇ ਅੱਗੇ ਖੜ੍ਹਾ ਹਾਂ। ਉਸੇ ਵੇਲੇ ਆਪਣਾ ਸੱਜਾ ਹੱਥ ਸੀ ਕਾਹਲੀ ਦੇ ਨਾਲ ਮਿਆਨ 'ਤੇ ਮੁੱਠੇ ਨੂੰ ਪਾ ਲਿਆ ਤੇ ਹੁਣ ਅੰਦਰੋਂ ਸੋਚਦਾ ਹੈ ਕਿ ਮੈਂ ਮਾਰਾਂ ਲੇਕਿਨ ਹੁੰਦਾ ਕੀ ਹੈ? ਐਉਂ ਪੜ੍ਹ ਲਓ –

***ਧਾਰਨਾ - ਮਾਰਨ ਨੂੰ ਲੋਚਦਾ, ਚਲਦਾ ਨਾ ਜ਼ੋਰ ਕੋਈ।***

ਹੱਥ ਜੁੜ ਗਿਆ, ਨਾਲ ਹੀ ਮੁੱਠੇ ਦੇ। ਜ਼ੋਰ ਲਾਉਂਦਾ ਹੈ ਹੱਥ ਛੁਡਾਉਣ ਨੂੰ ਲੇਕਿਨ ਨਾ ਤਲਵਾਰ ਖਿੱਚ ਹੁੰਦੀ ਹੈ, ਨਾ ਹੱਥ ਛੁਟਦਾ ਹੈ। ਉਥੇ ਹੀ ਜੁੜਿਆ ਖੜ੍ਹਾ ਹੈ -

***ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾੜਾ।***
***ਭਾਈ ਗੁਰਦਾਸ ਜੀ, ੧੦/੧੮***

ਇੱਕ ਵਾਰੀ ਪਾਤਸ਼ਾਹਾਂ ਦੇ ਪਾਤਸ਼ਾਹ ਸਾਧੂ ਆ ਗਏ। ਦੇਖ ਲਿਆ ਕਿ ਮੈਂ ਤਾਂ ਹੁਣੇ ਮਾਰ ਦੇਵਾਂਗਾ, ਕੁਹਾੜਾ ਮੇਰੇ ਹੱਥ ਵਿੱਚ ਹੈ। ਪਰ ਜਦੋਂ ਦਰਸ਼ਨ ਕਰੇ ਅੰਦਰ ਹਿਲਜੁਲ ਪੈਦਾ ਹੋ ਗਈ। ਅੰਦਰੋਂ ਡਰ ਗਿਆ। ਕਹਿਣ ਲੱਗਿਆ ਕਿ ਇਹ ਕਿਹੋ ਜਿਹੇ ਮਨੁੱਖ ਆ ਗਏ, ਮੈਨੂੰ ਡਰ ਕਿਉਂ ਲਗਦਾ ਹੈ। ਕੁਹਾੜਾ ਉਗਰ ਲਿਆ ਕਿ ਪਹਿਲਾਂ ਹੀ ਜਿਹੜਾ ਮੂਹਰੇ ਹੈ ਇਹਦੇ ਸਿਰ 'ਚ ਮਾਰ ਕੇ ਦੋ ਫਾੜਾ ਕਰ ਦੇਵਾਂ ਪਰ ਉਹ ਪੂਰੇ ਸੀ -

***ਪੂਰਾ ਸਤਿਗੁਰੁ ਭੇਟਿਆ ਮਨ ਵਿਚਿ ਹੋਆ ਖਿੰਜੋਤਾੜਾ।***
***ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ।***
***ਭਾਈ ਗੁਰਦਾਸ ਜੀ, ੧੦/੧੮***

ਹੱਥ ਹਿਲਦੇ ਹੀ ਨਹੀਂ, ਉਤੇ ਹੀ ਖੜ੍ਹੇ ਨੇ। ਕਹਿਣ ਲੱਗਿਆ ਕਿਹੋ ਜਿਹਾ ਆ ਗਿਆ। ਸਤਿਗੁਰੂ ਨੇ ਮਨ ਹੀ ਰੱਖ ਦਿੱਤਾ, ਫੁਰਨਾ ਹੀ ਖਤਮ ਕਰ ਦਿੱਤਾ। ਹਿਲਜੁਲ ਹੀ ਬੰਦ ਕਰ ਦਿੱਤੀ, ਜੜ੍ਹ ਬਣਾ ਦਿੱਤਾ -

***ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ।***
***ਭਾਈ ਗੁਰਦਾਸ ਜੀ, ੧੦/੧੮***

ਹੁਣ ਸਾਮ੍ਹਣੇ ਖੜ੍ਹਾ ਹੈ ਹਿੰਦੋਸਤਾਨ ਦਾ ਬਾਦਸ਼ਾਹ। ਤਲਵਾਰ ਕੱਢਣ ਵਾਸਤੇ ਹੱਥ ਪਾਇਆ ਪਰ ਮੁੱਠੇ ਨਾਲ ਹੀ ਜੁੜ ਗਿਆ। ਕਹਿੰਦਾ, ਕੀ ਹੋਇਆ? ਪਛਤਾਇਆ, ਰੋ ਪਿਆ ਗੁਰੂ ਮੂਹਰੇ। ਮਹਾਰਾਜ ਕਹਿੰਦੇ, ਤੇਰੀ ਬਹਾਦਰੀ ਸ਼ੇਰਸ਼ਾਹ ਸੂਰੀ ਦੇ ਸਾਮ੍ਹਣੇ ਕਿੱਥੇ ਗਈ ਸੀ? ਉਥੋਂ ਪਿੱਠ ਦੇ ਕੇ ਬੁਝਦਿਲਾਂ ਵਾਂਗ ਨੱਠ ਆਇਆ ਤੇ ਹੁਣ ਸਾਧੂਆਂ ਦੇ ਉਤੇ ਤਲਵਾਰਾਂ ਚਲਾਉਂਦਾ ਹੈਂ?

ਸੋ ਜੋ ਸਾਧੂ ਹੈ ਪ੍ਰਮੇਸ਼ਰ ਦਾ ਉਹਦੇ ਬਰਾਬਰ ਨਹੀਂ ਕੋਈ ਹੋਇਆ ਕਰਦਾ। ਜੇ ਕਹੋ ਕਿ ਗੁਰੂ ਪੰਜਵੇਂ ਪਾਤਸ਼ਾਹ, ਗੁਰੂ ਨੌਵੇਂ ਪਾਤਸ਼ਾਹ ਸ਼ਹੀਦ ਹੋਏ, ਉਹ ਮਹਾਰਾਜ ਦੀ ਮਰਜ਼ੀ ਸੀ, ਭਾਣੇ ਦੇ ਵਿੱਚ ਗੱਲ ਹੋ ਰਹੀ ਸੀ। ਉਹਨੂੰ ਅਸੀਂ ਲੋਕ ਨਹੀਂ ਸੀ ਸਮਝ ਸਕਦੇ। ਕਿਹਦੀ ਤਾਕਤ ਸੀ ਕਿ ਗੁਰੂ ਮਹਾਰਾਜ ਨੂੰ ਕੋਈ ਫੜ ਲੈਂਦਾ? ਕਿਹਦੀ ਤਾਕਤ ਸੀ ਕਿ ਗੁਰੂ ਮਹਾਰਾਜ ਦੇ ਸਾਹਿਬਜ਼ਾਦੇ ਸ਼ਹੀਦ ਕਰ ਦਿੰਦਾ। ਮਹਾਰਾਜ ਨੇ ਇੱਕੋ ਬਾਣ ਚਲਾਇਆ ਸੀ, ਇਤਿਹਾਸ 'ਚ ਲਿਖਿਆ ਹੋਇਆ ਹੈ, ਦੱਸ ਹਜ਼ਾਰ ਫੌਜੀ ਇੱਕ ਦਮ ਹੀ ਮਾਰ ਦਿੱਤਾ ਸੀ। ਅਨੰਦਪੁਰ ਸਾਹਿਬ ਗੁਰੂ ਮਹਾਰਾਜ ਨੇ, ਜਦੋਂ ਬਹੁਤਾ ਹੀ ਸਿੰਘਾ ਨੇ ਬੇਨਤੀਆਂ ਕਰੀਆਂ, ਕਹਿੰਦੇ ਸਾਡਾ ਇਨ੍ਹਾਂ ਨਾਲ ਮੇਲ ਨਹੀਂ ਹੈ। ਇਹ ਤਾਂ ਮਾਮੂਲੀ ਗੱਲਾਂ ਨੇ ਇਨ੍ਹਾਂ ਦੀਆਂ। ਜਦੋਂ ਬਹੁਤ ਕਿਹਾ ਮਹਾਰਾਜ ਨੇ ਚਿਲ੍ਹੇ 'ਤੇ ਤੀਰ ਚਾੜ੍ਹ ਲਿਆ। ਨਾਲ ਦ੍ਰਿਸ਼ਟੀ ਦੇ ਦਿੱਤੀ, ਗੁਪਤ ਲੋਕ ਦੇ ਸਾਰੇ ਦੇਵਤੇ ਹੱਥ ਬੰਨ੍ਹੀ ਖੜ੍ਹੇ ਨੇ, ਮਹਾਰਾਜ! ਦਇਆ, ਦਇਆ, ਦਇਆ ਕਰੋ। ਮਹਾਰਾਜ ਕਹਿੰਦੇ, ਜੇ ਅਸੀਂ ਹੁਣ ਬਾਣ ਛੱਡ ਦੇਈਏ, ਜਿੱਥੇ ਤਕ ਵੀ ਫੌਜਾਂ ਪਈਆਂ ਨੇ ਇੱਕੋ ਬਾਣ ਨਾਲ ਸਾਰੀਆਂ ਖਤਮ ਹੋ ਜਾਣਗੀਆਂ। ਪਰ ਅਸੀਂ ਬਾਣ ਤਾਂ ਚਾੜ੍ਹ ਲਿਆ, ਉਹ ਅੰਬ ਸਾਹਿਬ ਦਾ ਦਰਖਤ ਹੈ, ਅੰਬ ਖੜ੍ਹਾ ਹੈ ਉਹਦੇ ਵਿੱਚ ਮਾਰਿਆ, ਅੱਜ ਤੱਕ ਨਿਸ਼ਾਨੀ ਤੁਰੀ ਆਉਂਦੀ ਹੈ, ਉਹਦੇ ਫਲਾਂ 'ਤੇ। ਇਹ ਤਾਂ ਖੇਡ ਹੈ ਮਹਾਂਪੁਰਸ਼ਾਂ ਦੀ। ਲੇਕਿਨ ਮੁਕਾਬਲਾ ਨਹੀਂ ਹੋਇਆ ਕਰਦਾ। ਸੋ ਇਸ ਕਰਕੇ ਮਹਾਰਾਜ ਫੁਰਮਾਨ ਕਰਦੇ ਨੇ ਕਿ ਪਿਆਰਿਓ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਅੰਗ - ੧੩੩***

ਗੋਬਿੰਦ ਦੀ ਆਰਾਧਨਾ ਕਰੋ, ਜੇ ਤੁਸੀਂ ਅਨੰਦ ਵਿੱਚ ਰਹਿਣਾ ਹੈ। ਜੀਵਨ ਤੁਹਾਨੂੰ ਪ੍ਰਾਪਤ ਹੋਇਆ ਹੈ ਇਹਨੂੰ ਬਿਰਥਾ ਨਾ ਗਵਾਓ। ਬਿਰਥਾ ਜਾ ਰਿਹਾ ਹੈ, ਅੱਜ ਲੰਘ ਜਾਂਦਾ ਹੈ, ਕੱਲ੍ਹ ਨੂੰ ਫੇਰ ਲੰਘ ਜਾਂਦਾ ਹੈ। ਪਰਸੋਂ ਨੂੰ ਫੇਰ ਲੰਘ ਜਾਂਦਾ ਹੈ। ਸੱਚ ਦੀ ਬਾਤ ਸੁਣੋ, ਜਦੋਂ ਤੱਕ ਅੰਦਰੋਂ ਪ੍ਰਗਟ ਨਹੀਂ ਕਰ ਲੈਂਦੇ। ਜਿਹੜਾ ਕੰਮ ਕਰਨ ਆਏ ਹਾਂ ਉਹ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ - ੧੨***

ਬਾਕੀ ਸਭ ਠਾਠੇ-ਬਾਗੇ ਨੇ ਕੁਛ ਨਹੀਂ ਮਾਇਅਨੇ ਰੱਖਦੇ। ਕਿੰਨਾ ਹੀ ਕਰ ਲੈ ਪਰਉਪਕਾਰ ਜਿੰਨਾਂ ਤੇਰਾ ਜੀਅ ਕਰਦਾ ਹੈ, ਰੱਬ ਕੋਲ ਕੀ ਹੈ? ਉਹ ਇੱਕ ਮਿੰਟ ਦੇ ਅੰਦਰ ਹੀ ਕਰ ਦਿੰਦਾ ਹੈ ਸਾਫ। ਜੇ ਉਹਨੂੰ ਭਾਉਂਦਾ ਹੋਵੇ ਤਾਂ ਉਹ ਇਕ ਸਕਿੰਟ 'ਚ ਕਰ ਦਿੰਦਾ ਹੈ। ਐਵੇਂ ਕਾਰੇ ਲਾਇਆ ਹੋਇਆ ਹੈ ਸਾਨੂੰ। ਇਹਦਾ ਹੀ ਅਸੀਂ ਮਾਣ ਕਰੀ ਜਾਈਏ ਕਿ ਐਨਾ ਅੰਮ੍ਰਿਤ ਛਕਾ ਦਿੱਤਾ ਜੀ। ਕੱਖ ਨਹੀਂ ਕਰਿਆ ਅਸੀਂ, ਉਹ ਤਾਂ ਰੱਬ ਨੇ ਸਾਨੂੰ ਕਾਰੇ ਲਾਇਆ ਹੋਇਆ ਹੈ, ਉਹ ਸ਼ਕਤੀ ਦਿੰਦਾ ਹੈ ਸਾਨੂੰ ਤੇ ਅਸੀਂ ਤੁਰੇ ਫਿਰਦੇ ਹਾਂ। ਆਪਣੇ ਆਪ ਤਾਂ ਕੁਛ ਨਹੀਂ ਹੁੰਦਾ। ਸੋ ਗੱਲ ਸਮਝੋ, ਆਹੀ ਵੇਲਾ ਹੈ ਬਾਰ-ਬਾਰ ਹੱਥ ਨਹੀਂ ਆਉਣਾ। ਸੋ ਬੰਦਗੀ ਕਰਿਆ, ਅੰਮ੍ਰਿਤ ਵੇਲੇ ਜਾਗਿਆ ਕਰੋ, ਮਿਹਨਤ ਕਰੋ। ਜਿੱਥੇ ਇੱਛਾ ਪ੍ਰਬਲ ਹੈ ਉਥੇ ਰਸਤਾ ਵੀ ਲੱਭ ਜਾਇਆ ਕਰਦਾ ਹੈ। ਸੋ ਸਮਾਂ ਲੰਘ ਜਾਣਾ ਹੈ ਪਿੱਛੋਂ ਪਛਤਾਉਣਾ ਪੈਂਦਾ ਹੈ, ਤੁਸੀਂ ਸਾਰੇ ਚੇਤਿ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਸ਼ਾਮਿਲ ਹੋਏ ਓਂ। ਯਾਦ ਰੱਖੋ -

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ ॥ ਅੰਗ - ੧੩੩***

ਦੂਜੀ ਗੱਲ ਹੈ -

***ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ ॥***
***ਅੰਗ - ੧੩੩***

ਤੀਸਰਾ ਹੈ -

***ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ ॥***
***ਅੰਗ - ੧੩੩***

ਚੌਥੀ ਉਹਦੀ ਨਿਸ਼ਾਨੀ ਦੱਸੀ ਹੈ -

***ਇਕੁ ਖਿਨੁ ਤਿਸੁ ਬਿਨੁ ਜੀਵਣਾ***
***ਬਿਰਥਾ ਜਨਮੁ ਜਣਾ ॥ ਅੰਗ - ੧੩੩***

ਪੰਜਵਾਂ ਉਹਦਾ ਅਤਾ-ਪਤਾ ਦੱਸਿਆ ਹੈ -

***ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ ॥***
***ਅੰਗ - ੧੩੩***

ਪੰਜਵਾਂ ਉਸ ਤੋਂ ਵਿਛੁੜ ਕੇ ਜਿਹੜਾ ਕੁਛ ਹੁੰਦਾ ਹੈ, ਉਹ

*********

# ਗੁਰੂ ਅੰਗਦ ਸਾਹਿਬ ਤੇ ਭਾਈ ਮੱਲੂ ਸ਼ਾਹੀ

***ਸੰਤ ਵਰਿਆਮ ਸਿੰਘ ਜੀ,***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ-44)*

ਗੁਰੂ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਆਹ ਦੂਸਰਾ ਬਚਨ ਸਾਡਾ ਸਤਿ ਕਰਕੇ ਮੰਨੀਂ। ਪਹਿਲਾਂ ਤਾਂ ਹੋ ਗਿਆ ਕਿ ਨਿਹਚਾ ਕਰੋ ਕਿ ਇਹ ਦੇਹ ਰਹਿਣੀ ਨਹੀਂ, ਦੂਸਰਾ ਇਹ ਹੈ ਕਿ ਸੰਸਾਰ ਸਤਿ ਨਹੀਂ ਹੈ ਸੁਪਨੇ ਵਰਗਾ ਹੈ, ਉਸ ਵੇਲੇ ਬਹੁਤ ਧਿਆਨ ਦੇ ਨਾਲ ਕਹਿੰਦਾ, ਸੱਚੇ ਪਾਤਸ਼ਾਹ! ਆਪ ਦੀ ਕ੍ਰਿਪਾ ਦੇ ਨਾਲ ਆਪ ਦੇ ਦੋਵੇਂ ਬਚਨ ਮੇਰੇ ਮਨ ਵਿਚ ੧●●% ਵਸ ਗਏ। ਕਿਉਂਕਿ ਸੁਣਨ ਦੀ ਤੇ ਮੰਨਣ ਦੀ ਬੜੀ ਭਾਰੀ ਮਹਿਮਾ ਹੈ। ਚਾਰ ਪਉੜੀਆਂ 'ਸੁਣਿਐ' ਦੀਆਂ ਜਪੁਜੀ ਸਾਹਿਬ ਦੇ ਅੰਦਰ ਮਹਾਤਮ ਲਿਖਿਆ ਹੈ, ਚਾਰ 'ਮੰਨੇ' ਦੀਆਂ ਦਾ ਲਿਖਿਆ ਹੈ। ਉਸ ਵੇਲੇ ਮਹਾਰਾਜ ਬੜੇ ਪ੍ਰਸੰਨ ਹੋਏ। ਕਹਿਣ ਲੱਗੇ, ਹੁਣ ਅਸੀਂ ਤੈਨੂੰ ਭੇਤ ਦੀ ਗੱਲ ਦਸਦੇ ਹਾਂ, ਉੱਚੀ ਬਾਤ, ਜਿਹੜੀ ਅਸੀਂ ਸਾਰਿਆਂ ਨੂੰ ਨਹੀਂ ਦਸਦੇ, ਕਿਉਂਕਿ ਤੂੰ ਉਤਮ ਜਗਿਆਸੂ ਸਾਡੇ ਕੋਲ ਆ ਗਿਆ ਤੇ ਤੈਨੂੰ ਅਸੀਂ ਇਹ ਬਚਨ ਦਸਦੇ ਹਾਂ ਉਹ ਇਹ ਹੈ ਕਿ ਤੂੰ ਪੰਜਾਂ ਤੱਤਾਂ ਦੀ ਦੇਹ ਨਹੀਂ ਹੈਗਾ। ਆਹ ਜਿਹੜਾ ਤੇਰਾ ਸਰੀਰ ਦਿਸਦਾ ਹੈ ਨਾ, ਜਿਹਦਾ ਨਾਉਂ ਮੱਲੂ ਸ਼ਾਹੀ ਹੈ, ਇਹ ਤੂੰ ਨਹੀਂ ਹੈ। ਇਹ ਤੇਰੀ ਦੇਹ ਦਾ ਲੋਕਾਂ ਨੇ ਨਾਉਂ ਰੱਖਿਆ ਹੋਇਆ ਹੈ, ਤੇਰਾ ਕੋਈ ਨਾਂ ਨਹੀਂ ਹੈ। ਕਰੋੜਾਂ ਖਰਬਾਂ ਸਾਲਾਂ ਤੋਂ ਤੂੰ ਤੁਰਿਆ ਫਿਰਦਾ ਹੈਂ, ਤੇਰਾ ਕੋਈ ਨਾਉਂ ਨਹੀਂ ਹੈ। ਜਿੱਥੇ ਤੂੰ ਜਿਹੋ ਜਿਹੀ ਦੇਹ 'ਚ ਗਿਆ ਹੈਂ, ਉਹੋ ਜਿਹਾ ਨਾਉਂ ਤੇਰਾ ਰੱਖ ਲਿਆ ਕੰਮ ਸਾਰਨ ਵਾਸਤੇ। ਇਹਦੇ ਵਿੱਚ ਵਸਣ ਵਾਲਾ ਇਹਦੇ ਵਿਚ ਜੀਵ ਆਤਮਾ ਹੈ, ਕਹਿੰਦੇ ਤੇਰਾ ਜਿਹੜਾ ਸਰੂਪ ਹੈ ਇਹ ਨਾ ਤਾਂ ਸ਼ਸਤਰ ਨਾਲ ਕੱਟ ਹੁੰਦਾ ਹੈ ਕਿਸੇ ਨਾਲ, ਨਾ ਇਹਨੂੰ ਪਾਣੀ ਡੋਬ ਸਕਦਾ ਹੈ, ਨਾ ਇਹਨੂੰ ਅੱਗ ਜਾਲ ਸਕਦੀ ਹੈ, ਨਾ ਇਹਨੂੰ ਕੋਈ ਧੁੱਪ ਸੁਕਾ ਸਕਦੀ ਹੈ। ਇਹ ਸਦਾ ਹੀ ਅਮਰ ਰਹਿੰਦਾ ਹੈ, ਇਹ ਮਰਦਾ ਨਹੀਂ ਹੁੰਦਾ, ਇਸ ਤਰ੍ਹਾਂ ਮਹਾਰਾਜ ਫੁਰਮਾਉਂਦੇ ਨੇ -

***ਧਾਰਨਾ - ਮਰਨਹਾਰ ਇਹ ਜੀਅਰਾ ਨਾਹੀ।***

ਕਹਿਣ ਲੱਗੇ, ਭਾਈ ਮੱਲੂ ਸ਼ਾਹ! ਤੂੰ ਹੁਣ ਆਪਣੇ ਆਪ ਨੂੰ ਦੇਹ ਨਾ ਮੰਨ, ਦੇਹ ਤੋਂ ਨਿਆਰਾ ਮੰਨ। ਜਿਹੜਾ ਦੇਹ ਦੇ ਵਿੱਚ ਇਹੋ ਜਿਹੀਆਂ ਕਰੋੜਾਂ ਦੇਹਾਂ ਧਾਰ ਚੁੱਕਿਆ। ਉਹਨੂੰ ਜੀਵ ਭਾਵ ਨਾ ਹੋਣ ਕਰਕੇ, ਜੀਵ ਆਤਮਾ ਉਹਦਾ ਨਾਉਂ ਰੱਖਿਆ ਹੋਇਆ ਹੈ। ਹੋਰ ਇਹਦਾ ਕੋਈ ਨਾਉਂ ਨਹੀਂ ਹੈ। ਇਹ ਤਾਂ ਲੋਕਾਂ ਨੇ ਆਪਣੀ ਸਹੂਲਤ ਵਾਸਤੇ ਨਾਉਂ ਰੱਖ ਲਏ। ਇਹ ਜੀਵ ਆਤਮਾ ਹੈ ਇਹਦਾ ਨਾਉਂ। ਜੀਵ ਉਪਾਧੀ ਧਾਰਨ ਕਰ ਲਈ ਏਸਨੇ, ਹੰਗਤਾ ਤੇ ਮਮਤਾ ਦੇ ਵਿਚ ਆ ਕੇ। ਬਾਕੀ ਜਿਹੜਾ ਹੈ ਤੂੰ ਨਿੱਜ ਇਹ ਜਾਣ -

***ਕਾ ਕੀ ਮਾਈ ਕਾ ਕੋ ਬਾਪ ॥*** ***ਅੰਗ - ੧੮੮***

ਕੀਹਦੀ ਮਾਂ ਹੋਈ, ਜੀਵ ਆਤਮਾ ਦੀ ਕੋਈ ਮਾਂ ਹੁੰਦੀ ਹੈ? ਇਹ ਤਾਂ ਵਾਹਿਗੁਰੂ ਦੀ ਜੋਤ ਹੈ। ਇਹਦਾ ਬਾਪ ਹੁੰਦਾ ਹੈ ਕੋਈ -

***ਨਾਮ ਧਾਰੀਕ ਝੂਠੇ ਸਭਿ ਸਾਕ ॥*** ***ਅੰਗ - ੧੮੮***

ਇਹ ਤਾਂ ਕੰਮ ਚਲਾਉਣ ਵਾਸਤੇ ਕੰਮ ਚਲਾਏ ਨੇ, ਆਹ ਮਾਂ ਹੈ, ਆਹ ਪਿਉ ਹੈ, ਆਹ ਭਰਾ ਹੈ ਆਹ ਇਸਤ੍ਰੀ ਹੈ। ਕੰਮ ਚਲਾਉਣਾ ਹੈ ਸੰਸਾਰ ਦਾ।

***ਕਾਹੇ ਕਉ ਮੂਰਖ ਭਖਲਾਇਆ ॥***
***ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥*** ***ਅੰਗ - ੧੮੮***

ਕਹਿੰਦੇ ਕਿਉਂ ਪਰੇਸ਼ਾਨ ਹੁੰਦਾ ਫਿਰਦਾ ਹੈਂ ਮੂਰਖਾ! ਸੰਜੋਗ ਹੋ ਗਏ ਤੇਰੇ ਆਉਣ ਦੇ, ਮਿਲਣਾ ਸੀ ਤੂੰ ਕਿਸੇ ਪਰਿਵਾਰ 'ਚ ਆ ਕੇ ਲੇਖੇ ਦੇਣ ਵਾਸਤੇ ਤੇ ਇਲਾਹੀ ਹੁਕਮ ਦੇ ਨਾਲ ਤੂੰ ਇੱਥੇ ਰਹਿ ਰਿਹਾ।

***ਏਕਾ ਮਾਟੀ ਏਕਾ ਜੋਤਿ ॥ ਏਕੋ ਪਵਨੁ ਕਹਾ ਕਉਨੁ ਰੋਤਿ ॥***
***ਅੰਗ - ੧੮੮***

ਇੱਕੋ ਜਿਹੀ ਮਿੱਟੀ ਸਾਰਿਆਂ ਨੂੰ ਲੱਗੀ ਹੋਈ ਹੈ, ਇੱਕੋ ਜਿਹੀ ਜੋਤ ਹੈ ਸਾਰਿਆਂ ਦੇ ਅੰਦਰ। ਇੱਕੋ ਹਵਾ ਹੈ ਕਹਿੰਦੇ ਉਹਨੂੰ ਕੌਣ ਰੋਂਦਾ ਹੈ? ਹਵਾ, ਹਵਾ 'ਚ ਸਮਾਅ ਜਾਂਦੀ ਹੈ, ਮਿੱਟੀ, ਮਿੱਟੀ 'ਚ, ਅੱਗ, ਅੱਗ 'ਚ; ਅਕਾਸ਼, ਅਕਾਸ਼ 'ਚ; ਪਾਣੀ, ਪਾਣੀ 'ਚ। ਕਹਿੰਦੇ, ਜਿਹੜਾ ਇਹਦੇ ਵਿੱਚ ਰਹਿੰਦਾ ਹੈ ਉਹਨੂੰ ਨਹੀਂ ਕੋਈ ਜਾਣਦਾ।

***ਮੇਰਾ ਮੇਰਾ ਕਰਿ ਬਿਲਲਾਹੀ ॥***
***ਮਰਣਹਾਰੁ ਇਹੁ ਜੀਅਰਾ ਨਾਹੀ ॥*** ***ਅੰਗ - ੧੮੮***

ਮੇਰਾ ਬਾਪੂ ਮਰ ਗਿਆ ਜੀ, ਮੇਰਾ ਪੁੱਤਰ ਮਰ ਗਿਆ ਜੀ, ਮੇਰਾ ਭਰਾ ਮਰ ਗਿਆ ਕਹਿੰਦੇ ਵਿਰਲਾਪ ਕਰਦੇ ਨੇ, ਮੇਰਾ-ਮੇਰਾ ਕਰਕੇ, ਪਰ ਅਸਲੀਅਤ ਇਹ ਹੈ ਕਿ 'ਮਰਣਹਾਰੁ ਇਹੁ ਜੀਅਰਾ ਨਾਹੀ ॥' ਜਿਹੜਾ ਇਹਦੇ ਵਿੱਚ ਹੈ ਉਹ ਤਾਂ ਮਰਦਾ ਹੀ ਨਹੀਂ।

***ਕਹੁ ਨਾਨਕ ਗੁਰਿ ਖੋਲੇ ਕਪਾਟ ॥***
***ਮੁਕਤੁ ਭਏ ਬਿਨਸੇ ਭ੍ਰਮ ਥਾਟ ॥*** ***ਅੰਗ - ੧੮੮***

ਪੂਰੇ ਗੁਰੂ ਨੇ ਅੰਦਰਲੇ ਕਪਾਟ ਖੋਲ੍ਹ ਕੇ ਗੱਲ ਸਮਝਾ ਦਿੱਤੀ। ਜਦੋਂ ਕਪਾਟ ਖੁੱਲ੍ਹ ਗਏ, ਫੇਰ ਕੀ ਹੋਇਆ, ਕਹਿੰਦੇ ਜਿਹੜੇ ਭਰਮ ਦੇ ਪਰਦੇ ਪਏ ਹੋਏ ਸੀ, ਉਹ ਖਤਮ ਹੋ ਗਏ ਤੇ ਹੁਣ ਮੁਕਤੀ ਹੋ ਗਈ।

ਕਹਿੰਦੇ, ਇਹ ਤੂੰ ਨਿਹਚੇ 'ਚ ਧਾਰਨ ਕਰ ਕਿ ਇਸ ਸਰੀਰ 'ਚ ਵਸਣ ਵਾਲਾ ਹੈਂ ਤੂੰ, ਸਰੀਰ ਨਹੀਂ ਹੈਂ, ਬੜੀ ਸੁਖਾਲੀ ਗੱਲ ਹੈ, ਸਾਡੇ ਵਾਸਤੇ ਮੰਨਣ ਵਾਸਤੇ, ਇੱਕ ਗੱਲ ਸਮਝਣੀ ਹੀ ਹੈ। ਇਹਦੀ ਪ੍ਰੈਕਟਿਸ ਕਰਨੀ ਪੈਂਦੀ ਹੈ ਮੰਨਣ ਵਾਸਤੇ, ਹੁਣੇ ਹਨ੍ਹੇਰਾ ਪੈ ਜਾਏਗਾ, ਬੰਦ ਹੁੰਦੇ ਸਾਰ। ਹੁਣੇ ਫੇਰ ਮੁੜ ਕੇ ਅਸੀਂ

ਸਰੀਰ ਸਮਝ ਲੈਣਾ ਹੈ। ਜੋਤ ਨਹੀਂ ਅਸੀਂ ਆਪਣੇ ਆਪ ਨੂੰ ਸਮਝਦੇ। ਮਹਾਰਾਜ ਕਹਿੰਦੇ, ਦੇਖ ਇਹ ਜਿਹੜਾ ਜੀਅਰਾ ਹੈ ਨਾ ਇਹਨੂੰ ਆਤਮਾ ਕਹਿੰਦੇ ਨੇ, ਇਹ ਸਦਾ ਅਮਰ ਹੈ ਇਹ ਮਰਦੀ ਨਹੀਂ ਹੁੰਦੀ। ਇਹ ਹੰਗਤਾ ਤੇ ਮਮਤਾ ਦੀ ਬੰਨ੍ਹੀ ਹੋਈ ਇਹ ਆਪਣੀ ਪਦਵੀ ਤੋਂ ਗਿਰ ਗਈ। ਗਿਰ ਕੇ ਇਹ ਜੀਵ ਆਤਮਾ ਬਣ ਗਈ। ਇਹ ਜੀਵ ਆਤਮਾ ਦੇ ਉਤੇ ਪੰਜ ਪਰਦੇ ਪੈ ਗਏ। ਇੱਕ ਤਾਂ ਪੈ ਗਿਆ ਅਗਿਆਨ ਦਾ, ਹਨ੍ਹੇਰੇ ਦਾ, ਦੂਸਰਾ ਪੈ ਗਿਆ ਵਿਗਿਆਨ ਦਾ, ਤੀਸਰਾ ਮਨ ਦਾ ਪੈ ਗਿਆ, ਚੌਥਾ ਪ੍ਰਾਣਾਂ ਦਾ ਪੈ ਗਿਆ, ਪੰਜਵਾਂ ਆਹ ਜਿਹੜੀ ਦੇਹ ਹੈ ਨਾ ਪੰਜਾਂ ਤੱਤਾਂ ਦੀ ਇਹਦਾ ਪੜਦਾ ਪੈ ਗਿਆ। ਇਹ ਤਿੰਨ ਸਰੀਰਾਂ 'ਚ ਬੰਨ੍ਹੀ ਗਈ ਇੱਕ ਕਾਰਨ ਸਰੀਰ, ਇੱਕ ਸੋਲ੍ਹਾਂ ਤੱਤਾਂ ਦਾ ਸੂਖਸ਼ਮ ਸਰੀਰ, ਇੱਕ ਆਹ ਪੰਜ ਤੱਤ ਦਾ ਵੱਡਾ ਸਰੀਰ। ਇਹਦੇ ਵਿੱਚ ਵਲੇਟ ਦਿੱਤੀ ਉਹ ਕਿਰਨ।

***ਕਬੀਰ ਨਿਰਮਲ ਬੂੰਦ ਅਕਾਸ ਕੀ***
***ਪਰਿ ਗਈ ਭੂਮਿ ਬਿਕਾਰ ॥***
***ਬਿਨੁ ਸੰਗਤਿ ਇਉ ਮਾਂਨਈ***
***ਹੋਇ ਗਈ ਭਠ ਛਾਰ ॥ ੧੯੫ ॥***
***ਕਬੀਰ ਨਿਰਮਲ ਬੂੰਦ ਅਕਾਸ ਕੀ***
***ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ - ੧੩੭੪-੭੫***

ਜਿਵੇਂ ਭੱਠ ਦੀ ਸੁਆਹ ਹੁੰਦੀ ਹੈ ਇਸ ਤਰ੍ਹਾਂ ਹੋ ਗਈ ਇਹ। ਦੇਖੋ, ਕਿੱਥੇ ਤਾਂ ਜੋਤ ਸੀ, ਕਿੱਥੇ ਸੁਆਹ ਬਣ ਗਈ ਇਹ, ਕਹਿੰਦੇ ਆਹ ਗੱਲ ਹੋਈ ਹੋਈ ਹੈ। ਕਹਿੰਦੇ, ਇਹ ਬੰਨ੍ਹ ਹੋ ਗਈ, ਅਸਲ ਵਿੱਚ ਜਿਹੜਾ ਇਹਦਾ ਸਰੂਪ ਹੈ, ਇਹ ਇਕ ਆਤਮਾ ਹੀ ਹੈ, ਆਤਮਾ ਜਿਹੜੀ ਹੈ ਉਹਨੂੰ ਓਅੰਕਾਰ ਕਹਿੰਦੇ ਨੇ। ਇਹ ਆਤਮਾ ਤੋਂ ਸਾਰੀ ਸ੍ਰਿਸ਼ਟੀ ਦੀ ਉਤਪਤੀ ਹੋਈ ਹੈ। ਆਤਮਾ 'ਚ ਹੀ ਸਾਰੇ ਸਮਾਅ ਜਾਂਦੇ ਨੇ ਤੇ ਇਹ ਏਕੰਕਾਰ ਦਾ ਸਰੂਪ ਹੈ। ਇਹ ਜਿਹੜੀ ਕਥਾ ਹੈ ਇਹਨੂੰ ਅਨੂਪ ਕਥਾ ਕਹਿੰਦੇ ਨੇ, ਸੁਣ ਕਹਿੰਦੇ ਧਿਆਨ ਨਾਲ -

***ਧਾਰਨਾ - ਸੁਣ ਲਓ ਪਿਆਰਿਓ***
***ਉਪਮਾ ਰਹਿਤ ਦੀ।***

***ਅਚਰਜ ਕਥਾ ਮਹਾ ਅਨੂਪ ॥***
***ਪ੍ਰਾਤਮਾ ਪਾਰਬ੍ਰਹਮ ਕਾ ਰੂਪੁ ॥ ਰਹਾਉ ॥***
***ਨਾ ਇਹੁ ਬੂਢਾ ਨਾ ਇਹੁ ਬਾਲਾ ॥***
***ਨਾ ਇਸੁ ਦੂਖੁ ਨਹੀ ਜਮ ਜਾਲਾ ॥***
***ਨਾ ਇਹੁ ਬਿਨਸੈ ਨਾ ਇਹੁ ਜਾਇ ॥***
***ਆਦਿ ਜੁਗਾਦੀ ਰਹਿਆ ਸਮਾਇ ॥ ੧ ॥***
***ਨਾ ਇਸੁ ਉਸਨੁ ਨਹੀ ਇਸੁ ਸੀਤੁ ॥***
***ਨਾ ਇਸੁ ਦੁਸਮਨੁ ਨਾ ਇਸੁ ਮੀਤੁ ॥***
***ਨਾ ਇਸੁ ਹਰਖੁ ਨਹੀ ਇਸੁ ਸੋਗੁ ॥***
***ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ ॥ ੨ ॥***
***ਨਾ ਇਸੁ ਬਾਪੁ ਨਹੀ ਇਸੁ ਮਾਇਆ ॥***
***ਇਹੁ ਅਪਰੰਪਰੁ ਹੋਤਾ ਆਇਆ ॥***
***ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ ॥***
***ਘਟ ਘਟ ਅੰਤਰਿ ਸਦ ਹੀ ਜਾਗੈ ॥*** ***ਅੰਗ - ੮੬੮***

ਕਹਿੰਦੇ ਦੇਖ ਭਾਈ, ਮੱਲੂ ਸ਼ਾਹੀ! ਹੁਣ ਜਿਹੜੀ ਅਸੀਂ ਗੱਲ ਕਰਨ ਲੱਗੇ ਹਾਂ ਇਹ ਥੋੜ੍ਹਾ ਜਿਹਾ ਇਕਾਗਰ ਹੋ ਕੇ ਸਰਵਣ ਕਰੀਂ ਕਿਉਂਕਿ ਇਹ ਦੁਨੀਆਂ ਦੀ ਸਮਝ 'ਚ ਨਹੀਂ ਆਉਂਦੀ। ਜੇ ਆ ਜਾਵੇ ਤਾਂ ਸਾਰਿਆਂ ਦੇ ਚੱਕਰ ਖਤਮ ਹੋ ਜਾਣ। ਸਾਰੇ ਭਵਜਲ ਪਾਰ ਪੈ ਜਾਣ। ਇਹ ਬੇੜੀ ਹੈ ਜਿਹਦੇ ਉਤੇ ਬੈਠ ਕੇ ਆਦਮੀ ਲੰਘ ਜਾਂਦਾ। ਕਹਿੰਦੇ, ਜਿਹੜਾ ਤੇਰਾ ਆਪਣਾ ਆਪ ਹੈ ਨਾ, ਇਹਦੀ ਕਥਾ ਤੈਨੂੰ ਦਸਦੇ ਹਾਂ ਕਿ ਕਥਾ ਹੈਰਾਨ ਕਰਨ ਵਾਲੀ ਹੈ ਤੇ ਉਪਮਾ ਤੋਂ ਰਹਿਤ ਹੈ। ਜਿਹੜਾ ਤੇਰਾ ਜੀਵ ਆਤਮਾ ਹੈ ਇਹ ਵਾਹਿਗੁਰੂ ਦਾ ਰੂਪ ਹੈ। ਇਹ ਨਾ ਕਦੇ ਬੁੱਢਾ ਹੁੰਦਾ ਹੈ, ਨਾ ਕਦੇ ਬੱਚਾ ਬਣਦਾ ਹੈ, ਨਾ ਇਹਨੂੰ ਕਦੇ ਦੁੱਖ ਲਗਦਾ ਹੈ, ਨਾ ਇਹਨੂੰ ਜਮਾਂ ਦਾ ਜਾਲ ਹੁੰਦਾ ਹੈ, ਨਾ ਇਹ ਬਿਨਸਦਾ ਹੈ, ਨਾ ਇਹ ਕਦੇ ਜਾਂਦਾ ਹੈ, ਇਹ ਤਾਂ ਆਦਿ ਜੁਗਾਦਿ ਤੋਂ ਸਮਾਇਆ ਹੋਇਆ ਹੈ, ਸਾਰੇ ਪਰੀਪੂਰਨ ਹੈ ਆਤਮਾ। ਨਾ ਇਹਨੂੰ ਕਦੇ ਧੁੱਪ ਲਗਦੀ ਹੈ, ਨਾ ਇਸਨੂੰ ਕਦੇ ਪਾਲਾ ਲਗਦਾ ਹੈ, ਨਾ ਕੋਈ ਇਹਦਾ ਦੁਸ਼ਮਣ ਹੈ, ਨਾ ਕੋਈ ਇਹਦਾ ਮਿੱਤਰ ਹੈ, ਨਾ ਇਹਨੂੰ ਕਦੇ ਖੁਸ਼ੀ ਹੁੰਦੀ ਹੈ, ਨਾ ਗਮੀ ਹੁੰਦੀ ਹੈ, ਇਹ ਆਪਣੇ ਅਨੰਦ 'ਚ ਰਹਿੰਦਾ ਹੈ। ਇਹ ਸਭ ਕੁਛ ਜਿੰਨਾਂ ਵੀ ਤੁਹਾਨੂੰ ਨਜ਼ਰ ਆਉਂਦਾ ਹੈ, ਸਭ ਇਹਦੇ ਵਿਚੋਂ ਨਿਕਲਿਆ ਹੈ। ਇਹ ਕਰਨਹਾਰ ਹੈ ਤੇ ਇਹਨੂੰ ਮਾਇਆ ਦਾ ਲੇਪ ਨਹੀਂ। ਸਦਾ-ਸਦਾ ਇਹਦੀ ਹੋਂਦ ਕਾਇਮ ਹੈ। ਇਹਨੂੰ ਪਾਪ ਪੁੰਨ ਦਾ ਲੇਪ ਨਹੀਂ ਲਗਦਾ, ਇਹ ਸਾਰਿਆਂ ਦੇ ਅੰਦਰ - 'ਘਟ ਘਟ ਅੰਤਰਿ ਸਦ ਹੀ ਜਾਗੈ ॥' ਇਹ ਜਦ ਗੱਲ ਕਹੀ, ਵਿਚਾਰਨ ਲੱਗ ਗਿਆ। ਮਹਾਰਾਜ ਨੇ ਦੇਖਿਆ ਕਿ ਅਜੇ ਗੱਲ ਇਹਦੀ ਸਮਝ 'ਚ ਨਹੀਂ ਪਈ ਪੂਰੀ ਤਰ੍ਹਾਂ ਨਾਲ, ਉਸ ਵੇਲੇ ਹੋਰ ਸਾਫ ਕਰਨ ਵਾਸਤੇ ਇਸ ਤਰ੍ਹਾਂ ਦੇ ਬਚਨ ਫੁਰਮਾਨ ਕਰੇ -

***ਧਾਰਨਾ - ਜੋਤ ਤੇਰਾ ਰੂਪ ਹੈ,***
***ਦੇਹੀ ਕਿਉਂ ਮੰਨਦੈਂ ਆਪ ਨੂੰ।***

ਕਹਿਣ ਲੱਗੇ, ਦੇਖ ਪ੍ਰੇਮੀਆਂ! ਪਹਿਲੀਆਂ ਵਿਚਾਰਾਂ ਤਾਂ ਤੇਰੇ ਸਮਝ ਵਿੱਚ ਆ ਗਈਆਂ ਕਿ ਤੇਰੀ ਦੇਹ ਸਦਾ ਨਹੀਂ ਰਹਿਣੀ। ਤੈਨੂੰ ਤਾਂ ਨਹੀਂ ਅਸੀਂ ਕਿਹਾ ਕਿ ਤੂੰ ਸਦਾ ਨਹੀਂ ਰਹਿਣਾ। ਅਸੀਂ ਤਾਂ ਤੇਰੀ ਦੇਹੀ ਨੂੰ ਕਿਹਾ ਹੈ। ਦੂਸਰਾ ਏਸ ਸਰੀਰ ਦਾ ਨਾਸ਼ ਓਸ ਵੇਲੇ ਹੋ ਜਾਣਾ ਹੈ, ਜਦੋਂ ਇਹਦਾ ਸਮਾਂ ਆ ਗਿਆ। ਦੂਸਰਾ ਬਚਨ ਅਸੀਂ ਕਰਿਆ ਸੀ ਕਿ ਪ੍ਰੇਮੀਆਂ! ਇਹ ਸੰਸਾਰ ਸੁਪਨੇ ਵਰਗਾ ਹੈ। ਤੀਸਰਾ ਇਹ ਬਚਨ ਸਾਡਾ ਸੂਖਸ਼ਮ ਹੈ ਇਹਨੂੰ ਸਮਝਣ ਦਾ ਯਤਨ ਕਰ। ਉਹ ਇਹ ਹੈ ਕਿ ਤੂੰ ਪੰਜਾਂ ਤੱਤਾਂ ਦੀ ਦੇਹ ਨਹੀਂ ਹੈਂ ਤੇ ਤੂੰ ਜੋਤ ਸਰੂਪ ਹੈਂ, ਜਾਗਰਤ ਜੋਤ ਹੈਂ।

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥***
***ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥***

***ਅੰਗ - ੪੪੧***

ਦੂਜੀ ਇਕੱਲਾ ਨਹੀਂ, ਐਵੇਂ ਡਾਵਾਂਡੋਲ ਨਾ ਹੋ ਜਾਈਂ ਕਿ

ਮੈਂ ਜੋਤ ਬਣ ਗਿਆ ਮੇਰੇ ਧੀਆਂ ਪੁੱਤਰ ਕੀ ਕਰਨਗੇ ਹੁਣ? ਮੈਂ ਤਾਂ ਪਰਿਵਾਰ 'ਚੋਂ ਟੁੱਟ ਗਿਆ। ਮੈਂ ਤਾਂ ਬਣ ਗਿਆ ਜੋਤ, ਹੁਣ ਮੇਰਾ ਹਾਲ ਕੀ ਹੋਏਗਾ, ਮੈਂ ਤਾਂ ਇਕੱਲਾ ਹੋ ਗਿਆ। ਮਹਾਰਾਜ ਕਹਿੰਦੇ, ਮਾਲਕ-ਏ-ਕੁਲ ਤੇਰੇ ਨਾਲ ਹੈ। ਗੁਰੂ ਦੀ ਮੱਤ ਧਾਰਨ ਕਰਕੇ, ਪਿਆਰ ਦਾ ਰੰਗ ਮਾਣ।

***ਮੂਲੁ ਪਛਾਣਹਿ ਤਾਂ ਸਹੁ ਜਾਣਹਿ***
***ਮਰਣ ਜੀਵਣ ਕੀ ਸੋਝੀ ਹੋਈ ॥ ਅੰਗ - ੪੪੧***

ਤੂੰ ਰੱਬ ਨੂੰ ਜਾਨਣਾ ਚਾਹੁੰਦਾ ਹੈਂ, ਪਹਿਲਾਂ ਤੂੰ ਆਪਣੇ ਆਪ ਨੂੰ ਪਛਾਣ ਕਿ ਮੈਂ ਕੀ ਹਾਂ? ਫੇਰ ਤੈਨੂੰ ਪਤਾ ਲਗ ਜਾਏਗਾ ਕਿ ਮਰਦਾ ਕੀ ਹੈ ਤੇ ਜੰਮਦਾ ਕੀ ਹੈ।

***ਗੁਰ ਪਰਸਾਦੀ ਏਕੋ ਜਾਣਹਿ ਤਾਂ ਦੂਜਾ ਭਾਉ ਨ ਹੋਈ ॥***
***ਅੰਗ - ੪੪੧***

ਜਦੋਂ ਤਾਂ ਇੱਕ ਜਾਣ ਲਿਆ ਸਾਰਿਆਂ ਦੇ ਅੰਦਰ, ਫੇਰ ਦੂਜਾ ਭਾਉ ਤੇਰਾ ਖਤਮ ਹੋ ਜਾਣਾ ਹੈ ਤੇ ਫੇਰ ਓਸ ਵੇਲੇ ਹੋਏਗਾ ਕੀ, ਨਿਸ਼ਾਨੀਆਂ ਇਹ ਹੋਣਗੀਆਂ।

***ਮਨਿ ਸਾਂਤਿ ਆਈ ਵਜੀ ਵਧਾਈ ਤਾ ਹੋਆ ਪਰਵਾਣੁ ॥***
***ਅੰਗ - ੪੪੧***

ਵਧਾਈਆਂ ਮਿਲਣ ਲੱਗ ਗਈਆਂ ਦਰਗਾਹ ਦੇ ਅੰਦਰੋਂ। ਧੰਨ-ਧੰਨ ਕਹਿਣ ਲੱਗ ਗਏ ਕਿ ਇਹਨੇ ਪਛਾਣ ਲਿਆ ਆਪਣੇ-ਆਪ ਨੂੰ। ਦੇਵਤੇ ਆ ਕੇ ਵਧਾਈਆਂ ਦਿੰਦੇ ਨੇ। ਮਨ ਸ਼ਾਂਤ ਆਈ। ਫੇਰ ਤੀਜਾ ਕੀ ਹੋਇਆ? ਕਹਿੰਦੇ, ਉਹ ਜਿਹੜਾ ਇਮਤਿਹਾਨ ਸੀ ਪੀ.ਐਚ.ਡੀ ਦਾ ਉਹ ਪੂਰਾ ਕਰ ਲਿਆ। ਪਾਸ ਕਰਕੇ ਜਿਹੜੇ ਪਰਵਾਣ ਹੋਏ-ਹੋਏ ਨੇ ਉਨ੍ਹਾਂ ਦੀ ਲਿਸਟ ਵਿੱਚ ਆ ਗਿਆ।

***ਪੰਚ ਪਰਵਾਣ ਪੰਚ ਪਰਧਾਨੁ ॥***
***ਪੰਚੇ ਪਾਵਹਿ ਦਰਗਹਿ ਮਾਨੁ ॥***
***ਪੰਚੇ ਸੋਹਹਿ ਦਰਿ ਰਾਜਾਨੁ ॥***
***ਪੰਚਾ ਕਾ ਗੁਰੁ ਏਕੁ ਧਿਆਨੁ ॥ ਅੰਗ - ੩***

ਸੰਤਾਂ ਦੇ ਵਿੱਚ ਆ ਗਿਆ, ਸੰਤ ਬਣ ਗਿਆ। ਸਾਧੂ ਬਣ ਗਿਆ ਤੇ ਪਰਵਾਣ ਹੋ ਗਿਆ ਦਰਗਾਹ ਦੇ ਅੰਦਰ। ਇਹ ਗੱਲ ਜਾਣ -

***ਇਉ ਕਹੈ ਨਾਨਕੁ ਮਨ ਤੂੰ ਜੋਤਿ ਸਰੂਪੁ ਹੈ***
***ਅਪਣਾ ਮੂਲੁ ਪਛਾਣੁ ॥ ਅੰਗ - ੪੪੧***

ਆਹ ਗੱਲ ਜਿਹੜੀ ਮਹਾਰਾਜ ਜੀ ਕਹਿੰਦੇ ਨੇ ਅਸੀਂ ਨਹੀਂ ਮੰਨਦੇ। ਜ਼ੋਰ ਲਾ ਲੈਣ ਜਿੰਨਾਂ ਮਹਾਰਾਜ ਦਾ ਲਗਦਾ ਹੈ, ਅਸੀਂ ਬਿਲਕੁਲ ਨਹੀਂ ਮੰਨਦੇ, ਅਸੀਂ ਕਹਾਂਗੇ ਨਾ ਮਹਾਰਾਜ ਅਸੀਂ ਤਾਂ ਦੇਹ ਹਾਂ। ਫੇਰ ਮੇਰੇ ਬਾਲ-ਬੱਚਿਆਂ ਦਾ ਕੀ ਬਣੇਗਾ, ਮੈਂ ਤਾਂ ਉਹਨੂੰ ਪਿਆਰ ਕਰਦਾ ਹਾਂ, ਉਹ ਮੈਨੂੰ ਪਿਆਰ ਕਰਦੇ ਨੇ। ਜੇ ਉਨ੍ਹਾਂ ਨੂੰ ਪਤਾ ਲੱਗ ਗਿਆ ਕਿ ਮੈਂ ਜੋਤ ਹਾਂ, ਮੈਨੂੰ ਤਾਂ ਫੇਰ ਕਿਸੇ ਨੇ ਪਿਆਰ ਹੀ ਨਹੀਂ ਕਰਨਾ। ਦੇਹੀ ਤਾਂ ਹੁਣ ਡਰਾਉਣੀ ਲੱਗਣ ਲੱਗ ਪਈ ਫੇਰ। ਕਿਉਂਕਿ ਸਾਡੇ ਅੰਦਰ ਉਹ ਅੱਖ ਖੁਲ੍ਹਦੀ ਨਹੀਂ ਹੈ, ਜਿਹੜੀ ਮਹਾਰਾਜ ਖੋਲ੍ਹਣੀ ਚਾਹੁੰਦੇ ਨੇ। ਮਹਾਰਾਜ ਕਹਿੰਦੇ, ਇੱਥੇ ਹੀ ਨਾ ਤੂੰ ਵਸ ਕਰ। ਤੈਨੂੰ ਹੋਰ ਇੱਕ ਭੇਤ ਦੀ ਗੱਲ ਦਸਦੇ ਹਾਂ। ਇਹ ਜਿਹੜੀ ਜੋਤ ਹੈ ਨਾ ਇਹ ਸੂਖਸ਼ਮ ਸਰੀਰ ਦੇ ਅੰਦਰ ਪੂਰਨ ਹੋ ਕੇ ਸੋਲ੍ਹਾ ਤੱਤਾਂ 'ਚ ਇਹ ਤੇਰਾ ਆਪਣਾ, ਨਿੱਕਾ ਆਪਾ ਬਣ ਜਾਂਦਾ ਹੈ, ਛੋਟਾ ਆਪਾ। ਜਿਹਨੂੰ ਜੀਵ ਆਤਮਾ ਕਹਿਣ ਲੱਗ ਜਾਂਦੇ ਨੇ। ਇਹ ਨਿਰਮਲ ਹਉਮੈ ਕਰਕੇ ਦੋ ਤਰ੍ਹਾਂ ਦੀ ਹਉਮੈ ਹੈ। ਇੱਕ ਅੰਧ ਹਉਮੈ ਹੈ। ਉਹਦੇ ਕਰਕੇ ਆਦਮੀ ਜੰਮਦਾ ਮਰਦਾ ਰਹਿੰਦਾ ਹੈ। ਕਰਮਾਂ ਦੇ ਨਾਲ ਬੰਨ੍ਹਿਆਂ ਜਾਂਦਾ ਹੈ, ਦੂਜੀ ਹਉਮੈ ਜਿਹਨੂੰ ਨਿਰਮਲ ਹਉਮੈ ਕਹਿੰਦੇ ਨੇ, ਇਹ ਦਰਗਾਹ 'ਚ ਜਾ ਕੇ ਆਪਣਾ ਸਰੂਪ ਵੱਖਰਾ ਰੱਖ ਕੇ ਰੱਬ ਨੂੰ ਦੇਖਦਾ ਰਹਿੰਦਾ ਹੈ, ਲੀਨ ਨਹੀਂ ਹੁੰਦਾ। ਹੈ ਤਾਂ ਛੋਟੀ ਅਵਸਥਾ, ਲੇਕਿਨ ਫੇਰ ਵੀ ਬਹੁਤ ਵੱਡੀ ਹੈ, ਸੱਚਖੰਡ 'ਚ ਦਾਖਲਾ ਮਿਲ ਜਾਂਦਾ ਹੈ ਤੇ ਉਹਦੇ ਅੰਦਰ ਚਾਰ ਕਿਸਮ ਦੀ ਮੁਕਤੀ ਹੁੰਦੀ ਹੈ। ਇਕ ਸਾ ਲੋਕ, ਸਾ ਰੂਪ ਹੁੰਦੀ ਹੈ, ਇੱਕ ਸਮੀਪ ਹੁੰਦੀ ਹੈ, ਇਕ ਹੋਰ ਹੁੰਦੀ ਹੈ; ਇਹ ਮੁਕਤੀਆਂ ਤਾਂ ਮਿਲ ਜਾਂਦੀਆਂ ਨੇ ਪਰ ਸਾ-ਰੂਪ ਨਹੀਂ ਹੁੰਦਾ, ਰੱਬ ਨਹੀਂ ਬਣਦਾ, ਇਹ ਅਜੇ ਥੱਲੇ ਰਹਿ ਗਿਆ। ਕਹਿੰਦੇ ਇਹ ਨਿਰਮਲ ਹਉਮੈ ਕਰਕੇ ਰਹਿ ਗਿਆ, ਆਪਣੀ ਹਸਤੀ ਨੂੰ ਕਾਇਮ ਰੱਖਣਾ ਚਾਹੁੰਦਾ ਹੈ। ਲੇਕਿਨ ਸਾਰੇ ਬ੍ਰਹਿਮੰਡ ਦੇ ਅੰਦਰ ਇੱਕ ਅਖੰਡ ਜੋਤ ਵਰਤ ਰਹੀ ਹੈ। ਇਹ ਪ੍ਰੇਮ ਦਾ ਸਰੂਪ ਧਾਰਨ ਕਰਕੇ ਵਰਤ ਰਹੀ ਹੈ।

***ਜਤ੍ਰ ਤਤ੍ਰ ਦਿਸਾ ਵਿਸਾ ਹੁਇ ਫੈਲਿਓ ਅਨੁਰਾਗ। ਜਾਪੁ ਸਾਹਿਬ***

ਪਿਆਰ ਦਾ ਰੂਪ ਧਾਰ ਕੇ ਵਰਤਦੀ ਹੈ ਤੇ ਇਹ ਕਿਤੇ ਨਿਵੇਕਲੀ ਨਹੀਂ ਬੈਠੀ ਕਿ ਸੱਤਵੇਂ ਅਸਮਾਨ 'ਚ ਹੈ। ਸਾਡੀ ਪਹੁੰਚ ਨਹੀਂ। ਮਹਾਰਾਜ ਕਹਿੰਦੇ, ਇਹ ਜਿਹੜੀ ਜੋਤ ਹੈ, ਨਿਹਚੇ 'ਚ ਆਓ ਤੁਸੀਂ

***ਧਾਰਨਾ - ਸਭਨਾਂ ਅੰਦਰ ਏਕੋ ਜੋਤ, ਵਰਤੇ ਤੇਰੀ ਮਾਲਕਾ।***

ਕਹਿਣ ਲੱਗੇ, ਦੇਖ ਪ੍ਰੇਮੀਆਂ! ਪਿਛਲੇ ਤਿੰਨ ਬਚਨ ਤਾਂ ਤੈਨੂੰ ਸਮਝ 'ਚ ਆ ਗਏ। ਪਹਿਲਾ ਇਹ ਕਿ ਆਹ ਦੇਹ ਜਿਹੜੀ ਹੈ ਇਹ ਰਹਿਣੀ ਨਹੀਂ ਹੈ, ਦੂਸਰਾ ਇਹ ਕਿ ਸੰਸਾਰ ਸੁਪਨਾ ਹੈ, ਤੀਸਰਾ ਇਹ ਹੈ ਕਿ ਤੂੰ ਦੇਹ ਨਹੀਂ ਹੈਗਾ, ਦੇਹ 'ਚ ਵਸਣ ਵਾਲਾ ਪੰਖੇਰੂ ਹੈਂ। ਦੇਹ ਨੂੰ ਛੱਡ ਕੇ ਉੱਡ ਜਾਂਦਾ ਹੈਂ ਤੇ ਧਾਰਨ ਕਰ ਲੈ ਕਿ ਜਿਵੇਂ ਪੁਰਾਣੇ ਕਪੜੇ ਲਾਹ ਦੇਈਦੇ ਨੇ ਤੇ ਨਵੇਂ ਪਾ ਲਈਦੇ ਨੇ, ਐਸ ਤਰ੍ਹਾਂ ਤੂੰ ਸਰੀਰ ਧਾਰਦਾ ਫਿਰਦਾ ਹੈਂ ਕਰਮਾਂ ਦੇ ਹਿਸਾਬ ਨਾਲ, ਮਰਦਾ ਨਹੀਂ ਹੈਂ। ਹੁਣ ਤੈਨੂੰ ਅਗਲੀ ਗੱਲ ਅਸੀਂ ਦਸਦੇ ਹਾਂ ਕਿ ਇਹ ਜਿਹੜੇ ਸਰੀਰ ਦੇ ਅੰਦਰ ਤੂੰ ਰਹਿੰਦਾ ਹੈਂ, ਜਿਹੜਾ ਤੂੰ ਆਪਣੇ ਆਪ ਨੂੰ ਮੈਂ ਸਮਝਦਾ ਹੈਂ, ਹੁਣ ਸਮਝਾਉਣ ਤੋਂ ਬਾਅਦ ਇਹਦੇ ਵਿੱਚ ਵੀ ਤੇ ਸਾਰੇ ਸੰਸਾਰ ਦੇ ਅੰਦਰ ਇਕ ਗੁਪਤ ਜੋਤ ਵਰਤ ਰਹੀ ਹੈ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਉਹਨੂੰ ਲੋਕ ਪ੍ਰਮੇਸ਼ਰ, ਅੱਲਾਹ, ਵਾਹਿਗੁਰੂ, ਗੋਬਿੰਦ, ਨਾਰਾਇਣ ਦਾ ਨਾਉਂ ਦੇ ਕੇ, ਉਹਨੂੰ ਸਮਝਣ ਦਾ ਯਤਨ ਕਰਦੇ ਨੇ। ਦਰਅਸਲ ਉਹਦਾ ਨਾਉਂ ਕੋਈ ਨਹੀਂ ਹੈ, ਉਹਦਾ ਨਾਉਂ ਇੱਕੋ ਹੀ ਹੈ 'ਸਤਿਨਾਮੁ' -

*ਸਤਿ ਨਾਮੁ ਤੇਰਾ ਪਰਾ ਪੂਰਬਲਾ ॥ ਅੰਗ - ੧੦੮੩*

ਉਹ ਸਤਿ ਹੈ।

*ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥*
*ਊਚ ਨੀਚ ਮਹਿ ਜੋਤਿ ਸਮਾਣੀ*
*ਘਟਿ ਘਟਿ ਮਾਧਉ ਜੀਆ ॥ ਅੰਗ - ੬੧੭*

ਜਿਵੇਂ ਸਾਰੇ ਦਰਖਤਾਂ ਦੇ ਅੰਦਰ ਅੱਗ ਛੁਪੀ ਹੋਈ ਹੈ, ਜਦੋਂ ਸੁੱਕ ਜਾਂਦਾ ਹੈ ਦਰਖਤ, ਬਾਹਰੋਂ ਅਸੀਂ ਅੱਗ ਲਾਉਂਦੇ ਹਾਂ, ਉਹਦੇ ਅੰਦਰਲੀ ਅੱਗ ਪ੍ਰਗਟ ਹੋ ਕੇ ਉਹ ਜਲਣਾ ਸ਼ੁਰੂ ਹੋ ਜਾਂਦੀ ਹੈ। ਜਿੰਨੇ ਵੀ ਦੁੱਧ ਨੇ ਹਰੇਕ ਦੇ ਅੰਦਰ ਚਿਕਨਾਈ ਹੈ। ਏਸੇ ਤਰ੍ਹਾਂ ਦੇ ਨਾਲ, ਉੱਚੇ 'ਚ, ਨੀਚੇ 'ਚ, ਪਾਪੀ 'ਚ, ਪੁੰਨੀ 'ਚ ਹਰੇਕ ਦੇ ਅੰਦਰ ਵਾਹਿਗੁਰੂ ਦੀ ਜੋਤ ਸਮਾਈ ਹੋਈ ਹੈ।

*ਸੰਤਹੁ ਘਟਿ ਘਟਿ ਰਹਿਆ ਸਮਾਹਿਓ ॥ ਅੰਗ - ੬੧੭*

ਕਹਿੰਦੇ ਹਰੇਕ ਦੇ ਅੰਦਰ ਵਾਹਿਗੁਰੂ ਸਮਾਇਆ ਹੋਇਆ ਹੈ, ਕਿਤੇ ਊਣਤਾਈ ਨਹੀਂ ਹੈ।

*ਪੂਰਨ ਪੂਰਿ ਰਹਿਓ ਸਰਬ ਮਹਿ*
*ਜਲਿ ਥਲਿ ਰਮਈਆ ਆਹਿਓ ॥ ਅੰਗ - ੬੧੭*

ਐਉਂ ਨਹੀਂ ਕਿ ਇੱਥੇ ਕੁ ਰੱਬ ਹੈ ਨਹੀਂ। ਸਾਰੇ ਇੱਕੋ ਹੀ ਜੋਤ ਪਰੀਪੂਰਨ, ਅੰਦਰ ਬਾਹਰ ਸਾਰਿਆਂ ਦੇ ਅੰਦਰ ਹੈ।

*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥*
*ਅੰਗ - ੬੮੪*

*ਗੁਣ ਨਿਧਾਨ ਨਾਨਕੁ ਜਸੁ ਗਾਵੈ*
*ਸਤਿਗੁਰਿ ਭਰਮੁ ਚੁਕਾਇਓ ॥*
*ਸਰਬ ਨਿਵਾਸੀ ਸਦਾ ਅਲੇਪਾ*
*ਸਭ ਮਹਿ ਰਹਿਆ ਸਮਾਇਓ ॥ ਅੰਗ - ੬੧੭*

ਇਹ ਨਿਹਚੇ 'ਚ ਲਿਆ ਤੂੰ ਕਿ ਸਾਰਿਆਂ ਦੇ ਅੰਦਰ ਇੱਕ ਜੋਤ ਹੈ, ਵਾਹਿਗੁਰੂ ਆਪੇ ਹੀ ਵਰਤਦਾ ਹੈ ਜਦੋਂ ਤੂੰ ਨਾਮ ਜਪੇਂਗਾ, ਵਾਹਿਗੁਰੂ ਕਹੇਂਗਾ, ਫੇਰ ਤੂੰ ਹਨ੍ਹੇਰੇ 'ਚ ਹਾਕਾਂ ਨਹੀਂ ਮਾਰੇਂਗਾ। ਫੇਰ ਤੇਰੇ ਨਾਲ ਹੀ ਹੈ, ਕੋਲ ਹੀ ਹੈ ਜਿਹਨੂੰ ਤੂੰ ਵਾਹਿਗੁਰੂ ਕਹਿੰਦਾ ਹੈਂ। ਵਾਹਿਗੁਰੂ ਕਹਿ ਕੇ ਆਹ ਜਿਹੜੇ ਚਾਰ ਅੱਖਰ ਨੇ, ਇਹਦੇ ਪਿਛਲੇ ਪਾਸੇ ਹੀ ਹੈ। ਇਹਦੇ ਵਿੱਚ ਸਮਾਇਆ ਹੋਇਆ ਹੈ, ਅੱਖਰਾਂ 'ਚ। ਇਨ੍ਹਾਂ ਅੱਖਰਾਂ 'ਚੋਂ ਹੀ ਪ੍ਰਗਟ ਹੋ ਜਾਣਾ ਹੈ। ਦੂਸਰੀ ਬਾਤ ਜਿਹੜੀ ਹੈ ਉਹ ਅੰਦਰ ਬੈਠਾ ਚੁੱਪ-ਚਾਂਦ ਨਹੀਂ, ਤੇਰੇ ਨਾਲ ਨਰਾਜ਼ ਨਹੀਂ ਹੈਗਾ, ਉਹ ਨਰਾਜ਼ ਕਦੇ ਹੁੰਦਾ ਹੀ ਨਹੀਂ। ਜਾਣਿਆ ਹੀ ਨਹੀਂ ਉਹਨੇ ਨਰਾਜ਼ ਹੋਣਾ। ਉਹ ਕੀ ਕਰਦਾ ਹੈ ਕਹਿੰਦੇ ਪਿਆਰ ਕਰਦਾ ਹੈ, ਤੂੰ ਸੁੱਤਾ ਹੁੰਦਾ ਹੈਂ ਤੇਰੀ ਰੋਟੀ ਨੂੰ ਹਜ਼ਮ ਕਰਨ ਦਾ ਕੰਮ ਉਹ ਕਰ ਰਿਹਾ ਹੁੰਦਾ ਹੈ। ਤੂੰ ਸੁੱਤਾ ਹੁੰਦਾ ਹੈਂ ਤੇਰੇ ਮਨ ਨੂੰ ਸ਼ਾਂਤੀ, ਸਰੀਰ ਨੂੰ ਸ਼ਾਂਤੀ ਦੇਣ ਦੀ ਕਿਰਿਆ ਸਾਰੀ ਉਹ ਕਰ ਰਿਹਾ ਹੁੰਦਾ ਹੈ। ਉਹ ਪਿਆਰ ਕਰਦਾ ਹੈ। ਉਹ ਐਡਾ ਸਮਰੱਥ ਹੈ ਕਿ ਤੈਨੂੰ ਸੰਭਾਲਦਾ ਹੋਇਆ, ਸਾਰੀ ਦੁਨੀਆਂ ਨੂੰ ਸੰਭਾਲ ਰਿਹਾ ਹੈ।

*ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ ॥*
*ਕਹੁ ਨਾਨਕ ਪ੍ਰਭ ਤੁਮਰੇ ਬਿਸਰਤ ਜਗਤ ਜੀਵਨੁ ਕੈਸੇ ਪਾਵੈ ॥*
*ਅੰਗ - ੬੧੭*

ਉਹਦੇ 'ਚ ਕ੍ਰੋਧ ਨਹੀਂ ਹੈਗਾ। ਕਹਿੰਦੇ ਹੁਣ ਭਾਈ ਪ੍ਰੇਮੀਆਂ! ਇੱਕ ਗੱਲ ਹੋਰ ਸਮਝ। ਉਹ ਇਹ ਹੈ ਕਿ ਜਦੋਂ ਤੂੰ ਏਸ ਗੱਲ ਨੂੰ ਚਿਤਵਦਾ-ਚਿਤਵਦਾ, ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਕਰਦਾ-ਕਰਦਾ ਇਹ ਤੇਰੇ ਅੰਦਰ ਲਿਵ ਦਾ ਰੂਪ ਧਾਰਨ ਕਰ ਜਾਏਗਾ। ਫੇਰ ਤੈਨੂੰ ਅਸਲੀ ਜ਼ਿੰਦਗੀ ਪ੍ਰਾਪਤ ਹੋ ਜਾਏਗੀ, ਜਿਹਨੂੰ ਜੀਵਨ ਕਹਿੰਦੇ ਨੇ। ਬਾਕੀ ਸਾਰਾ ਸੰਸਾਰ ਮਰਿਆ ਹੋਇਆ ਹੈ, ਮੁਰਦਾ ਹੈ।

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ - ੨੫੩*

ਪਿਆਰ ਤੋਂ ਵਿਹੂਣਾ ਹੈ, ਕਿਉਂਕਿ ਪਿਆਰ ਵਾਹਿਗੁਰੂ ਨੂੰ ਕਰਨਾ ਹੈ, ਵਾਹਿਗੁਰੂ ਦਾ ਤਾਂ ਉਹਨੂੰ ਪਤਾ ਹੀ ਨਹੀਂ, ਪਿਆਰ ਕਿਥੋਂ ਕਰੇਗਾ। ਕਹਿੰਦੇ, ਉਹਦਾ ਜਿਹੜਾ ਜੀਵਨ ਹੈ ਉਹ ਮੁਰਦਾ ਹੈ, ਨਾਲ ਸਮਝਾਉਣ ਲੱਗੇ ਕਿ ਜਦੋਂ ਗੁਰੂ ਨਾਨਕ ਪਾਤਸ਼ਾਹ ਬਾਰ੍ਹਾਂ ਸਾਲਾਂ ਤੋਂ ਬਾਅਦ ਆਉਂਦੇ ਨੇ, ਘਰ ਆ ਗਏ ਤੇ ਮਾਤਾ ਦਾ ਚਿੱਤ ਕਰਦਾ ਹੈ ਕਿ ਮੈਂ ਕੋਈ ਗੱਲਾਂ ਕਰਾਂ ਪੁੱਤਰ ਨਾਲ। ਉਹ ਕਈ ਵਾਰੀ ਗੱਲਾਂ ਪੁੱਛਦੀ ਹੈ ਕਿ ਪੁੱਤਰ! ਫੇਰ ਤੁਸੀਂ ਕਿੱਥੇ ਰਹੇ। ਫੇਰ ਉਥੇ ਕਿਵੇਂ ਗਏ, ਫਲਾਣੇ ਥਾਂ ਗਏ। ਮਰਦਾਨੇ ਨੇ ਅੱਜ ਮੈਨੂੰ ਦੱਸਿਆ ਹੈ ਕਿ ਤੁਸੀਂ ਉਥੇ ਵੀ ਗਏ ਸੀ। ਮਹਾਰਾਜ ਜੀ ਚੁੱਪ ਨੇ, ਦੇਖ ਲੈਂਦੇ ਨੇ, ਮੁਸਕਰਾ ਪੈਂਦੇ ਨੇ, ਉਸ ਤੋਂ ਬਾਅਦ ਫੇਰ ਚੁੱਪ ਨੇ। ਮਾਂ ਨੇ ਕਿਹਾ ਕਿ ਬੇਟਾ! ਭਜਨ ਕਰਨ ਵਾਲੇ ਤਾਂ ਮੈਂ ਦੇਖਦੀ ਰਹਿੰਦੀ ਹਾਂ, ਬਹੁਤ ਸਾਧੂ ਆਉਂਦੇ ਨੇ। ਉਹ ਥੋੜ੍ਹੀ ਘੜੀ ਦੀ ਘੜੀ ਭਜਨ ਕਰਦੇ ਨੇ, ਫੇਰ ਹੱਸਦੇ ਨੇ ਗੱਲਾਂ ਕਰਦੇ ਨੇ, ਵਿਹਾਰ ਦੀਆਂ ਗੱਲਾਂ ਕਰਦੇ ਨੇ। ਤੇਰੇ ਬੱਚੇ ਨੇ ਤੂੰ ਬੱਚਿਆਂ ਦੀ ਸੁਖ-ਸਾਂਦ ਪੁੱਛ। ਕੋਈ ਹੋਰ ਸਾਡੇ ਤੋਂ ਗੱਲਾਂ ਪੁੱਛ ਕਿ ਤੁਸੀਂ ਕਿਵੇਂ ਰਹੇ। ਕੀ ਗੱਲ ਤੂੰ ਗੱਲ ਕਰਨੀ ਨਹੀਂ ਸਾਡੇ ਨਾਲ ਤੇ ਹਰ ਵਕਤ ਹੀ ਤੂੰ ਭਜਨ ਕਰੀ ਜਾਨਾਂ ਹੈਂ? ਮਹਾਰਾਜ ਕਹਿਣ ਲੱਗੇ, ਮਾਤਾ! ਜਿਹਨੂੰ ਤੂੰ ਭਜਨ ਕਹਿੰਦੀ ਹੈਂ ਇਹ ਇੱਕ ਜੀਵਨ ਹੁੰਦਾ ਹੈ, ਇਹ ਲਗਾਤਾਰੀ ਲਿਵ ਜਿਹਦੇ ਅੰਦਰ ਪ੍ਰਗਟ ਹੋ ਜਾਂਦੀ ਹੈ, ਉਸਨੂੰ ਅਨੁਭਵ ਹੁੰਦਾ ਹੈ, ਬਾਕੀ ਸੰਸਾਰ ਤਾਂ ਮਰਿਆ ਹੋਇਆਂ ਦਾ ਸੰਸਾਰ ਹੈ ਕਿਉਂਕਿ ਭੁੱਲੇ ਹੋਏ ਨੇ -

*ਮਰਣੰ ਬਿਸਰਣੰ ਗੋਬਿੰਦਹ ॥ ਅੰਗ - ੧੩੬੧*

ਜਿਹੜੇ ਗੋਬਿੰਦ ਨੂੰ ਭੁੱਲੇ ਹੋਏ ਨੇ ਕਹਿੰਦੇ ਸਾਰੇ ਮਰੇ ਹੋਏ ਨੇ।

*ਜੀਵਣੰ ਹਰਿ ਨਾਮ ਧ੍ਯਾਵਣਹ ॥ ਅੰਗ - ੧੩੬੧*

ਜੀਉਂਦੇ ਉਹ ਨੇ, ਜਿਨ੍ਹਾਂ ਦੇ ਧਿਆਨ ਵਿੱਚ ਚੌਵੀ ਘੰਟੇ ਪ੍ਰਮੇਸ਼ਰ ਦੇ ਨਾਮ ਦੀ ਲਿਵ ਰਹਿੰਦੀ ਹੈ। ਮੈਨੂੰ ਫੁਰਸਤ ਨਹੀਂ ਹੈ ਕਿਉਂਕਿ ਮੈਂ ਇੱਕ ਜੀਵਨ, ਜਿਹੜਾ ਲਗਾਤਾਰੀ ਜੀਵਨ ਹੈ, ਉਹ ਜੀਵਨ ਦੇ ਵਿੱਚ ਮੈਂ ਰਹਿੰਦਾ ਹਾਂ। ਜੇ ਮੈਂ ਉਹਦੇ ਵਿਚੋਂ ਨਿਕਲ ਆਵਾਂ ਤਾਂ ਮੈਂ ਜੀਉਂਦਾ ਨਹੀਂ ਰਹਿੰਦਾ -

*ਧਾਰਨਾ - ਆਖਾ ਜੀਵਾ ਵਿਸਰੇ ਮਰ ਜਾਵਾਂ।*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*

*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

***ਅੰਗ - ੭੦੮***

ਮਾਤਾ! ਮੱਛੀ ਪਾਣੀ ਤੋਂ ਬਗੈਰ ਜੀਉਂਦੀ ਨਹੀਂ ਰਹਿ ਸਕਦੀ। ਇਸੇ ਤਰ੍ਹਾਂ -

***ਆਖਾ ਜੀਵਾ ਵਿਸਰੈ ਮਰਿ ਜਾਉ ॥*** ***ਅੰਗ - ੯***

ਕਹਿਣ ਲੱਗੇ, ਫੇਰ ਸਾਰੇ ਕਿਉਂ ਨਹੀਂ ਕਹਿੰਦੇ। ਇਹ ਜੀਵਨ ਹੈ ਤਾਂ ਸਾਰੇ ਕਿਉਂ ਨਹੀਂ ਇਸ ਜੀਵਨ 'ਚ ਜੀਉਂਦੇ। ਮਹਾਰਾਜ ਕਹਿੰਦੇ, ਬੜਾ ਔਖਾ ਹੈ। ਸਾਰੇ ਨਹੀਂ ਜਿਉਂ ਸਕਦੇ -

***ਧਾਰਨਾ - ਆਖਣ ਅਉਖਾ ਸਾਚਾ ਨਾਉ।***

ਮਾਤਾ ਨਾਮ ਜਪਣਾ, ਨਾਮ ਦੇ ਵਿਚ ਸੁਰਤ ਲਾ ਕੇ ਲਗਾਤਾਰ ਲਿਵ ਦੀ ਅਵਸਥਾ 'ਚ ਰਹਿਣਾ ਇਹ ਹਰ ਬੰਦਾ ਨਹੀਂ ਕਰ ਸਕਦਾ। ਇਹ ਬਹੁਤ ਔਖੀ ਬਾਤ ਹੈ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਜਦੋਂ ਖਾਲਸੇ ਦੀ ਰਚਨਾ ਕੀਤੀ ਤਾਂ ਆਪ ਨੇ ਇੱਕ ਐਸਾ ਕੌਤਕ ਵਰਤਾਇਆ, ਬੜਾ ਭਾਰਾ ਯੱਗ ਕੀਤਾ। ਉਸ ਯੱਗ ਦੇ ਅੰਦਰ ਸਾਰਿਆਂ ਨੂੰ ਨਿਮੰਤਰਣ ਦਿੱਤਾ। ਲੇਕਿਨ ਕੁਦਰਤ ਐਸੀ ਹੋਈ ਕਿ ਬ੍ਰਾਹਮਣਾਂ ਨੂੰ ਨਿਮੰਤਰਣ ਦੇਣਾ ਭੁੱਲ ਗਏ। ਮਹਾਰਾਜ ਨੇ ਲਿਖਿਆ ਹੈ ਕਿ ਸਾਡੇ ਯਾਦ ਨਹੀਂ ਰਿਹਾ। ਅਸੀਂ ਜਾਣ ਕੇ ਨਹੀਂ ਤੁਹਾਨੂੰ ਛੱਡਿਆ, ਯਾਦ ਤੋਂ ਭੁੱਲ ਗਏ। ਜਿਸ ਵਕਤ ਆਏ ਉਹ, ਪਹਿਲਾਂ ਸੁਨੇਹਾ ਦਿੱਤਾ ਹੋਇਆ ਸੀ, ਆਪਣੇ ਡੇਰਿਆਂ 'ਚ ਬੈਠੇ ਸੀ ਆਰਾਮ ਨਾਲ ਕਿ ਕੋਈ ਬੁਲਾਏਗਾ ਤਾਂ ਜਾਵਾਂਗੇ, ਜਦੋਂ ਪਤਾ ਲੱਗਿਆ ਕਿ ਲੰਗਰ ਤਾਂ ਸ਼ੁਰੂ ਹੋ ਗਿਆ ਯੱਗ, ਹੁਣ ਦੱਛਣਾ ਵਗੈਰਾ। ਉਸ ਵੇਲੇ ਮਹਾਰਾਜ ਜੀ ਕੋਲ ਆ ਗਏ, ਮਹਾਰਾਜ ਜੀ ਨੇ ਖਾਲਸੇ ਨੂੰ ਹੀ ਦੇ ਦਿੱਤੀ ਦੱਛਣਾ। ਉਸ ਵੇਲੇ ਇਨ੍ਹਾਂ ਨੇ ਬੜਾ ਭਾਰਾ ਇਤਰਾਜ਼ ਕਰਿਆ ਕਿ ਮਹਾਰਾਜ! ਤੁਸੀਂ ਮਰਿਆਦਾ ਪੁਰਸ਼ੋਤਮ ਹੋਂ, ਕਲਜੁਗ ਦੇ ਅਵਤਾਰ ਹੋਂ ਤੇ ਪਿਛਲੇ ਜੁਗਾਂ 'ਚ ਜੋ ਮਰਿਆਦਾ ਚਲਦੀ ਸੀ, ਉਹਦੇ ਨਾਲ ਬੰਨ੍ਹਣ ਵਾਸਤੇ ਸੰਸਾਰ 'ਤੇ ਆਏ ਓਂ, ਤਿੰਨਾਂ ਜੁਗਾਂ ਦੇ ਅੰਦਰ ਬ੍ਰਾਹਮਣ ਦਾ ਸਤਿਕਾਰ ਹੁੰਦਾ ਆਇਆ ਤੇ ਇਹਨੂੰ ਉਚੇ ਥਾਂ 'ਤੇ ਬਿਠਾਉਂਦੇ ਸੀ, ਗੁਰੂ ਮੰਨਦੇ ਸੀ। ਮਹਾਰਾਜ ਮੁਸਕਰਾ ਪਏ ਕਿ ਬਾਣੀ ਦੇ ਅੰਦਰ ਤਾਂ-

***ਕਬੀਰ ਬਾਮਨੁ ਗੁਰੂ ਹੈ ਜਗਤ ਕਾ***
***ਭਗਤਨ ਕਾ ਗੁਰੁ ਨਾਹਿ ॥*** ***ਅੰਗ - ੧੩੭੭***

ਮਹਾਰਾਜ ਕਹਿੰਦੇ, ਕੀ ਗੱਲ ਤੁਹਾਨੂੰ ਨਰਾਜ਼ੀ ਕੀ ਹੋ ਗਈ, ਅਸੀਂ ਤਾਂ ਉਵੇਂ ਜਿਵੇਂ ਤੁਹਾਡਾ ਆਦਰ ਕਰਦੇ ਹਾਂ। ਕਹਿੰਦੇ, ਮਹਾਰਾਜ! ਸਾਨੂੰ ਪਹਿਲਾਂ ਛਕਾਇਆ ਜਾਂਦਾ ਸੀ ਤੇ ਸਾਨੂੰ ਪੂਜਿਆ ਜਾਂਦਾ ਸੀ, ਮੰਨਿਆ ਜਾਂਦਾ ਸੀ ਤੇ ਹੁਣ ਰੁਜ਼ਗਾਰ ਸਾਡਾ ਖੋਹ ਲਿਆ ਕਲਜੁਗ ਦੇ ਅੰਦਰ, ਤੁਹਾਡੀ ਸਿੱਖੀ ਹੀ ਹੈ ਸਾਰੇ ਭਾਰਤ ਵਰਸ਼ ਦੇ ਅੰਦਰ। ਸਾਧਸੰਗਤ ਜੀ! ਗੁਰੂ ਮਹਾਰਾਜ ਦੇ ਵੇਲੇ ਸਾਰੇ ਹਿੰਦੋਸਤਾਨ 'ਚ ਸਿੱਖੀ ਸੀ। ਉਹ ਤਾਂ ਪਿਛਲਿਆਂ ਤੋਂ ਸਾਂਭੀ ਨਹੀਂ ਗਈ, ਹੌਲੀ-ਹੌਲੀ ਮੱਧਮ ਪੈ ਗਈ, ਸਾਰੇ ਜਾ ਕੇ ਦੇਖ ਲਓ ਲੰਕਾ ਤੱਕ ਗੁਰਦੁਆਰੇ ਬਣੇ ਹੋਏ ਨੇ, ਗੁਰੂ ਨਾਨਕ ਪਾਤਸ਼ਾਹ ਦੇ। ਕੋਈ ਤਾਂ ਸੰਭਾਲਦਾ ਸੀ ਉਥੇ। ਜੇ ਸਿੱਖੀ ਸੀ ਤਾਂ ਹੀ ਉਥੇ ਗੁਰਦੁਆਰੇ ਸਾਂਭੇ ਜਾਂਦੇ ਸੀ ਕਿ ਸਾਰੇ ਭਾਰਤ ਵਰਸ਼ ਵਿੱਚ ਤੁਹਾਡੀ ਸਿੱਖੀ ਹੈ ਹੁਣ ਸਾਨੂੰ ਕੌਣ ਪੁੱਛੇਗਾ, ਮਹਾਰਾਜ ਕਹਿੰਦੇ, ਕੋਈ ਨਾ ਤੁਹਾਡੀ ਪੁੱਛ ਕਰ ਲਵਾਂਗੇ। ਲੇਕਿਨ ਪੰਡਤ ਜੀ! ਮੇਰੇ ਗੁਰਸਿੱਖ ਬੰਦਗੀ ਕਰਦੇ ਨੇ ਇਨ੍ਹਾਂ ਦੀ ਸੇਵ ਕੀਤੀ ਹੋਈ ਮੈਨੂੰ ਚੰਗੀ ਲਗਦੀ ਹੈ।

***ਸੇਵ ਕਰੀ ਇਨਹੀ ਕੀ ਭਾਵਤ***
***ਅਉਰ ਕੀ ਸੇਵ ਸੁਹਾਤ ਨ ਜੀ ਕੋ॥***
***ਦਾਨ ਦਯੋ ਇਨ ਹੀ ਕੋ ਭਲੋ***
***ਅਰੁ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨ ਹੀ ਕੋ ਦਯੋ,***
***ਜਗ ਮੈ ਜਸੁ ਅਉਰ ਦਯੋ ਸਭ ਫੀਕੋ॥***
***ਮੋ ਗ੍ਰਹਿ ਮੈ ਤਨ ਤੇ ਮਨ ਤੇ,***
***ਸਿਰ ਲਉ ਧਨ ਹੈ ਸਭ ਹੀ ਇਨਹੀ ਕੋ॥***

***ਗਿਆਨ ਪ੍ਰਬੋਧ ਪਾ. ੧੦***

ਕਹਿੰਦੇ ਜਿਹੜਾ ਅੱਗੇ ਫਲਣਾ ਹੈ ਉਹ ਵੀ ਇਨ੍ਹਾਂ ਬੰਦਗੀ ਕਰਨ ਵਾਲਿਆਂ ਨੂੰ ਦਿੱਤਾ ਹੋਇਆ ਹੀ ਫਲਣਾ ਹੈ। ਚਲੋ, ਤੁਹਾਡਾ ਕੋਈ ਅਸੀਂ ਮਾਣ ਨਹੀਂ ਤੋੜਦੇ। ਤੁਹਾਨੂੰ ਰੋਜ਼ ਪੰਜ ਮੋਹਰਾਂ ਮਿਲਿਆ ਕਰਨਗੀਆਂ। ਠੀਕ ਹੈ ਨਾ, ਸੋਨੇ ਦੀਆਂ ਮੋਹਰਾਂ। ਪੰਜ ਪੌਂਡ ਦਾ ਜੇ ਅੱਜ ਮੁੱਲ ਲਾਈਏ ਤਾਂ ਚਾਰ ਸੌ ਰੁਪਿਆ ਹੈ, ਲੇਕਿਨ ਮੋਹਰਾਂ ਦਾ ਤਾਂ ਇਸ ਤੋਂ ਵੀ ਜ਼ਿਆਦਾ ਸੀ, ਅੱਜ ਦੇ ਸਿੱਕੇ ਨਾਲੋਂ। ਬਾਕੀ ਅੱਜ ਤੁਹਾਨੂੰ ਅਸੀਂ ਵਸਤਰ ਵੀ ਨਵੇਂ ਦੇਵਾਂਗੇ ਰੇਸ਼ਮ ਦੇ, ਚਾਦਰਾਂ ਵੀ ਦੇਵਾਂਗੇ ਤੇ ਹੋਰ ਵੀ ਤੁਹਾਡੀ ਸੇਵਾ ਜੋ ਤੁਸੀਂ ਕਹੋਂਗੇ, ਕਰਾਂਗੇ। ਬਿਸਤਰੇ ਵੀ ਦੇਵਾਂਗੇ ਨਵੇਂ ਰੇਸ਼ਮ ਦੇ ਤੇ ਤੁਸੀਂ ਇੱਕੋ ਕੰਮ ਕਰਿਆ ਕਰੋ, ਹੋਰ ਅਸੀਂ ਤੁਹਾਡੇ ਤੋਂ ਕੋਈ ਕੰਮ ਨਹੀਂ ਲੈਣਾ, ਪੱਤਰੀਆਂ ਨਹੀਂ ਖੁਲ੍ਹਾਉਣੀਆਂ, ਹੋਰ ਨਹੀਂ ਕੁਛ ਕਰਨਾ। ਕਹਿੰਦੇ, ਦੱਸੋ, ਮਹਾਰਾਜ! ਕਿਹੜਾ ਕੰਮ ਹੈ?

ਮਹਾਰਾਜ! ਕਹਿੰਦੇ, ਤਿਆਰ ਹੋ ਕੇ ਆਏ ਹੋਂ?

ਕਹਿੰਦੇ ਹਾਂ।

ਮਹਾਰਾਜ ਕਹਿੰਦੇ, ਸਵੇਰੇ ਆਇਓ। ਪ੍ਰਸ਼ਾਦ ਪਾਣੀ ਇੱਥੇ ਹੀ ਮਿਲੇਗਾ, ਦੱਸੋ ਕੀ ਬਣਾਈਏ?

ਜਿਸ ਤਰ੍ਹਾਂ ਦਾ ਉਨ੍ਹਾਂ ਨੇ ਕਿਹਾ, ਉਸ ਤਰ੍ਹਾਂ ਦਾ ਮਹਾਰਾਜ ਜੀ ਨੇ ਪ੍ਰਸ਼ਾਦ ਪਾਣੀ ਤਿਆਰ ਕਰਵਾਇਆ, ਸਾਰੇ ਬੁਲਾ ਲਏ, ਆਸਣ ਵਿਛਾ ਦਿੱਤੇ, ਮਾਲਾ ਰੱਖ ਦਿੱਤੀ ਹਰੇਕ ਆਸਣ 'ਤੇ। ਕਹਿੰਦੇ, ਪਹਿਲਾਂ ਛਕ ਲਓ। ਜਿਹਨੇ ਕਦੇ ਸੰਜਮ ਨਾ ਕਰਿਆ ਹੋਵੇ, ਉਹ ਅਲਪ ਅਹਾਰ ਨਹੀਂ ਕਰ ਸਕਦਾ। ਸੁਆਦੂ ਭੋਜਨ ਸੀ, ਪੇਟ ਭਰ ਲਿਆ। ਡਕਾਰ ਆਉਣੇ ਸ਼ੁਰੂ ਹੋ ਗਏ। ਕਹਿੰਦੇ, ਹੁਣ ਐਉਂ ਕਰੋ, ਆਹ ਆਸਣਾਂ 'ਤੇ ਬਹਿ ਜਾਓ ਤੇ ਚਾਰ ਘੰਟੇ ਬਾਅਦ ਤੁਹਾਨੂੰ ਛੁੱਟੀ ਹੋਏਗੀ। ਦੋ ਘੰਟੇ ਬਾਅਦ ਸਰਦਾਈ ਜਲ ਪਾਣੀ ਆਏਗਾ, ਉਸ ਤੋਂ ਦੋ ਘੰਟੇ ਬਾਅਦ ਤੁਹਾਨੂੰ ਛੁੱਟੀ ਹੋਏਗੀ, ਫੇਰ ਪ੍ਰਸ਼ਾਦਾ ਛਕਣਾ। ਪੱਕਾ ਹੋਏਗਾ ਮਠਿਆਈਆਂ ਦਾ। ਉਸ ਤੋਂ

ਦੋ ਘੰਟੇ ਬਾਅਦ ਅਸੀਂ ਜਲ ਪਾਣੀ ਲਿਆਵਾਂਗੇ। ਫੇਰ ਦੋ ਘੰਟੇ ਬਾਅਦ ਤੁਹਾਨੂੰ ਛੁੱਟੀ ਦੇ ਦਿੱਤੀ ਜਾਏਗੀ ਤੇ ਆਹ ਮੋਹਰਾਂ 'ਤੇ ਆਹ ਤੁਹਾਡੀ ਦਕਸ਼ਣਾ ਸਾਰੀ ਤਿਆਰ ਪਈ ਹੈ। ਕਹਿੰਦੇ, ਕੰਮ? ਕਹਿੰਦੇ, ਇਥੇ ਬੈਠ ਜਾਓ, ਮਨ ਨਹੀਂ ਜਾਣ ਦੇਣਾ ਕਿੱਧਰੇ, ਬੋਲਣਾ ਨਹੀਂ ਹੈ, ਚਿੱਤ ਇਕਾਗਰ ਕਰਕੇ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਸੌਣਾ ਨਹੀਂ ਹੈ, ਗੱਲਾਂ ਨਹੀਂ ਕਰਨੀਆਂ। ਪਹਿਰੇਦਾਰ ਸਾਡਾ ਖੜ੍ਹਾ ਹੈ, ਫੇਰ ਜੇ ਉਹ ਗੁੱਸੇ ਹੋਇਆ ਤੁਹਾਡੇ ਨਾਲ, ਇਹ ਤੁਹਾਡਾ ਕਸੂਰ ਹੋਏਗਾ, ਸਾਡਾ ਦੋਸ਼ ਨਹੀਂ ਹੋਏਗਾ।

ਕਹਿੰਦੇ, ਠੀਕ ਹੈ, ਮਹਾਰਾਜ।

ਕਹਿੰਦੇ, ਪੰਜ ਮੋਹਰਾਂ ਰੋਜ਼ ਮਿਲਿਆ ਕਰਨਗੀਆਂ।

ਬੜੀ ਖੁਸ਼ੀ ਦੇ ਨਾਲ ਬੈਠ ਗਏ, ਦੋ ਘੰਟੇ ਤੋਂ ਪਹਿਲਾਂ ਹੀ ਉਬਾਸੀਆਂ ਆਉਣੀਆਂ ਸ਼ੁਰੂ ਹੋ ਗਈਆਂ। ਝੂਟੇ ਲੈਣ ਲੱਗ 22233 ਗਏ ਨੀਂਦ ਦੇ। ਭਾਈ ਆਲਮ ਸਿੰਘ ਨੂੰ ਪਹਿਰੇ 'ਤੇ ਖੜ੍ਹਾਇਆ ਹੋਇਆ ਸੀ, ਮਹਾਰਾਜ ਕਹਿੰਦੇ, ਭਾਈ ਆਲਮ ਸਿੰਘਾ! ਜਗਾ ਇਨ੍ਹਾਂ ਨੂੰ। ਡੰਡਾ ਸੀ ਉਹਦੇ ਕੋਲ, ਉਹ ਪਿੱਠ ਨਾਲ ਲਾ ਦਿਆ ਕਰੇ, ਜਿਹੜਾ ਸੌਣ ਲੱਗੇ। ਸਾਵਧਾਨ! ਸਾਵਧਾਨ!

ਔਖੇ ਹੋ ਗਏ, ਉਬਾਸੀ ਇੱਕ ਨੂੰ ਆਈ ਸਾਰਿਆਂ ਨੂੰ ਲੱਗ ਗਈਆਂ ਆਉਣ। ਪਹਿਰੇਦਾਰ ਨੇ ਕਿਹਾ, ਨਾ ਉਬਾਸੀ ਨਾ ਲਓ, ਚੁੱਪ। ਦੋ ਘੰਟੇ ਹੋਰ ਕੱਢੇ। ਦੋ ਘੰਟੇ ਬਾਅਦ ਜਲ ਪਾਣੀ ਆ ਗਿਆ। ਪੀਤਾ। ਦੋ ਘੰਟੇ ਬਾਅਦ ਫੇਰ ਪੱਕਾ ਭੋਜਨ ਆ ਗਿਆ। ਛਕਿਆ। ਗੱਲਾਂ ਕਰਨ ਲਗ ਗਏ। ਹੁਣ ਚਿੱਤ ਨਹੀਂ ਲਗਦਾ। ਜਦੋਂ ਮੌਕਾ ਦੇਖਦੇ ਨੇ ਇੱਕ ਦੂਜੇ ਨਾਲ ਗੱਲ ਕਰਦੇ ਨੇ। ਐਨੇ ਨੂੰ ਸਿੰਘ ਕਰੜੇ ਹੋ ਗਏ, ਕਹਿੰਦੇ ਅਸੀਂ ਫੇਰ ਜ਼ੋਰ ਨਾਲ ਮਾਰਨਾ ਹੈ ਪਿੱਠ 'ਚ, ਫੇਰ ਪੰਡਤ ਜੀ! ਸਾਡਾ ਦੋਸ਼ ਨਹੀਂ। ਡਿਊਟੀ ਦੇਵੋ ਪੂਰੀ ਜਿਹੜੀ ਤੁਹਾਨੂੰ ਕਹੀ ਹੈ। ਦੋ ਘੰਟੇ ਹੋਰ ਕਰੇ, ਅੱਠ ਘੰਟੇ ਬਾਅਦ ਮਹਾਰਾਜ ਜੀ ਕਹਿਣ ਲੱਗੇ ਕਿ ਲਿਆਓ ਸਾਰਿਆਂ ਨੂੰ, ਲਓ ਭਾਈ ਪੰਜ-ਪੰਜ ਮੋਹਰਾਂ, ਆਹ ਵਸਤਰ ਲਓ, ਹੋਰ ਆ ਬਿਸਤਰੇ ਵੀ ਤੁਹਾਨੂੰ ਦਿੰਦੇ ਹਾਂ। ਕੱਲ੍ਹ ਤੋਂ ਫੇਰ ਤੁਹਾਡੀਆਂ ਪੱਕੀਆਂ ਪੰਜ ਮੋਹਰਾਂ ਤੇ ਮੇਰਾ ਪੰਥ ਇਸੇ ਤਰ੍ਹਾਂ ਤੁਹਾਡੀ ਸੇਵਾ ਕਰਦਾ ਰਹੇਗਾ।

ਕਹਿੰਦੇ, ਸੱਚੇ ਪਾਤਸ਼ਾਹ! ਆਹ ਵੀ ਵਾਪਸ ਲੈ ਲਓ। ਸਾਡੇ ਤੋਂ ਨਹੀਂ ਇਹ ਕੰਮ ਹੁੰਦਾ, ਇਹ ਤਾਂ ਬਹੁਤ ਔਖਾ ਹੈ। ਅਸੀਂ ਅੱਜ ਤਾਂ ਅੱਠ ਘੰਟੇ ਕੱਢ ਦਿੱਤੇ, ਸ਼ਰਮੋ-ਕੁਸ਼ਰਮੀਂ, ਅਸੀਂ ਫੈਸਲਾ ਕਰ ਲਿਆ ਕਿ ਕੱਲ੍ਹ ਤੋਂ ਨਹੀਂ ਕੱਢਣੇ। ਕਹਿੰਦੇ, ਫੇਰ ਤੁਹਾਡਾ ਜਿਹੜਾ ਰਿਜ਼ਕ ਹੈ, ਤੁਸੀਂ ਕਿਹਾ ਕਿ ਸਾਡਾ ਰਿਜ਼ਕ ਮਾਰ ਦਿੱਤਾ। ਕਹਿੰਦੇ, ਨਾ ਸੱਚੇ ਪਾਤਸ਼ਾਹ! -

***ਰਾਹੂ ਕੇਤੂ ਬੈਲ ਹਮਾਰੇ, ਸਾੜਸਤੀ ਹੈ ਖੇਤੀ,***
***ਪੱਤਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ।***

ਮਾਈ ਕੋਲ ਜਾ ਕੇ ਕਹਿ ਦੇਣਾ ਹੈ ਕਿ ਤੇਰੇ ਪੁੱਤਰ ਨੂੰ ਸਿੰਗਾਂ ਵਾਲੇ ਦਾ ਡਰ ਹੈ। ਆਹ ਪੀਲੀ ਧਾਤ ਪਾ ਕੇ ਸੱਤੇ ਅਨਾਜ ਦੇ ਦੇ, ਸਾਰੀਆਂ ਤਾਂ ਦਾਲਾਂ ਆ ਜਾਣਗੀਆਂ, ਵਿੱਚ ਸੋਨੇ ਦੀ ਮੁੰਦਰੀ ਵੀ ਪਾਉਣੀ ਪਏਗੀ ਉਹਨੂੰ। ਮਹਾਰਾਜ! ਆਹ ਤਾਂ ਕੰਮ ਸੁਖਾਲਾ ਜਿਹਾ ਹੈ। ਮਾੜਾ ਜਿਹਾ ਮਾਈ ਨੂੰ ਭਰਮ ਹੀ ਪਾਉਣਾ ਹੈ, ਅਗਲੇ ਘਰ ਨੂੰ ਪਾਉਣਾ ਹੈ, ਅਸੀਂ ਤਾਂ ਇਸ ਤੋਂ ਵੱਧ ਲੈ ਆਉਂਦੇ ਹਾਂ।

ਸੋ ਮਹਾਰਾਜ ਕਹਿਣ ਲੱਗੇ, ਗੁਰੂ ਨਾਨਕ ਪਾਤਸ਼ਾਹ! -

***ਆਖਣਿ ਅਉਖਾ ਸਾਚਾ ਨਾਉ ॥*** ***ਅੰਗ- ੯***

ਪਰ ਇਸ ਨਾਉਂ ਦੇ ਵਿੱਚ ਮਾਤਾ ਬੜੀਆਂ ਬਰਕਤਾਂ ਨੇ -

ਜੇ ਕਿਸੇ ਦੇ ਮਨ ਵਿੱਚ ਖ਼ੁਆਇਸ਼ ਹੋ ਜਾਵੇ ਨਾਮ ਦੀ ਤੇ ਉਹਨੂੰ ਭੁੱਖ ਲਗ ਜਾਵੇ, ਜਿਵੇਂ ਰੋਟੀ ਦੀ ਭੁੱਖ ਲਗਦੀ ਹੈ ਬੰਦੇ ਨੂੰ।

***ਸਾਚੇ ਨਾਮ ਕੀ ਲਾਗੈ ਭੂਖ ॥***
***ਉਤੁ ਭੂਖੈ ਖਾਇ ਚਲੀਅਹਿ ਦੂਖ ॥*** ***ਅੰਗ - ੯***

ਸਾਰੇ ਦੁੱਖਾਂ ਦਾ ਖਾਤਮਾ ਹੋ ਜਾਂਦਾ ਹੈ -

***ਧਾਰਨਾ - ਸਾਰੇ ਦੁੱਖਾਂ ਦਾ ਨਾਸ਼ ਹੋ ਜਾਵੇ,***
***ਸਤਿਨਾਮ ਜਪ ਕੇ ਵਾਹਿਗੁਰੂ।***

ਮਾਤਾ! ਜੇ ਸੱਚੇ ਨਾਮ ਦੀ ਹਿਰਦੇ ਵਿਚ ਭੁੱਖ ਜਾਗ ਪਵੇ, ਕਹਿੰਦੇ, ਫੇਰ ਸਾਰੇ ਦੁੱਖਾਂ ਨੂੰ ਭੁੱਖ ਖਾ ਜਾਂਦੀ ਹੈ। ਜਦੋਂ ਆਦਮੀ ਭੁੱਖਾ ਹੁੰਦਾ ਹੈ ਫੇਰ ਜਿਹੋ ਜਿਹੀ ਵੀ ਰੋਟੀ ਮਿਲ ਜਾਏ ਉਹ ਖਾ ਜਾਂਦਾ ਹੈ। ਇਹ ਭੁੱਖ ਪਤਾ ਹੈ ਕੀ ਕਰਦੀ ਹੈ ਸਾਰੇ ਦੁੱਖਾਂ ਦਾ ਖਾਤਮਾ ਕਰ ਦਿੰਦੀ ਹੈ।

***ਸੋ ਕਿਉ ਵਿਸਰੈ ਮੇਰੀ ਮਾਇ ॥***
***ਸਾਚਾ ਸਾਹਿਬੁ ਸਾਚੈ ਨਾਇ ॥*** ***ਅੰਗ - ੯***

ਦੱਸ ਇਹੋ ਜਿਹਾ ਨਾਮ ਮੈਨੂੰ ਕਿਉਂ ਭੁੱਲੇ।

ਸੋ ਮਹਾਰਾਜ ਕਹਿਣ ਲੱਗੇ, ਭਾਈ ਮੱਲ੍ਹ ਸ਼ਾਹੀ! ਦੇਖ, ਆਹ ਜਿਹੜਾ ਤੈਨੂੰ ਦੱਸਿਆ ਹੈ ਨਾ, ਆਪਣੇ ਆਪ ਨੂੰ ਆਤਮਾ ਸਰੂਪ ਸਮਝ ਤੇ ਹਿਰਦੇ 'ਚ ਆਪਣੇ ਪ੍ਰਮੇਸ਼ਰ ਸਮਝ। ਅੰਦਰ ਵੀ ਬਾਹਰ ਵੀ ਹਰ ਥਾਂ ਤੇਰੇ ਨਾਲ ਰਹਿੰਦਾ ਹੈ। ਇਹ ਜਿਹੜੀ ਨਾਲ ਰਹਿਣ ਦੀ ਭਾਵਨਾ ਹੈ ਨਾ 24 ਘੰਟੇ ਦੀ, ਇਹਨੂੰ ਨਾਮ ਕਹਿੰਦੇ ਨੇ। ਇਹ ਨਾਮ ਦਾ ਫਲ ਹੈ, ਪਹਿਲਾਂ ਵਾਹਿਗੁਰੂ-ਵਾਹਿਗੁਰੂ ਕਰਦੇ ਹਾਂ ਅਸੀਂ। ਇਹਦੇ ਨਾਲ ਅਸੀਂ ਅੰਨਮਈ ਕੋਸ਼ 'ਚੋਂ ਲੰਘ ਜਾਂਦੇ ਹਾਂ, ਸ਼ੁਭ ਕਰਮ ਕਰਕੇ। ਉਸ ਤੋਂ ਬਾਅਦ ਅਸੀਂ ਸਵਾਸ ਦਾ ਨਾਮ ਜਪਦੇ ਹਾਂ। ਇਹਦੇ ਨਾਲ ਅਸੀਂ ਪ੍ਰਾਣਮਈ ਕੋਸ਼ 'ਚੋਂ ਲੰਘ ਜਾਂਦੇ ਹਾਂ। ਫੇਰ ਉਥੋਂ ਆ ਕੇ ਅਸੀਂ ਉਪਾਸ਼ਨਾ ਕਰਦੇ ਹਾਂ। ਚਾਰ ਕਿਸਮ ਦੀ ਉਪਾਸ਼ਨਾ ਹੈ - ਇੱਕ ਤਾਂ ਸਾਕਾਰ ਦੀ ਉਪਾਸ਼ਨਾ ਹੈ। ਇੱਕ ਸ਼ਬਦ ਦੀ ਉਪਾਸ਼ਨਾ ਹੈ, ਇੱਕ ਜੋਤੀ ਸਰੂਪ ਸਮਝ ਕੇ ਵਾਹਿਗੁਰੂ ਦੀ ਉਪਾਸ਼ਨਾ। ਚੌਥਾ ਹੈ ਗਿਆਨ ਦੀ ਬਿਰਤੀ। ਪ੍ਰਮੇਸ਼ਰ ਨੂੰ ਪਰੀਪੂਰਨ ਸਮਝ ਕੇ ਉਹਦੇ ਵਿੱਚ ਬਿਰਤੀ ਲਾਉਣੀ। ਇਹ ਉਪਾਸ਼ਨਾ ਦੇ ਨਾਲ ਮਨ ਦਾ ਪਰਦਾ ਦੂਰ ਹੋ ਜਾਂਦਾ ਹੈ। ਮਨੋਮਈ ਕੋਸ਼ ਲੰਘ ਜਾਂਦਾ ਹੈ। ਉਸ ਤੋਂ ਬੁੱਧੀ ਜਿਹੜੀ ਹੈ ਉਹ ਬਾਣੀ ਦੀ ਵਿਚਾਰ ਨਾਲ, ਸਤਿ ਦੀ ਵਿਚਾਰ ਨਾਲ ਜੋ ਤੈਨੂੰ ਹੁਣ ਦੱਸੀ ਹੈ, ਇਹਦੀ ਵਿਚਾਰ ਕਰੇਂਗਾ, ਇਹ ਬੁੱਧੀ ਦਾ ਪਰਦਾ ਤੇਰੇ ਸਰੂਪ ਤੋਂ ਲਹਿ ਜਾਏਗਾ, ਜਿਹਨੂੰ ਅਸੀਂ ਜੋਤੀ ਸਰੂਪ ਕਹਿੰਦੇ

ਹਾਂ, ਜਦੋਂ ਇਹ ਪ੍ਰਤੱਖ ਹੋ ਜਾਏਗਾ ਉਸ ਵੇਲੇ ਇੱਕ ਪੜਦਾ ਤੇਰਾ ਰਹਿ ਜਾਏਗਾ ਅਗਿਆਨ ਦਾ। ਉਹ ਪੜਦਾ ਜਿਹੜਾ ਹੈ ਉਹ ਗੁਰੂ ਪੂਰਾ ਪੜਦੇ ਨੂੰ ਲਾਹੁੰਣ ਨੂੰ ਸਮਰੱਥ ਹੋਇਆ ਕਰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਤੂੰ ਜਦੋਂ ਨਾਮ ਜਪੇਂਗਾ ਤਾਂ ਦੁੱਖਾਂ ਦਾ ਵੀ ਖਾਤਮਾ ਹੋਏਗਾ। ਲਿਵ ਦੀ ਅਵਸਥਾ ਤੈਨੂੰ ਪ੍ਰਾਪਤ ਹੋ ਜਾਏਗੀ ਤੇ ਕਿਰਤ ਤਾਂ ਤੇਰੀ ਧਰਮ ਦੀ ਹੈ ਹੀ। ਫੌਜ ਦੀ ਨੌਕਰੀ ਹੈ, ਡਿਊਟੀ ਦੇਣੀ ਹੈ ਇਹਦੇ 'ਚ, ਇਹਦੇ 'ਚ ਕੋਈ ਬੇਈਮਾਨੀ ਨਹੀਂ ਠੱਗੀ ਨਹੀਂ, ਕੋਈ ਚੋਰੀ ਨਹੀਂ ਚਕਾਰੀ ਨਹੀਂ। ਦੂਸਰਾ ਹੈ ਕਿ ਜੇ ਕੋਈ ਹੈ ਵੀ ਤਾਂ ਕਿਰਤ ਨੂੰ ਸ਼ੁੱਧ ਕਰ ਲੈ, ਕਿਰਤ ਧਰਮ ਦੀ ਕਰ। ਮਨ ਹੈ ਜਿਹੜਾ ਇਹਨੂੰ ਵਿਕਾਰਾਂ ਤੋਂ ਰੋਕ, ਮਨ ਦੇ ਅੰਦਰ ਵਿਕਾਰ ਆਉਂਦੇ ਨੇ ਕਿਉਂਕਿ ਮਨ ਦੇ ਨਸ਼ੇ 'ਚ ਉਦੋਂ ਹੀ ਚੜ੍ਹ ਜਾਂਦੇ ਨੇ। ਜਿਹੜੇ ਆਤਮ ਨਸ਼ੇ ਨੇ ਇਹ ਹੌਲੀ-ਹੌਲੀ ਮਿਹਨਤ ਨਾਲ ਚੜ੍ਹਦੇ ਨੇ। ਛੇਤੀ ਨਸ਼ਾ ਆਦਮੀ ਨੂੰ ਛੇਤੀ ਨਾਲ ਪਤਾ ਦਿੰਦਾ ਹੈ ਤੇ ਵਿਕਾਰਾਂ ਤੋਂ ਹਟ ਕੇ ਲਿਵ ਵਿੱਚ ਆਪਣੀ ਬਿਰਤੀ ਲਾ। ਜਦੋਂ ਤੂੰ ਲਿਵ ਵਿੱਚ ਆ ਗਿਆ ਫੇਰ ਬਰਕਤਾਂ ਹੀ ਬਰਕਤਾਂ ਪੈ ਜਾਣਗੀਆਂ ਤੇਰੀ ਕਮਾਈ 'ਚ, ਤੇਰੇ ਬਚਨਾਂ 'ਚ, ਤੇਰੇ ਦੇਖਣ 'ਚ, ਸਭ ਕਾਸੇ 'ਚ ਬਰਕਤਾਂ ਹੋ ਜਾਣਗੀਆਂ -

***ਧਾਰਨਾ - ਸਰਬ ਮਨੋਰਥ ਜੇ ਕੋ ਚਾਹੈ,***
***ਸੇਵੈ ਏਕ ਨਿਧਾਨਾ ਜੀ।***

ਜੇ ਚਾਰ ਪਦਾਰਥਾਂ ਦੀ ਲੋੜ ਹੈ ਤਾਂ ਸੰਗਤ ਦੀ ਸੇਵਾ ਕਰ-

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥*** ***ਅੰਗ - ੨੬੬***

ਜੇ ਸਾਰੇ ਹੀ ਮਨੋਰਥ ਪੂਰੇ ਕਰਨੇ ਚਾਹੁੰਦਾ ਹੈਂ ਤਾਂ ਤੂੰ ਜੋ ਵਾਹਿਗੁਰੂ ਹੈ ਉਹਦਾ ਸਿਮਰਨ ਕਰ, ਉਹਦੀ ਸੇਵਾ ਕਰ -

***ਜਾ ਕੈ ਸਿਮਰਨਿ ਸਰਬ ਨਿਧਾਨਾ***
***ਮਾਨੁ ਮਹਤੁ ਪਤਿ ਪੂਰੀ ॥***
***ਨਾਮੁ ਲੈਤ ਕੋਟਿ ਅਘ ਨਾਸੇ***
***ਭਗਤ ਬਾਛਹਿ ਸਭਿ ਧੂਰੀ ॥*** ***ਅੰਗ - ੬੭੨***

ਇੱਜ਼ਤ, ਮਾਨ ਸਭ ਮਿਲੇਗਾ। ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ, ਉਹਦੀ ਅਵਸਥਾ ਫੇਰ ਐਸੀ ਹੋ ਜਾਂਦੀ ਹੈ ਕਿ ਉਹਦੀ ਧੂੜੀ ਫੇਰ ਲੋਚਾ ਕਰਨ ਲਗ ਜਾਂਦੇ ਨੇ ਕਿ ਧੂੜੀ ਮਿਲ ਜਾਵੇ। ਬੰਦੇ ਹੀ ਨਹੀਂ ਕਰਦੇ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*** ***ਅੰਗ - ੧੨੬੩***

ਕਿਉਂ ਲੋਚਦੇ ਨੇ ਕਿਉਂਕਿ ਉਹਦੇ ਵਿੱਚ ਐਸੀ ਸਮਰਥਾ ਪੈਦਾ ਹੋ ਜਾਂਦੀ ਹੈ ਕਿ ਕਰੋੜਾਂ ਪਾਪਾਂ ਦਾ ਨਾਸ਼ ਹੋ ਜਾਂਦਾ ਹੈ। ਜਿਹੜੇ ਕਰਮ ਸਾਨੂੰ ਭੋਗਣੇ ਪੈਣੇ ਸੀ ਉਨ੍ਹਾਂ ਦਾ ਨਾਸ਼ ਹੋ ਗਿਆ। ਫੇਰ ਜਦੋਂ ਭਗਤੀ ਦਾ ਦਰਜਾ ਪ੍ਰਾਪਤ ਹੋ ਗਿਆ, ਫੇਰ ਉਹਦੀ ਧੂੜੀ ਨੂੰ ਲੋਚਦੇ ਨੇ। ਜੇ ਕੋਈ ਚਾਹੁੰਦਾ ਹੈ ਕਿ ਮੇਰੇ ਸਾਰੇ ਮਨੋਰਥ ਪੂਰੇ ਹੋ ਜਾਣ ਤੇ ਮੈਨੂੰ ਸਭ ਚੀਜ਼ ਦੀ ਪ੍ਰਾਪਤੀ ਹੋ ਜਾਏ ਤਾਂ -

***ਸਰਬ ਮਨੋਰਥ ਜੇ ਕੋ ਚਾਹੈ ਸੇਵੈ ਏਕੁ ਨਿਧਾਨਾ ॥***
***ਪਾਰਬ੍ਰਹਮ ਅਪਰੰਪਰ ਸੁਆਮੀ ਸਿਮਰਤ ਪਾਰਿ ਪਰਾਨਾ ॥***
***ਅੰਗ - ੬੭੨***

ਗੱਲ ਸਮਝ ਵਿੱਚ ਪੈ ਗਈ, ਨਿਹਚਾ ਬੱਝ ਗਿਆ। ਉਸ ਵੇਲੇ ਮਹਾਰਾਜ ਨੇ ਗੱਲਬਾਤ ਦਾ ਰੁੱਖ ਬਦਲ ਲਿਆ। ਕਹਿੰਦੇ, ਦੇਖ! ਸਮਝ ਵਿੱਚ ਗਈਆਂ ਤੇਰੇ ਤਿੰਨੋ ਰਹਿਤਾਂ ਜਿਹੜੇ ਤਿੰਨ ਬਚਨ ਕਰੇ ਨੇ, ਕਹਿੰਦਾ ਹਾਂ ਮਹਾਰਾਜ! ਆਪ ਦੀ ਕ੍ਰਿਪਾ ਹੋਵੇ, ਸਮਝ ਤਾਂ ਆ ਗਏ ਪਰ ਇਹਦੇ ਉਤੇ ਟਿਕਾਂਗਾ ਕਿਵੇਂ? ਕਿਉਂਕਿ ਬੜੇ ਸੂਖਸ਼ਮ ਬਚਨ ਆਪ ਨੇ ਕੀਤੇ ਨੇ।

ਮਹਾਰਾਜ ਕਹਿੰਦੇ ਉਹਦੀ ਜਾਚ ਹੁੰਦੀ ਹੈ, ਹੌਲੀ-ਹੌਲੀ ਮਿਹਨਤ ਕਰੀਦੀ ਹੈ, ਕਰਦੇ-ਕਰਦੇ ਮਨ ਐਨਾ ਬਲਵਾਨ ਹੋ ਜਾਂਦਾ ਹੈ ਕਿ ਗੁਰੂ ਦੇ ਆਸਰੇ ਦੇ ਅੰਦਰ, ਗੁਰੂ ਦੀ ਓਟ ਦੇ ਅੰਦਰ ਕਿ ਇਨ੍ਹਾਂ ਬਚਨਾਂ ਦਾ ਬੋਝ ਚੁੱਕਣ ਜੋਗਾ ਹੋ ਜਾਂਦਾ ਹੈ। ਹੁਣ ਚੌਥੀ ਗੱਲ ਅਸੀਂ ਤੈਨੂੰ ਦਸਦੇ ਹਾਂ ਕਿ ਤੇਰਾ ਜਿਹੜਾ ਕਿੱਤਾ ਹੈ ਉਹ ਯੁੱਧ ਕਰਨ ਦਾ ਹੈ। ਕਿਸੇ ਦਫਤਰ 'ਚ ਬੈਠਣ ਦਾ ਤਾਂ ਹੈ ਨਹੀਂ। ਹੱਲ ਵਾਹੁੰਣ ਦਾ ਨਹੀਂ ਹੈ, ਕੋਈ ਤਕੜੀ ਤੋਲਣ ਦਾ ਨਹੀਂ ਹੈ। ਕੋਈ ਹੋਰ ਨਹੀਂ ਹੈ। ਤੇਰਾ ਹੈ ਕਿ ਸ਼ਸਤਰ ਚਲਾਉਣੇ ਨੇ ਜਦੋਂ ਲੋੜ ਪਈ। ਕਹਿੰਦਾ, ਹਾਂ ਮਹਾਰਾਜ! ਕਹਿੰਦਾ, ਦੇਖ ਇਹਦੇ ਵਿੱਚ ਵੀ ਜਾਚ ਸਿੱਖ। ਇਹਦੇ 'ਚ ਜਿਹੜਾ ਸੂਰਮਾ ਹੈ ਨਾ ਉਹਨੂੰ ਮਾਣ ਪ੍ਰਾਪਤ ਹੁੰਦਾ ਹੈ। ਜਿਹੜਾ ਸੂਰਮਾ ਨਹੀਂ ਹੈ ਉਹਨੂੰ ਦਰਗਾਹ 'ਚ ਧੱਕੇ ਮਿਲਦੇ ਨੇ। ਹੁਣ ਇਹ ਗੱਲ ਸਾਡੀ ਸਮਝ ਤੋਂ ਬਾਹਰਲੀ ਮਹਾਰਾਜ ਨੇ ਕਰ ਦਿੱਤੀ ਕਿ ਆਹ ਕਿਹੜੀ ਗੱਲ ਹੋਈ। ਮਹਾਰਾਜ ਕਹਿੰਦੇ, ਦੇਖੋ ਸੂਰਮਾ ਉਹ ਹੈ ਜਿਹੜਾ ਪਹਿਲਾਂ ਪ੍ਰਵਾਨ ਹੋਵੇ, ਜਿੰਨਾਂ ਚਿਰ ਪ੍ਰਵਾਨ ਨਹੀਂ ਹੁੰਦਾ, ਓਨਾਂ ਚਿਰ ਉਹ ਸੂਰਮਾ ਨਹੀਂ ਹੁੰਦਾ। ਇਹ ਪ੍ਰਵਾਨ ਬਣਨ ਦੀ ਜਾਚ ਸਿੱਖ ਪ੍ਰੇਮੀਆਂ! ਦੋਵੇਂ ਹੱਥ ਜੋੜ ਲਏ, ਸਾਵਧਾਨ ਹੋ ਕੇ ਬੈਠ ਗਿਆ ਕਿਉਂਕਿ ਬਚਨ ਬੜਾ ਔਖਾ ਆ ਗਿਆ, ਸਾਡੇ ਵਾਸਤੇ ਵੀ ਬੜਾ ਔਖਾ ਹੈ, ਧਿਆਨ ਨਾਲ ਸਰਵਣ ਕਰਿਓ। ਬਾਰ-ਬਾਰ ਐਸੇ ਬਚਨ ਨਹੀਂ ਹੋਇਆ ਕਰਦੇ। ਧਿਆਨ ਕਰ ਲਿਆ, ਸਭ ਪਾਸਿਆਂ ਤੋਂ ਸੁਰਤ ਖਿੱਚ ਲਈ, ਕਹਿੰਦੇ ਦੇਖ, ਪਹਿਲਾਂ ਤਾਂ ਗੁਰੂ ਦੇ ਬਚਨ ਸੁਣਨੇ ਨੇ। ਸੁਣਨ ਦੀ ਅਵਸਥਾ ਹੁੰਦੀ ਹੈ। ਇਹ ਹੁਣ ਤੈਨੂੰ ਦਸਦੇ ਹਾਂ ਕਿ ਪ੍ਰਵਾਨ ਕਿਵੇਂ ਹੁੰਦਾ ਹੈ। ਫੇਰ ਉਸ ਤੋਂ ਬਾਅਦ ਪੂਰੀ ਤਰ੍ਹਾਂ 100% ਮੰਨਣੇ ਨੇ। ਇਹ ਮੰਨਣ ਦੀ ਅਵਸਥਾ ਆ ਗਈ, ਹੁਣ ਇਨ੍ਹਾਂ ਦੀ ਫੇਰ ਕਮਾਈ ਕਰਨੀ ਹੈ। ਕਮਾਈ ਨੂੰ ਨਿਧਿਆਸਣ ਕਹਿੰਦੇ ਨੇ। ਉਹ ਕਮਾਈ ਕਿਵੇਂ ਕਰਨੀ ਹੈ, ਪਹਿਲਾਂ ਤਾਂ ਪੰਜ ਗੁਣ ਧਾਰਨ ਕਰ। ਸਤਿ, ਸੰਤੋਖ, ਦਇਆ, ਧਰਮ, ਵਿਚਾਰ। ਪ੍ਰਵਾਨ ਹੋਣ ਵਾਸਤੇ ਪੰਜ ਗੁਣ ਧਾਰਨ ਕਰਨ ਦੀ ਲੋੜ ਹੈ, ਸਤਿ ਦੀ, ਸੰਤੋਖ ਦੀ, ਦਇਆ ਦੀ, ਧਰਮ ਦੀ, ਵਿਚਾਰ ਦੀ। ਤਾਂ ਪੰਚ ਪ੍ਰਵਾਨ ਹੋਏਗਾ। ਫੇਰ ਪੰਜ ਔਗੁਣਾ ਦਾ ਤਿਆਗ ਕਰ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਜਦੋਂ ਇਨ੍ਹਾਂ ਨੂੰ ਛੱਡ ਦਏਂਗਾ, ਈਰਖਾ, ਨਿੰਦਿਆ, ਚੁਗਲੀ ਆਪੇ ਹੀ ਨੱਠ ਜਾਏਗੀ; ਫੇਰ

ਪੰਜ ਵਿਸ਼ਿਆਂ ਦਾ ਤਿਆਗ ਕਰ, ਪੰਜ ਵਿਸ਼ੇ ਹਨ; ਸ਼ਬਦ, ਸਪਰਸ਼, ਰੂਪ, ਰਸ, ਗੰਧ; ਪੰਜਾ ਹੰਕਾਰਾਂ ਦਾ ਤਿਆਗ ਕਰ – ਰਾਜ, ਮਾਲ, ਰੂਪ, ਜਾਤ, ਜੋਬਨ। ਕਹਿੰਦੇ ਆ ਗਈ ਸਮਝ 'ਚ ਗੱਲ? ਕਹਿੰਦਾ ਹਾਂ, ਸਮਝ ਗਿਆ ਮੈਂ ਕਿ ਪੰਜ ਗੁਣ ਧਾਰਨ ਕਰਨੇ ਨੇ ਤੇ ਪੰਜ-ਪੰਜ ਔਗੁਣ ਤਿਆਗ ਕਰਨੇ ਨੇ। ਪੰਜੇ ਚੋਰ, ਪੰਜੇ ਵਿਸ਼ੇ ਤੇ ਪੰਜੇ ਠੱਗ; ਕਹਿੰਦੇ ਹੁਣ ਦੇਖ ਪੰਜ ਤੱਤ ਨੇ ਤੇਰੇ ਸਰੀਰ ਦੇ ਅੰਦਰ; ਇਨ੍ਹਾਂ 'ਚ ਇੱਕ-ਇੱਕ ਗੁਣ ਹੈ ਹਰੇਕ ਤੱਤ ਦੇ ਵਿੱਚ। ਇਨ੍ਹਾਂ ਨੂੰ ਤੂੰ ਧਾਰਨ ਕਰ। ਇੱਕ-ਇੱਕ ਗੁਣ ਧਾਰਨ ਕਰਦਾ ਜਾਹ। ਕਹਿੰਦੇ, ਦੇਖ ਜਿਹੜਾ ਧਰਤੀ ਹੈ, ਆਕਾਸ਼ ਹੈ ਇਹ ਨਿਰਖੋਭ ਰਹਿੰਦਾ ਹੈ, ਕਿਸੇ ਚੀਜ਼ ਦੇ ਨਾਲ ਇਹ ਪਕੜ ਨਹੀਂ ਹੁੰਦਾ, ਨਾ ਕੱਟਿਆ ਜਾਂਦਾ ਹੈ ਨਾ ਵੱਢਿਆਂ ਜਾਂਦਾ ਹੈ। ਐਉਂ ਆਪਣੀ ਬਿਰਤੀ ਨੂੰ ਨਿਰਖੋਭ ਰੱਖਣਾ ਹੈ, ਕਿਸੇ ਦੇ ਅੰਦਰ ਫਸਾਉਣੀ ਨਹੀਂ ਹੈ ਬਿਰਤੀ। ਦੁੱਖ ਦੂਰ ਸਭ ਦਾ ਕਰਨਾ ਹੈ ਲੇਕਿਨ ਆਪ ਹਉਕੇ ਨਹੀਂ ਲੈਣੇ, ਆਪਣੇ ਮੈਲ ਪੈ ਜਾਂਦੀ ਹੈ ਅੰਦਰ ਜਦੋਂ ਆਦਮੀ ਬਿਰਤੀ ਦੇ ਉਤੇ ਦੂਸਰੇ ਦਾ ਉਪਕਾਰ ਕਰਦੇ-ਕਰਦੇ, ਉਹਦਾ ਦਰਦ ਜਦੋਂ ਬਿਰਤੀ 'ਤੇ ਆ ਕੇ ਬਿਰਤੀ ਹਿੱਲਣ ਲਗ ਜਾਵੇ, ਉਸ ਵੇਲੇ ਮੈਲ ਪੈ ਜਾਂਦੀ ਹੈ। ਉਹਦੇ ਵਿਘਨ ਆਪਣੇ ਉਤੇ ਪੈ ਜਾਂਦੇ ਨੇ। ਕਹਿੰਦੇ, ਬਿਰਤੀ ਨਿਰਖੋਭ ਰੱਖਣੀ ਹੈ, ਕੰਮ ਸਾਰੇ ਕਰਨੇ ਨੇ ਲੇਕਿਨ ਆਪ ਨਹੀਂ ਫਸਣਾ। ਇਹ ਨਹੀਂ ਕਿ ਆਪ ਹੀ ਰੋਣ ਲੱਗ ਜਾਵੇ। ਨਿਰਖੋਭ ਰਹਿਣਾ।

ਦੂਸਰਾ ਹੈ ਪਾਣੀ ਦਾ ਗੁਣ ਧਾਰਨ ਕਰਨਾ ਹੈ। ਪਾਣੀ ਜਿਹੜਾ ਹੈ ਮੈਲ ਲਾਹ ਦਿੰਦਾ ਹੈ। ਉਹਨੂੰ ਮੁੜ ਕੇ ਗਰਮ ਕਰ ਲਓ, ਫੇਰ ਨਿਰਮਲ ਦਾ ਨਿਰਮਲ। ਉਹ ਨਿਰਮਲਤਾਈ ਨਹੀਂ ਆਪਣੀ ਛੱਡਦਾ।

ਤੀਸਰਾ ਹੈ ਧਰਤੀ ਦਾ ਗੁਣ ਧਾਰਨ ਕਰਨਾ। ਧਰਤੀ ਵਿੱਚ ਹੈ – ਖਿਮਾ।

***ਬ੍ਰਹਮ ਗਿਆਨੀ ਕੈ ਧੀਰਜੁ ਏਕ ॥***
***ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ ॥ ਅੰਗ – ੨੭੨***

ਉਹ ਇੱਕ ਰਸ ਰਹਿੰਦੀ ਹੈ, ਕੋਈ ਵਿਸ਼ਟਾ ਫਿਰਦੇ, ਕੋਈ ਲੇਪ ਦੇ ਦੇ। ਕੋਈ ਨਹੀਂ ਉਸ ਵਿੱਚ ਫਰਕ ਪੈਂਦਾ।

ਚੌਥਾ ਹੈ ਅਗਨੀ ਜਿਵੇਂ ਹੈ ਇਹ ਇਹਦਾ ਸਰੂਪ ਹੈ, ਪ੍ਰਕਾਸ਼। ਆਪਣੇ ਮਨ ਦੇ ਅੰਦਰ ਅਗਿਆਨ ਦਾ ਹਨ੍ਹੇਰਾ ਨਹੀਂ ਕਦੇ ਵੀ ਆਉਣ ਦੇਣਾ ਤੇ ਅਗਨੀ ਵਾਲਾ ਸੁਭਾਅ ਰੱਖ ਕੇ, ਪ੍ਰਕਾਸ਼ ਦੇ ਵਿਚ ਰਹਿਣਾ ਹੈ –

***ਸੁਭਾਇ ਅਭਾਇ ਜੁ ਨਿਕਟਿ ਆਵੈ***
***ਸੀਤੁ ਤਾ ਕਾ ਜਾਇ ॥ ਅੰਗ – ੧੦੧੮***

ਕੋਈ ਵੀ ਨੇੜੇ ਆ ਜਾਵੇ, ਉਹ ਸ਼ੁੱਭ ਬਚਨਾਂ ਦਾ ਪ੍ਰਕਾਸ਼ ਹੀ ਅਸਰ ਕਰਦਾ ਹੈ।

ਪੰਜਵਾਂ ਹੈ ਪ੍ਰੇਮੀਆਂ! ਪਉਣ ਵਾਂਗੂੰ ਨਿਰਲੇਪ ਰਹਿਣਾ। ਫਸਣਾ ਨਹੀਂ ਹੈ –

***ਸੀਤ ਮੰਦ ਸੁਗੰਧ ਚਲਿਓ ਸਰਬ ਥਾਨ ਸਮਾਨ ॥***
***ਜਹਾ ਸਾ ਕਿਛੁ ਤਹਾ ਲਾਗਿਓ ਤਿਲੁ ਨ ਸੰਕਾ ਮਾਨ ॥***
***ਅੰਗ – ੧੦੧੮***

ਹੁਣ ਇਹ ਗੁਣ ਧਾਰਨ ਕਰਕੇ ਫੇਰ ਤੇਰਾ ਸਰਗੁਣ ਤੇ ਮੰਨਣ ਪੱਕਾ ਹੋਏਗਾ ਤੇ ਉਸ ਤੋਂ ਬਾਅਦ ਤੂੰ ਨਿਧਿਆਸਣ ਕਰਕੇ ਬ੍ਰਹਮਗਿਆਨ ਦੀ ਪ੍ਰਾਪਤੀ ਹੋਏਗੀ। ਫੇਰ ਤੈਨੂੰ ਦਰਜਾ ਸੰਤ ਤੇ ਭਗਤ ਦਾ ਮਿਲ ਜਾਏਗਾ। ਜਦੋਂ ਸੰਤ ਤੇ ਭਗਤ ਦਾ ਦਰਜਾ ਮਿਲ ਗਿਆ, ਉਸ ਵੇਲੇ ਤੂੰ ਪੰਚ ਪ੍ਰਵਾਨ ਹੋ ਜਾਏਂਗਾ।

ਮਹਾਰਾਜ ਨੇ ਕਿਹਾ ਕਿ ਆਉਂਦਾ ਹੈ ਨਾ ਜਪੁਜੀ ਸਾਹਿਬ ਜੀ ਦੇ ਅੰਦਰ, ***'ਪੰਚ ਪਰਵਾਣ ਪੰਚ ਪਰਧਾਨੁ ॥ ਅੰਗ – ੩'*** ਕਹਿੰਦੇ ਹਾਂ ਮਹਾਰਾਜ। ਕਹਿੰਦੇ, ਆਹ ਗੁਣ ਧਾਰਨ ਕਰੇ ਹੁੰਦੇ ਨੇ, ਔਗੁਣ ਤਿਆਗ ਕੀਤੇ ਹੁੰਦੇ ਨੇ ਉਨ੍ਹਾਂ ਨੇ, ਉਨ੍ਹਾਂ ਦਾ ਦਰਜਾ ਸਾਧੂਆਂ ਦਾ ਹੁੰਦਾ ਹੈ ਤੇ ਉਹ ਪ੍ਰਵਾਣ ਪੁਰਸ਼ ਕਹਾਉਂਦੇ ਨੇ। ਉਥੇ ਪ੍ਰਵਾਣ ਦੀ ਅਵਸਥਾ ਦੀ ਪ੍ਰਾਪਤੀ ਹੁੰਦੀ ਹੈ। ਜਿਹੜਾ ਫੇਰ ਸੂਰਮਾ ਹੈ ਉਹ ਸੂਰਮਾ ਉਹ ਹੈ ਜਿਹਨੇ ਫੇਰ ਹੰਗਤਾ ਤੇ ਮਮਤਾ ਨੂੰ ਮਾਰ ਲਿਆ।

***ਨਾਨਕ ਸੋ ਸੂਰਾ ਵਰੀਆਮੁ***
***ਜਿਨਿ ਵਿਚਹੁ ਦੁਸਟੁ ਅਹੰਕਰਣੁ ਮਾਰਿਆ ॥ ਅੰਗ – ੮੬***

ਕਹਿੰਦੇ, ਤਲਵਾਰਾਂ ਘੁੰਮਾਉਣ ਵਾਲੇ ਨਹੀਂ ਸੂਰਮੇ ਹੋਇਆ ਕਰਦੇ। ਸੂਰਮਾ ਉਹ ਹੈ ਜਿਹਨੇ ਆਪਣੇ ਅੰਦਰੋਂ ਹੰਕਾਰ ਨੂੰ, ਹੰਗਤਾ ਨੂੰ ਮਾਰ ਦਿੱਤਾ ਤੇ ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਐਸਾ ਕੌਣ ਬਲੀ ਰੇ,***
***ਐਸਾ ਕੌਣ ਬਲੀ ਰੇ,***
***ਜਿਨ ਮਿਲ ਮਾਰੇ ਪੰਚ ਸੂਰਮੇ।***

ਕਹਿੰਦੇ, ਐਸਾ ਸੰਸਾਰ 'ਚ ਕੌਣ ਬਲੀ ਹੈ। ਜਿਹੜਾ ਸੂਰਮਾ ਰਾਈਫਲਾਂ ਚਲਾਉਂਦਾ ਹੈ, ਤਲਵਾਰਾਂ ਚਲਾਉਂਦਾ ਹੈ, ਨੇਜ਼ੇ ਚਲਾਉਣ ਜਾਣਦਾ ਹੈ ਕਹਿੰਦੇ ਉਹ ਵਲੀ ਹੈ? ਮਹਾਰਾਜ ਕਹਿੰਦੇ ਨਾ। ਮਹਾਰਾਜ ਕਹਿੰਦੇ, ਵਲੀ ਉਹ ਹੈ।

***ਜਿਨਿ ਮਿਲਿ ਮਾਰੇ ਪੰਚ ਸੂਰਬੀਰ ਐਸੋ ਕਉਨੁ ਬਲੀ ਰੇ ॥***
***ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ ਸੋ ਪੂਰਾ ਇਹ ਕਲੀ ਰੇ ॥***
***ਅੰਗ – ੪੦੪***

ਜਿਹਨੇ ਪੰਜੇ ਮਾਰ ਕੇ ਕੱਢ ਦਿੱਤੇ, ਆਹ ਸਰੀਰ ਦੇ ਅੰਦਰੋਂ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ – ੬੦੦***

ਕਰਦੇ ਕੀ ਨੇ, ਅੰਮ੍ਰਿਤ ਲੁੱਟ ਰਹੇ ਨੇ ਤੇ ਅੰਮ੍ਰਿਤ ਲੁੱਟਣ ਤੋਂ ਜਿਹਨੇ ਹਟਾ ਲਏ ਇਹ ਪੰਜੇ ਤੇ ਮਾਰ ਕੇ ਕੱਢ ਦਿੱਤੇ, ਕਹਿੰਦੇ ਕੋਈ ਵਲੀ ਹੈ ਐਸਾ, ਜਿਹੜਾ ਇਨ੍ਹਾਂ ਨੂੰ ਮਾਰ ਦੇਵੇ ਉਹ ਵਲੀ ਹੈ। ਉਹ ਜਿਹੜਾ ਵਲੀ ਹੈ ਉਹ ਸੂਰਮਾ ਹੈ। ਮਹਾਰਾਜ ਸੂਰਮੇ ਦਾ ਜ਼ਿਕਰ ਕਰਦੇ ਨੇ ਕਿ ਉਹ ਸੂਰਮਾ ਕਿਹੜਾ ਹੈ? –

***ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ ॥***
***ਅੰਗ - ੧੩੫੬***

ਬੰਦਗੀ ਕਰਨ ਵਾਲੇ ਸਾਧੂਆਂ ਦੀ ਜੋ ਸੈਨਾ ਹੈ ਇਹ ਸੂਰਮੇ ਨੇ, ਅਜਿੱਤ ਸੂਰਮੇ ਨੇ, ਇਨ੍ਹਾਂ ਨੂੰ ਨਾ ਕਾਮ ਜਿੱਤ ਸਕਦਾ ਹੈ, ਨਾ ਕ੍ਰੋਧ, ਨਾ ਲੋਭ ਨਾ ਮੋਹ, ਨਾ ਹਰਖ, ਨਾ ਸੋਗ, ਨਾ ਮਾਣ, ਨਾ ਅਪਮਾਨ, ਨਾ ਕੋਈ ਲਾਲਚ, ਨਾ ਕੋਈ ਧਮਕੀ, ਨਾ ਕੋਈ ਡਰ।

***ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥***
***ਅੰਗ - ੧੪੨੭***

ਕਹਿੰਦੇ ਉਹ ਸੂਰਮੇ ਨੇ ਸਾਧੂ, ਉਨ੍ਹਾਂ ਨੇ ਜਿਹੜੀ ਸੰਜੋਅ ਪਹਿਨੀ ਹੋਈ ਹੈ, ਵੁਲਟ ਪਰੂਫ ਜਿਹੜੀ ਜੈਕਟ ਪਾਈ ਹੋਈ ਹੈ ਉਹ ਨਿਮਰਤਾ ਦੀ ਪਾਈ ਹੋਈ ਹੈ ਤੇ ਉਨ੍ਹਾਂ ਦੇ ਹੱਥ ਵਿੱਚ ਹਥਿਆਰ ਕਿਹੜੇ ਨੇ, ਮਹਾਰਾਜ ਕਹਿੰਦੇ -

***ਆਵਧਹ ਗੁਣ ਗੋਬਿੰਦ ਰਮਣੰ ਓਟ***
***ਗੁਰ ਸਬਦ ਕਰ ਚਰਮਣਹ ॥ ਅੰਗ - ੧੩੫੬***

ਉਹ ਪ੍ਰਮੇਸ਼ਰ ਦੇ ਜਸ ਕਰਨ ਦਾ, ਗੁਣ ਗਾਉਣ ਦਾ ਹਥਿਆਰ ਹੈ। ਜਿਹੜੀ ਗੁਰੂ ਸ਼ਬਦ ਦੀ ਓਟ ਹੈ ਉਹ ਉਨ੍ਹਾਂ ਦੇ ਹੱਥ ਵਿੱਚ ਢਾਲ ਲਈ ਹੋਈ ਹੈ।

***ਆਰੂੜਤੇ ਅਸ੍ਵ ਰਥ ਨਾਗਹ ਬੁਝੰਤੇ ਪ੍ਰਭ ਮਾਰਗਹ ॥***
***ਅੰਗ - ੧੩੫੬***

ਕਹਿੰਦੇ ਉਹ ਹਾਥੀ ਘੋੜਿਆਂ 'ਤੇ ਸਵਾਰੀ ਕਰਦੇ ਨੇ, ਹਰੀ ਦੇ ਬੁੱਝਣ ਰੂਪੀ ਹਾਥੀ, ਘੋੜਿਆਂ ਦੀ ਸਵਾਰੀ ਕਰਦੇ ਨੇ -

***ਬਿਚਰਤੇ ਨਿਰਭਯੰ ਸਤ੍ਰੁ ਸੈਨਾ ਧਾਯੰਤੇ ਗ੍ਰੋਪਾਲ ਕੀਰਤਨਹ ॥***
***ਅੰਗ - ੧੩੫੬***

ਉਹ ਇਨ੍ਹਾਂ ਸ਼ਤ੍ਰਾਂ ਦੀ ਸੈਨਾ ਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ; ਸ਼ਬਦ, ਸਪਰਸ਼, ਰੂਪ, ਰਸ, ਗੰਧ; ਰਾਜ, ਮਾਲ, ਰੂਪ, ਜਾਤ, ਜੋਬਨ; ਈਰਖਾ, ਨਿੰਦਿਆ, ਚੁਗਲੀ, ਵਖੀਲੀ; ਅਨੇਕਾਂ ਕਿਸਮ ਦੇ ਜਿਹੜੇ ਦੁਸ਼ਮਣ ਨੇ ਉਨ੍ਹਾ ਦੇ ਵਿੱਚ ਨਿਰਭੈ ਹੋ ਕੇ ਫਿਰਦੇ ਨੇ ਕਿਉਂਕਿ ਉਨ੍ਹਾਂ ਨੇ ਜਿੱਤ ਲਏ। ਉਹ ਧਾਵਾ ਕੀਹਦਾ ਕਰਦੇ ਨੇ, ਉਹ ਧਾਵਾ ਕਰਦੇ ਨੇ ਕਿ ਜੀ ਅੱਜ ਆਸਾ ਦੀ ਵਾਰ ਲੱਗਣੀ ਹੈ, ਨੀਂਦ ਛੱਡਦੇ ਨੇ, ਉੱਠਦੇ ਨੇ ਕਿ ਫਲਾਣੇ ਥਾਂ ਦੇ ਉਤੇ ਹਰੀ ਦਾ ਜਸ ਹੋਣਾ ਹੈ। ਉਹ ਫੇਰ ਧਾਵਾ ਕਰਕੇ ਜਾਂਦੇ ਨੇ। ਉਹ ਸਾਰੇ ਕੰਮਾਂ ਨੂੰ ਪਿੱਛੇ ਛੱਡ ਕੇ, ਨੀਂਦ ਨੂੰ, ਆਰਾਮ ਨੂੰ ਛੱਡ ਕੇ ਫੇਰ ਉਹ ਜਾਂਦੇ ਨੇ। ਕਹਿੰਦੇ, ਫੇਰ ਉਹ ਹੁੰਦਾ ਕੀ ਹੈ?

***ਜਿਤਤੇ ਬਿਸ੍ਵ ਸੰਸਾਰਹ***
***ਨਾਨਕ ਵਸ੍ਯੰ ਕਰੋਤਿ ਪੰਚ ਤਸਕਰਹ ॥ ਅੰਗ - ੧੩੫੬***

ਸਾਰੇ ਸੰਸਾਰ ਨੂੰ ਜਿੱਤ ਲੈਂਦੇ ਨੇ, ਕਿਉਂਕਿ ਉਨ੍ਹਾਂ ਨੇ ਰਾਜਾ ਫੜ ਲਿਆ। ਉਹ ਪੰਜ ਤਸਕਰਾਂ ਨੂੰ ਫੇਰ ਵਸ ਕਰ ਲੈਂਦੇ ਨੇ। ਮਹਾਰਾਜ ਕਹਿੰਦੇ, ਇਹ ਸੂਰਮੇ ਨੇ ਪ੍ਰੇਮੀਆਂ! ਇਨ੍ਹਾਂ ਨੂੰ ਅਸੀਂ ਯੋਧੇ ਕਹਿੰਦੇ ਹਾਂ, ਇਨ੍ਹਾਂ ਦਾ ਦਰਗਾਹ ਦੇ ਵਿੱਚ ਮਰਨਾ ਪ੍ਰਵਾਨ ਹੋਇਆ ਕਰਦਾ ਹੈ।

***ਧਾਰਨਾ - ਮਾਣ ਸੂਰਮੇ ਦਰਗਾਹ ਦੇ ਵਿੱਚ ਪਾਉਂਦੇ,***
***ਮਰਦੇ ਜੋ ਪ੍ਰਵਾਨ ਹੋ ਕੇ।***

ਭਾਈ ਮੱਲੂ! ਐਹੋ ਜਿਹੇ ਜਿਹੜੇ ਸੂਰਮੇ ਨੇ ਉਨ੍ਹਾਂ ਦਾ ਹੱਕ ਹੈ ਮਰਨ ਦਾ। ਬਾਕੀ ਸੰਸਾਰ ਤਾਂ ਬੰਨ੍ਹਿਆ ਹੋਇਆ ਮਰਦਾ ਹੈ-

***ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥***

***ਅੰਗ - ੫੮੦***

ਜਿਹੜਾ ਪਹਿਲਾਂ ਪ੍ਰਵਾਨ ਹੋ ਕੇ ਮਰਦਾ ਹੈ, ਅਸੀਂ ਤਾਂ ਪ੍ਰਵਾਨ ਵਿੱਚ ਨਹੀਂ ਆਉਂਦੇ। ਸਾਡੇ ਤਾਂ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਖ਼ੌਰੂ ਪਾ ਰਹੇ ਨੇ ਅੰਦਰ। ਸੂਰਮਿਆਂ ਦੀ ਲਿਸਟ 'ਚ ਨਹੀਂ ਆਉਂਦੇ। ਸੂਰਮਾ ਓਹੀ ਹੈ ਜਿਹਨੇ ਪੰਜ ਮਹਾਂਬਲੀ ਜਿੱਤ ਲਏ। ਕਹਿੰਦੇ ਉਹ ਪ੍ਰਵਾਨ ਹੋ ਗਏ -

***ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥***
***ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ***
***ਆਗੈ ਦੂਖੁ ਨ ਲਾਗੈ ॥ ਅੰਗ - ੧੩੬੫***

ਦਰਗਾਹ 'ਚ ਜਾ ਕੇ ਇਨ੍ਹਾਂ ਨੂੰ ਮਾਣ ਮਿਲਦਾ ਹੈ, ਇੱਜ਼ਤ ਨਾਲ ਜਾਂਦੇ ਨੇ, ਜੈ-ਜੈਕਾਰ ਹੁੰਦੀ ਹੈ, ਬਿਵਾਨਾਂ 'ਚ ਚੁੱਕੀ ਜਾਂਦੇ ਨੇ। ਦੇਵਤੇ ਲੈ-ਲੈ ਕੇ ਜਾਂਦੇ ਨੇ। ਗੰਧਰਬ ਲੋਕ ਵਾਲੇ, ਦੇਵ ਗੰਧਰਬ 'ਚ ਛੱਡਦੇ ਨੇ, ਦੇਵ ਗੰਧਰਬ ਵਾਲੇ ਪਿੱਤਰ ਲੋਕ 'ਚ ਛੱਡਦੇ ਨੇ, ਪਿੱਤਰ ਲੋਕ ਵਾਲੇ ਸਵਰਗ 'ਚ ਛੱਡਦੇ ਨੇ, ਸਵਰਗ ਵਾਲੇ ਇੰਦ੍ਰ ਲੋਕ 'ਚ, ਇੰਦ੍ਰ ਲੋਕ ਵਾਲੇ ਕਰਮ ਦੇਵ ਲੋਕ 'ਚ, ਕਰਮ ਦੇਵ ਲੋਕ ਵਾਲੇ ਅਜਾਨ ਦੇਵ ਲੋਕ, ਅਜਾਨ ਦੇਵ ਵਾਲੇ ਪਰਜਾਪਤ ਲੋਕ 'ਚ ਛੱਡਦੇ ਨੇ, ਉਹ ਬ੍ਰਹਮ ਲੋਕ 'ਚ ਛੱਡਦੇ ਨੇ, ਜੈ-ਜੈਕਾਰ ਹੁੰਦੀ ਹੈ। ਉਹ ਸ਼ਿਵ ਲੋਕ ਦੇ ਅੰਦਰ ਛੱਡਦੇ ਨੇ, ਉਹ ਬੈਕੁੰਠ ਧਾਮ ਦੇ ਅੰਦਰ ਛੱਡਦੇ ਨੇ, ਬੈਕੁੰਠ ਧਾਮ ਦੇ ਮਹਾਂ ਵੱਡੇ ਦੇਵਤਾ ਵਿਸ਼ਨੂੰ ਜੀ ਧੰਨ-ਧੰਨ ਕਹਿੰਦੇ ਨੇ ਤੇ ਸੱਚਖੰਡ ਦੇ ਵਿੱਚ ਛੱਡ ਕੇ ਆਉਂਦੇ ਨੇ। ਕਹਿੰਦੇ, ਉਹ ਪ੍ਰਵਾਨ ਨੇ ਪ੍ਰੇਮੀਓ! -

***ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ***
***ਜਿਤੁ ਸੇਵਿਐ ਭਉ ਭਾਗੈ ॥ ਅੰਗ - ੫੮੦***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਐਸੇ ਜੋ ਸੂਰਮੇ ਨੇ ਉਹ ਜਦੋਂ ਲੜਾਈ ਲੜਦੇ ਨੇ, ਫੇਰ ਪਿੱਠ ਨਹੀਂ ਦਿੰਦੇ-

***ਧਾਰਨਾ - ਜੋ ਲਰੈ ਦੀਨ ਕੇ ਹੇਤ,***
***ਸੂਰਾ ਸੋਈ-ਸੂਰਾ ਸੋਈ।***

***ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਓ ॥***

ਅੰਗ - ੧੧੦੫

ਕਹਿੰਦੇ, ਜਦੋਂ ਦਸਵੇਂ ਦੁਆਰ ਦੇ ਅੰਦਰ ਸ਼ਬਦ ਦਾ ਦਮਾਮਾ ਵੱਜਿਆ, ਉਸ ਵੇਲੇ ਹਿਰਦੇ 'ਚ ਫੇਰ ਘਾਅ ਪੈ ਗਿਆ ਸ਼ਬਦ ਦਾ। ਗਗਨ ਦੇ ਵਿੱਚ ਅਫੁਰ ਅਵਸਥਾ ਦੇ ਵਿਚ ਦਮਾਮਾ ਵੱਜ ਗਿਆ ਗਿਆਨ ਦਾ, ਪ੍ਰਭੂ ਦੀ ਹੋਂਦ ਦਾ, ਪ੍ਰਭੂ ਦੀ ਜੋਤ ਦਾ। ਉਹ ਫੇਰ ਇਸ ਸਰੀਰ ਦੇ ਅੰਦਰ -

**ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥**

ਅੰਗ - ੧੧੦੫

ਤਕੜਾ ਹੋ ਗਿਆ ਕਿ ਹੁਣ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ,......... ਜਿੰਨੀ ਅਸੁਰੀ ਸੰਪਰਦਾ ਹੈ ਹੁਣ ਇਨ੍ਹਾਂ ਨਾਲ ਲੜਾਈ ਕਰੀਏ। ਹੁਣ ਦਾਓ ਭਰ ਗਿਆ ਮੇਰਾ।

***ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥***

ਅੰਗ - ੧੧੦੫

ਜਿਹੜਾ ਧਰਮ ਦੀ ਰਾਖੀ ਕਰਦਾ ਹੋਇਆ, ਸਤਿ, ਸੰਤੋਖ ਦੀ, ਦਇਆ ਦੀ, ਧਰਮ ਦੀ, ਵਿਚਾਰ ਦੀ, ਖਿਮਾ ਦੀ, ਸ਼ੀਲ ਦੀ, ਸੌਚ ਦੀ, ਸੰਜਮ ਦੀ, ਦਾਨ ਦੀ; ਇਨ੍ਹਾਂ ਦੀ ਰਾਖੀ ਕਰਦਾ ਹੈ ਜਿਹੜਾ ਕਹਿੰਦੇ, ਕਹਿੰਦੇ ਸੂਰਮਾ ਪ੍ਰੇਮੀਓ! ਉਹ ਹੁੰਦਾ ਹੈ -

***ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ ॥***

ਅੰਗ - ੧੧੦੫

ਉਨ੍ਹਾਂ ਨੂੰ ਪੁਰਜੇ-ਪੁਰਜੇ ਕੱਟ ਕੇ, ਵੀਚਾਰ ਦੇ ਨਾਲ ਕੱਟ ਦੇਵੇ। ਕਾਮ ਹੈ ਪੁਰਜਾ-ਪੁਰਜਾ ਕੱਟ ਦੇਵੇ ਇਹਦਾ ਕਿ ਆਹ ਸਰੀਰ ਹੈ ਕੀ, ਅੱਖਾਂ ਵਿਚੋਂ ਮੈਲ ਆਉਂਦੀ ਹੈ, ਕੰਨਾਂ 'ਚੋਂ ਮੈਲ ਨਿਕਲਦੀ, ਮੂੰਹ 'ਚੋਂ ਥੁੱਕ ਨਿਕਲਦਾ ਹੈ, ਉਂਗਲੀ ਇੱਕ ਵਾਰੀ ਮੂੰਹ ਨੂੰ ਲਗ ਜਾਵੇ ਜੂਠਾ ਹੋ ਜਾਂਦਾ ਹੈ। ਕਿਹੜੀ ਚੀਜ਼ ਹੈ ਇਹਦੀ ਵਿੱਚ ਸੱਚੀ? ਗੰਦ-ਮੂਤ ਦਾ ਥੈਲਾ ਹੈ। ਵੀਚਾਰ ਦੇ ਨਾਲ ਕੱਟ ਦਿੱਤਾ ਇਹਦਾ।

***ਆਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ ॥ ਅੰਗ - ੧੦੯੬***

ਅੱਗੇ-ਅੱਗੇ ਵਧਦਾ ਚਲਿਆ ਜਾਵੇ। ਜੋ ਇਨ੍ਹਾਂ ਤੋਂ ਹਾਰ ਨਾ ਮੰਨੇ, ਉਹਨੂੰ ਧੰਨ ਕਹਿੰਦੇ ਨੇ -

***ਧੰਨ ਜੀਓ ਤਿਹ ਕੋ ਜਗ ਮੈ***
***ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥***
***ਦੇਹ ਅਨਿੱਤ ਨ ਨਿੱਤ ਰਹੈ***
***ਜਸੁ ਨਾਵ ਚੜੈ ਭਵ ਸਾਗਰ ਤਾਰੈ॥***
***ਧੀਰਜ ਧਾਮ ਬਨਾਇ ਇਹੈ ਤਨ***
***ਬੁਧਿ ਸੁ ਦੀਪਕ ਜਿਉ ਉਜੀਆਰੈ॥***
***ਗਿਆਨਹਿ ਕੀ ਬਢਨੀ ਮਨਹੁ ਹਾਥ ਲੈ***
***ਕਾਤਰਤਾ ਕੁਤਵਾਰ ਬੁਹਾਰੈ॥ ਸਵੈਯਾ (ਕ੍ਰਿਸ਼ਨਾਵਤਾਰ)***

ਐਸੀ ਜੋ ਲੜਾਈ ਲੜਦਾ ਹੈ ਕਹਿੰਦੇ ਉਹ ਧੰਨ ਹੈ, ਜਿਹੜਾ ਮੁੱਖ ਤੋਂ ਵਾਹਿਗੁਰੂ ਦਾ ਹਰ ਵਕਤ ਨਾਮ ਲੈਂਦਾ ਹੈ ਤੇ ਚਿੱਤ ਦੇ ਵਿਚ ਆਸੁਰੀ ਸੰਪਰਦਾ ਦੇ ਨਾਲ ਹਰ ਵਕਤ ਯੁੱਧ ਦੀ ਵੀਚਾਰ ਕਰਦਾ ਹੈ ਕਿ ਕਿਤੇ ਵਾਰ ਨਾ ਕਰ ਜਾਵੇ, ਕਿਤੇ ਮੇਰੇ 'ਤੇ ਕ੍ਰੋਧ ਨਾ ਵਾਰ ਕਰ ਜਾਵੇ, ਅਵਿਦਿਆ, ਮਾਇਆ ਨਾ ਮੇਰੇ 'ਤੇ ਕਿਤੇ ਵਾਰ ਕਰ ਜਾਵੇ। ਦੇਹ ਨੇ ਤਾਂ ਰਹਿਣਾ ਨਹੀਂ ਤੇ ਜੱਸ ਦੀ ਨਈਆਂ ਦੇ ਉਤੇ ਚੜ੍ਹ ਕੇ ਭਵਸਾਗਰ ਉਹ ਤਰਦਾ ਹੈ। ਧੀਰਜ ਦਾ ਘਰ ਬਣਾਉਂਦਾ ਹੈ ਇਸ ਤਨ ਨੂੰ, ਗੁਰੂ ਦੇ ਉਪਦੇਸ਼ ਦੇ ਨਾਲ ਬੁੱਧੀ ਨੂੰ ਪ੍ਰਕਾਸ਼ ਦੇ ਵਿੱਚ ਲੈ ਜਾਂਦਾ ਹੈ, ਗਿਆਨ ਦੀ ਦਾਤੀ ਲੈ ਕੇ ਹੱਥ ਦੇ ਵਿਚ ਇਹ ਜਿਹੜੀਆਂ ਕਮਜ਼ੋਰੀਆਂ ਨੇ ਆਦਮੀ ਦੇ ਅੰਦਰ ਇਨ੍ਹਾਂ ਨੂੰ ਝਾੜੂ ਮਾਰ-ਮਾਰ ਕੇ ਬਾਹਰ ਸੁੱਟ ਦੇਵੇ। ਕਹਿੰਦੇ ਉਹ ਧੰਨ ਹੈ, ਉਹ ਸੂਰਮਾ ਹੈ। ਕਹਿਣ ਲੱਗੇ, ਪ੍ਰੇਮੀਆਂ! ਪਹਿਲਾਂ ਪ੍ਰਵਾਨ ਹੋਣਾ ਸਿੱਖ ਕਿ ਸੂਰਮਾ ਕਿਹੜਾ ਹੁੰਦਾ ਹੈ।

***ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ***
***ਸੋ ਕਹੀਅਤ ਹੈ ਸੂਰਾ ॥***
***ਆਤਮ ਜਿਣੈ ਸਗਲ ਵਸਿ ਤਾ ਕੈ***
***ਜਾ ਕਾ ਸਤਿਗੁਰੁ ਪੂਰਾ ॥ ਅੰਗ - ੬੭੯***

ਜਿਹਨੂੰ ਪਿਆਰ ਲੱਗ ਗਿਆ ਪ੍ਰਮੇਸ਼ਰ ਦੇ ਨਾਲ ਉਹ ਸੂਰਮਾ ਹੈ। ਉਹਨੇ ਮਨ ਨੂੰ ਜਿੱਤ ਲਿਆ, ਜਿਹਨੇ ਮਨ ਨੂੰ ਜਿੱਤ ਲਿਆ ਉਹਦੇ ਵਸ ਵਿੱਚ ਸਾਰਾ ਸੰਸਾਰ ਆ ਗਿਆ। ਪਰ ਉਸ ਸੂਰਮੇ ਦਾ ਉਸਤਾਦ ਪੂਰਾ ਹੋਣਾ ਚਾਹੀਦਾ ਹੈ। ਜਿਹੜੇ ਸੂਰਮਿਆਂ ਨੂੰ ਤੁਸੀਂ ਕਹਿੰਦੇ ਓਂ, ਉਹ ਸੂਰਮੇ ਸਾਡੇ ਕੋਲ ਪ੍ਰਵਾਨ ਨਹੀਂ -

***ਧਾਰਨਾ - ਜਿਹੜੇ ਮਰਦੇ ਨੇ ਅਹੰਕਾਰ ਧਾਰ ਕੇ***
***ਆਖੀਅਹਿ ਨਾ ਉਹਨੂੰ ਸੂਰਮਾ।***

ਬਾਕੀ ਭਾਈ ਮੱਲੂ ਸ਼ਾਹੀ! ਜਿਹੜੇ ਅਭਿਮਾਨ ਦੇ ਵਿੱਚ ਆ ਕੇ, ਅਹੰਕਾਰ ਦੀ ਅਵਸਥਾ 'ਚ, ਪੰਜਾਂ ਚੋਰਾਂ ਦੇ ਅਧੀਨ ਹੋ ਕੇ ਮਰਦੇ ਨੇ, ਉਹ ਸੂਰਮੇ ਨਹੀਂ ਹੋਇਆ ਕਰਦੇ। ਉਹ ਤਾਂ ਦੁੱਖ ਪਾਉਣਗੇ ਕਰਮਾਂ ਦੇ ਵਿੱਚ, ਉਨ੍ਹਾਂ ਦੀ ਗਤੀ ਨਹੀਂ ਕੋਈ ਹੋਣੀ।

***ਸੂਰੇ ਏਹਿ ਨ ਆਖੀਅਹਿ ਅਹੰਕਾਰਿ***
***ਮਰਹਿ ਦੁਖੁ ਪਾਵਹਿ ॥***
***ਅੰਧੇ ਆਪੁ ਨ ਪਛਾਣਨੀ ਦੂਜੈ ਪਚਿ ਜਾਵਹਿ ॥ ਅੰਗ - ੧੦੮੯***

ਆਪਣੇ ਆਪ ਨੂੰ ਪਛਾਣਿਆਂ ਨਹੀਂ ਦਵੈਤ ਵਿੱਚ ਆ ਕੇ ਪਚਣਗੇ।

***ਅਤਿ ਕਰੋਧ ਸਿਉ ਲੂਝਦੇ ਅਗੈ ਪਿਛੈ ਦੁਖੁ ਪਾਵਹਿ ॥***

***ਅੰਗ - ੧੦੮੯***

ਕ੍ਰੋਧ ਦੇ ਵਿੱਚ ਆ ਕੇ ਲੜਾਈਆਂ ਕਰਦੇ ਨੇ ਤੇ ਇੱਥੇ ਵੀ ਦੁੱਖ ਤੇ ਦਰਗਾਹ ਵਿੱਚ ਵੀ ਦੁੱਖ।

***ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥***
***ਅਹੰਕਾਰਿ ਮੁਏ ਸੇ ਵਿਗਤੀ ਗਏ***
***ਮਰਿ ਜਨਮਹਿ ਫਿਰਿ ਆਵਹਿ ॥ ਅੰਗ - ੧੦੮੯***

ਵਾਹਿਗੁਰੂ ਨੂੰ ਹੰਕਾਰ ਨਹੀਂ ਭਾਉਂਦਾ, ਸਾਰੇ ਗ੍ਰੰਥ, ਧਰਮ ਗ੍ਰੰਥ ਕੂਕ-ਕੂਕ ਕੇ, ਹਾਕਾਂ ਮਾਰ-ਮਾਰ ਕੇ ਦਸਦੇ ਨੇ। ਕਹਿੰਦੇ, ਉਨ੍ਹਾਂ ਦੀ ਗਤੀ ਨਹੀਂ ਹੁੰਦੀ ਜਿਹੜੇ ਅਹੰਕਾਰ ਦੇ ਵਿੱਚ ਆ ਕੇ ਮਰਦੇ ਨੇ। ਉਹ ਤਾਂ ਜੰਮਣ ਮਰਨ ਦੇ ਚੱਕਰ ਵਿੱਚ ਪੈ ਜਾਂਦੇ ਨੇ। ਉਸ ਵੇਲੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਕਿ ਪਾਤਸ਼ਾਹ! ਇਹ ਜਿਹੜੇ ਰਾਜੇ ਲੜਦੇ ਨੇ, ਹਮਲੇ ਕਰਦੇ ਨੇ, ਪਾਤਸ਼ਾਹ! ਇਹ ਦੂਸਰੇ ਰਾਜੇ ਦਾ ਰਾਜ ਲੈਣ ਵਾਸਤੇ ਕਰਦੇ ਨੇ। ਰਾਜ ਖੋਹਣ ਵਾਸਤੇ ਕਰਦੇ ਨੇ। ਇਹ ਜਿਹੜੇ ਤੁਸੀਂ ਸੂਰਮੇ ਦੱਸੇ ਨੇ, ਇਹ ਸੂਰਮੇ ਕੁਛ ਪ੍ਰਾਪਤ ਵੀ ਕਰਦੇ ਨੇ ਕਿ ਸੂਰਮੇ, ਸੂਰਮੇ ਹੀ ਰਹਿੰਦੇ ਨੇ। ਇਹ ਲੜਾਈ ਵੀ ਕਰਦੇ ਨੇ, ਜੇ ਲੜਾਈ ਕਰਦੇ ਨੇ ਤਾਂ

ਇਨ੍ਹਾਂ ਨੂੰ ਪ੍ਰਾਪਤ ਕੀ ਹੁੰਦਾ ਹੈ? ਮਹਾਰਾਜ ਕਹਿਣ ਲੱਗੇ, ਤੂੰ ਬਹੁਤ ਵਧੀਆਂ ਗੱਲ ਪੁੱਛੀ। ਇਨ੍ਹਾਂ ਦੀ ਜਿਹੜੀ ਪ੍ਰਾਪਤੀ ਹੈ ਉਹ ਬਹੁਤ ਵੱਡੀ ਪ੍ਰਾਪਤੀ ਹੈ -

***ਧਾਰਨਾ - ਰਾਜ ਲੀਓ ਅਬਿਨਾਸ਼ੀ ਹਰੀ ਦਿਆਂ ਸੰਤਾਂ ਨੇ।***

ਮਹਾਰਾਜ ਕਹਿਣ ਲੱਗੇ, ਭਾਈ ਮੱਲੂ ਸ਼ਾਹ! ਹਰੀ ਦੇ ਸੰਤ ਜਦੋਂ ਯੁੱਧ ਕਰਦੇ ਨੇ, ਵੱਡੇ-ਵੱਡੇ ਸੂਰਮਿਆਂ 'ਤੇ ਫਤਹਿ ਪਾਉਂਦੇ ਨੇ, ਉਸ ਵੇਲੇ ਉਨ੍ਹਾਂ ਨੂੰ ਅਬਿਨਾਸ਼ੀ ਰਾਜ ਜਿਹਦਾ ਕਦੇ ਨਾਸ਼ ਨਾ ਹੋਵੇ ਉਹ ਰਾਜ ਦੀ ਪ੍ਰਾਪਤੀ ਹੋ ਜਾਂਦੀ ਹੈ। ਜਿਹੜੇ ਦੁਨੀਆਂ ਦੇ ਅਹੰਕਾਰੀ ਸੂਰਮੇ ਲੜਦੇ ਨੇ, ਹਮਲੇ ਕਰਦੇ ਨੇ, ਉਨ੍ਹਾਂ ਨੂੰ ਅਬਿਨਾਸ਼ੀ ਰਾਜ ਦੀ ਪ੍ਰਾਪਤੀ ਨਹੀਂ ਹੁੰਦੀ, ਉਹ ਨਰਕਾਂ ਸੁਰਗਾਂ ਦੇ ਵਿੱਚ ਘੁੰਮਦੇ ਰਹਿੰਦੇ ਨੇ। ਜੰਮਦੇ ਨੇ ਮਰਦੇ ਨੇ, ਜੰਮਦੇ ਨੇ ਮਰਦੇ ਨੇ। ਇਹ ਜਿਹੜੇ ਸਾਧੂ ਨੇ ਜਿਨ੍ਹਾਂ ਦਾ ਜ਼ਿਕਰ ਅਸੀਂ ਕਰ ਰਹੇ ਹਾਂ, ਪ੍ਰਵਾਨ ਹੋਏ-ਹੋਏ ਸੂਰਮੇ ਇਹ ਰਾਜ ਲੈਂਦੇ ਨੇ, ਜਿਸ ਰਾਜ ਦਾ ਮੁੜ ਕੇ ਕਦੇ ਨਾਸ਼ ਹੀ ਨਾ ਹੋਵੇ।

ਇੱਕ ਸ਼ਬਦ ਦੇ ਅੰਦਰ ਇਸ ਤਰ੍ਹਾਂ ਦੇ ਨਾਲ ਸਵਾਲ ਆਉਂਦਾ ਹੈ?

***ਕਿਉ ਲੀਜੈ ਗਢੁ ਬੰਕਾ ਭਾਈ ॥ ਅੰਗ - ੧੧੬੧***

ਆਹ ਜਿਹੜਾ ਬੰਕਾ ਗੜ੍ਹ ਹੈ ਨਾ, ਜਿਹਨੂੰ ਸਰੀਰ ਕਹਿੰਦੇ ਨੇ ਕਹਿੰਦੇ ਇਹਦੇ ਉਤੇ ਜਿੱਤ ਕਿਵੇਂ ਪ੍ਰਾਪਤ ਕੀਤੀ ਜਾਵੇ? ਕਿਉਂਕਿ ਇਹਦੇ ਉਤੇ -

***ਦੋਵਰ ਕੋਟ ਅਰੁ ਤੇਵਰ ਖਾਈ ॥ ਅੰਗ - ੧੧੬੧***

ਤਿੰਨ ਤਾਂ ਖਾਈਆਂ ਨੇ ਇਹਦੇ ਵਿੱਚ, ਦੋ ਇਹਦੇ ਉਤੇ ਕਿਲ੍ਹੇ ਬਣਾਏ ਹੋਏ ਨੇ। ਤਿੰਨ ਸਰੀਰ ਨੇ - ਸੂਖਸ਼ਮ ਹੈ, ਸਥੂਲ ਹੈ ਤੇ ਕਾਰਨ ਹੈ।

***ਪਾਂਚ ਪਚੀਸ ਮੋਹ ਮਦ ਮਤਸਰ***
***ਆਡੀ ਪਰਬਲ ਮਾਇਆ ॥ ਅੰਗ - ੧੧੬੧***

ਪੰਜ ਤੱਤਾਂ ਦਾ ਬਣਿਆ ਹੋਇਆ ਹੈ ਇਹ। ਪੱਚੀ ਇਹਦੇ 'ਚ ਪ੍ਰਾਕ੍ਰਿਤੀਆਂ ਲੱਗੀਆਂ ਹੋਈਆਂ ਨੇ ਤੇ ਅਭਿਮਾਨ ਦੇ ਨਾਲ ਇਹ ਢਕਿਆ ਪਿਆ ਹੈ। ਨਾ ਫਤਹਿ ਹੋਣ ਵਾਲੀ ਮਾਇਆ ਇਹਦੇ ਵਿੱਚ ਰਹਿੰਦੀ ਹੈ।

***ਜਨ ਗਰੀਬ ਕੋ ਜੋਰੁ ਨ ਪਹੁਚੈ ਕਹਾ ਕਰਉ ਰਘੁਰਾਇਆ ॥***
***ਅੰਗ - ੧੧੬੧***

ਕਹਿੰਦੇ ਹੁਣ ਦੱਸੋ, ਗਰੀਬ ਦਾ ਜ਼ੋਰ ਇੱਥੇ ਕਿਵੇਂ ਪਹੁੰਚੇਗਾ? ਇਹਨੂੰ ਜਿੱਤਾਂਗੇ ਕਿਵੇਂ? ਹੇ ਵਾਹਿਗੁਰੂ! ਮੈਂ ਕੀ ਕਰਾਂ? ਇਹ ਐਨੇ ਸੂਰਮੇ ਨੇ ਮੈਂ ਇਕੱਲਾ ਹਾਂ, ਮੇਰੇ ਗਰੀਬ ਦਾ ਜ਼ੋਰ ਨਹੀਂ ਪੈਂਦਾ। ਕਹਿੰਦੇ, ਦਰਵਾਜ਼ੇ ਬੰਦ ਕਰੇ ਹੋਏ ਨੇ, ਰਾਖਾ ਇਨ੍ਹਾਂ ਦਾ ਹੈਗਾ ਕਾਮ-

***ਕਾਮੁ ਕਿਵਾਰੀ ਦੁਖੁ ਸੁਖੁ ਦਰਵਾਨੀ ਪਾਪੁ ਪੁੰਨੁ ਦਰਵਾਜਾ ॥***
***ਕ੍ਰੋਧੁ ਪ੍ਰਧਾਨੁ ਮਹਾ ਬਡ ਦੁੰਦਰ ਮਹ ਮਨੁ ਮਾਵਾਸੀ ਰਾਜਾ ॥***
***ਅੰਗ - ੧੧੬੧***

ਦੁੱਖ ਤੇ ਸੁੱਖ ਦਰਬਾਨ ਬਣੇ ਹੋਏ ਨੇ ਦਰਵਾਜ਼ੇ ਦੇ। ਪਾਪ ਤੇ ਪੁੰਨ ਦਾ ਦਰਵਾਜ਼ਾ ਬੰਦ ਹੋਇਆ ਹੈ। ਕ੍ਰੋਧ ਜਿਹੜਾ ਹੈ ਬਹੁਤ ਖੌਰੂ ਪਾਉਣ ਵਾਲਾ, ਭਿਆਨਕ, ਉਹ ਕਹਿੰਦੇ ਇੱਥੇ ਪ੍ਰਧਾਨ ਸੈਨਾਪਤੀ ਬਣਿਆ ਹੋਇਆ ਹੈ। ਉਥੇ ਆਕੀ ਹੋਇਆ-ਹੋਇਆ ਪ੍ਰਮਾਤਮਾ ਤੋਂ ਜੀਵ ਆਤਮਾ ਨੂੰ ਵਸ ਕਰਕੇ ਮਨ ਰਾਜਾ ਜੀਵ ਆਤਮਾ ਨੂੰ ਕਾਬੂ ਕਰੀ ਬੈਠਾ ਹੈ। ਚਾਹੀਦਾ ਤਾਂ ਸੀ ਬੁੱਧੀ ਦੇ ਅਧੀਨ ਰਹਿੰਦਾ। ਜੀਵ ਆਤਮਾ ਦੇ ਅਧੀਨ ਰਹਿੰਦਾ, ਚਿੱਤ ਦੇ ਅਧੀਨ ਰਹਿੰਦਾ। ਪਰ ਇਹ ਆਕੀ ਹੋ ਗਿਆ, ਇਹਨੇ ਬੁੱਧੀ ਨੂੰ ਵੀ ਕਾਬੂ ਕਰ ਲਿਆ ਤੇ ਜੀਵ ਆਤਮਾ ਨੂੰ ਵੀ ਕਰ ਲਿਆ। ਉਹਨੇ ਸੰਜੋਅ ਜਿਹੜੀ ਪਹਿਨੀ ਹੋਈ ਹੈ ਉਹ ਸੁਆਦਾਂ ਦੀ ਪਹਿਨੀ ਹੋਈ ਹੈ, ਰਸਾਂ-ਕਸਾਂ ਦੀ।

***ਸ੍ਵਾਦ ਸਨਾਹ ਟੋਪੁ ਮਮਤਾ ਕੋ ਕੁਬੁਧਿ ਕਮਾਨ ਚਢਾਈ ॥***
***ਤਿਸਨਾ ਤੀਰ ਰਹੇ ਘਟ ਭੀਤਰਿ***
***ਇਉ ਗਢੁ ਲੀਓ ਨ ਜਾਈ।। ਅੰਗ - ੧੧੬੧***

ਮਮਤਾ ਦਾ ਟੋਪ ਪਹਿਨਿਆ ਹੋਇਆ ਹੈ ਤੇ ਇਹਦੇ ਉਤੇ ਗੋਲਾ ਨਹੀਂ ਕੋਈ ਚੱਲ ਸਕਦਾ। ਮਾੜੀ ਬੁੱਧੀ ਦਾ ਉਹਨੇ ਤੀਰ ਕਮਾਨ ਲਿਆ ਹੋਇਆ ਹੈ। ਤ੍ਰਿਸ਼ਨਾ ਦੇ ਤੀਰ ਚੱਲ ਰਹੇ ਨੇ ਇੱਥੇ। ਇਹ ਕਿਲ੍ਹਾ ਸੱਚੇ ਪਾਤਸ਼ਾਹ! ਕਿਵੇਂ ਫਤਹਿ ਹੋਵੇ। ਉਸ ਵੇਲੇ ਜੁਗਤ ਦਸ ਦਿੱਤੀ, ਸਾਧੂਆਂ ਨੂੰ। ਸਾਧੂਆਂ ਨੇ ਫੇਰ ਆਪਣੇ ਹਥਿਆਰ ਕੱਢ ਲਏ। ਕਿਹੜਾ ਹਥਿਆਰ ਕੱਢਿਆ? ਕਹਿੰਦੇ, ਪ੍ਰੇਮ ਦਾ ਪਲੀਤਾ ਲਾ ਦਿੱਤਾ। ਸੁਰਤ ਦੀ ਹਵਾਈ ਚਲਾ ਦਿੱਤੀ। ਸੁਰਤ ਦੇ ਨਾਲ ਵਾਹਿਗੁਰੂ-ਵਾਹਿਗੁਰੂ ਜੋੜ ਲਿਆ, ਹਵਾਈ ਚਲਾ ਦਿੱਤੀ ਵਾਹਿਗੁਰੂ-ਵਾਹਿਗੁਰੂ ਕਹਿ ਕੇ ਤੇ ਪਿਆਰ ਦਾ ਦੇ ਦਿੱਤਾ ਪਲੀਤਾ। ਗੋਲਾ ਚਲਾ ਦਿੱਤਾ ਗਿਆਨ ਦਾ। ਇੱਕੋ ਹੀ ਗੋਲਾ ਚਲਾਇਆ ਤੇ ਬ੍ਰਹਮ ਅਗਨ ਜਾਲ ਦਿੱਤੀ ਕਿ ਸਾਰੇ ਹੀ ਵਾਹਿਗੁਰੂ ਹੈ। ਸਹਿਜ ਦੇ ਨਾਲ ਜਾਲੀ। ਕਹਿੰਦੇ ਇੱਕੋ ਚੋਟ ਕਰੀ ਹੈ ਬਹੁਤੀਆਂ ਚੋਟਾਂ ਕਰਨ ਦੀ ਲੋੜ ਨਹੀਂ ਪਈ, ਕਿਉਂਕਿ ਸੂਰਮੇ ਵੱਡੇ ਸੀਗੇ।

***ਪ੍ਰੇਮ ਪਲੀਤਾ ਸੁਰਤਿ ਹਵਾਈ***
***ਗੋਲਾ ਗਿਆਨੁ ਚਲਾਇਆ ॥***
***ਬ੍ਰਹਮ ਅਗਨਿ ਸਹਜੇ ਪਰਜਾਲੀ***
***ਏਕਹਿ ਚੋਟ ਸਿਝਾਇਆ ॥ ਅੰਗ - ੧੧੬੧***

ਇੱਕੋ ਗੋਲਾ ਮਾਰਿਆ ਕਹਿੰਦੇ ਕੰਧਾ ਤੋੜ ਦਿੱਤੀਆਂ। ਹੁਣ ਫੇਰ ਲੜਾਈ ਸੂਰਮੇ ਨਾਲ ਲੈ ਕੇ ਅਸੀਂ ਲੜਨ ਲੱਗੇ -

***ਸਤੁ ਸੰਤੋਖੁ ਲੈ ਲਰਨੇ ਲਾਗਾ ਤੋਰੇ ਦੁਇ ਦਰਵਾਜਾ ॥***
***ਸਾਧਸੰਗਤਿ ਅਰੁ ਗੁਰ ਕੀ ਕ੍ਰਿਪਾ ਤੇ ਪਕਰਿਓ ਗਢ ਕੋ ਰਾਜਾ ॥***
***ਅੰਗ - ੧੧੬੧***

ਦੋਵੇਂ ਦਰਵਾਜ਼ੇ ਤੋੜ ਦਿੱਤੇ ਪਾਪ ਤੇ ਪੁੰਨ ਵਾਲੇ। ਸਤੁ ਤੇ ਸੰਤੋਖ ਨਾਲ ਲੜਾਈ ਸ਼ੁਰੂ ਕਰ ਦਿੱਤੀ ਤੇ ਹੁਣ ਕ੍ਰਿਪਾ ਕੀਤੀ। ਗੁਰੂ ਦੀ ਕ੍ਰਿਪਾ ਤੇ ਸਾਧੂਆਂ ਦੀ ਸੰਗਤ ਇਹਦੇ ਨਾਲ ਕੀ ਕਰਿਆ? ਕਹਿੰਦੇ ਕਿਲ੍ਹੇ 'ਚ ਵੜ ਗਏ ਤੇ ਇਨ੍ਹਾਂ ਦੀ ਕ੍ਰਿਪਾ ਹੋਣ ਦੇ ਨਾਲ ਮਨ ਰੂਪੀ ਰਾਜਾ ਫੜ ਲਿਆ, ਕਾਬੂ ਕਰ ਲਿਆ। ਕਹਿੰਦੇ ਜਦੋਂ ਮਨ ਕਾਬੂ ਕਰ ਲਿਆ ਫੇਰ ਜਿਹੜੀ ਆਹ ਸਾਧਸੰਗਤਿ ਬੈਠੀ ਹੈ ਨਾ, ਭਗਵਤ ਦੇ ਪ੍ਰੇਮੀ ਇਨ੍ਹਾਂ ਦੀ ਭੀੜ, ਵਾਹਿਗੁਰੂ ਦੇ ਸਿਮਰਨ

ਦੀ ਸ਼ਕਤੀ ਦੇ ਨਾਲ ਕਾਲ ਦੀ ਭੈ ਦੀ ਫਾਸੀ ਕੱਟ ਦਿੱਤੀ।

***ਭਗਵਤ ਭੀਰਿ ਸਕਤਿ ਸਿਮਰਨ ਕੀ ਕਟੀ ਕਾਲ ਭੈ ਫਾਸੀ ॥***
***ਦਾਸੁ ਕਮੀਰੁ ਚੜ੍ਹਿਓ ਗੜ੍ਹ ਊਪਰਿ ਰਾਜੁ ਲੀਓ ਅਬਿਨਾਸੀ ॥***
***ਅੰਗ - ੧੧੬੨***

ਹੁਣ ਕਹਿੰਦੇ ਕਿਲ੍ਹੇ ਦੇ ਉਤੇ ਦਸਵੇਂ ਦੁਆਰ 'ਚ ਚੜ੍ਹ ਗਏ। ਫਤਹਿ ਕਰ ਲਿਆ ਤੇ ਲਿਆ ਕੀ? ਅਬਿਨਾਸ਼ੀ ਰਾਜ ਲੈ ਲਿਆ-

***ਧਾਰਨਾ - ਰਾਜ ਲੀਓ ਅਬਿਨਾਸ਼ੀ,***
***ਹਰੀ ਦਿਆਂ ਸੰਤਾਂ ਨੇ।***

ਕਹਿੰਦੇ, ਹੁਣ ਰਾਜ ਪ੍ਰਾਪਤ ਹੋ ਗਿਆ ਇਨ੍ਹਾਂ ਸੂਰਮਿਆਂ ਨੂੰ, ਜਿਨ੍ਹਾਂ ਦਾ ਅਸੀਂ ਜ਼ਿਕਰ ਕਰਿਆ ਹੈ, ਜਿਹੜੇ ਪ੍ਰਵਾਨ ਹੋਏ-ਹੋਏ ਸੀ। ਰਾਜ ਪ੍ਰਾਪਤ ਹੋਣ ਦੇ ਨਾਲ ਅਖਤਿਆਰ ਕਿੱਡਾ ਵੱਧ ਗਿਆ, ਜਿੱਥੇ ਕੋਈ ਉਨ੍ਹਾਂ ਦਾ ਧਿਆਨ ਕਰਦਾ ਹੈ, ਜਿੱਥੇ ਕੋਈ ਸਿਮਰਨ ਕਰਦਾ ਹੈ, ਉਸੇ ਵੇਲੇ ਉਸਦੀ ਮਦਦ ਕਰਨ ਵਾਸਤੇ ਆਉਂਦੇ ਨੇ। ਉਹਨੂੰ ਲੈ ਜਾਂਦੇ ਨੇ ਦਰਗਾਹ ਦੇ ਅੰਦਰ। ਐਸੇ ਸੂਰਮੇ ਜਿਹੜੇ ਨੇ ਉਹ ਛੋਟਾ-ਮੋਟਾ ਰਾਜ ਨਹੀਂ ਲੈਂਦੇ।

ਬਾਕੀ ਭਾਈ ਪ੍ਰੇਮੀਆਂ! ਹੁਣ ਅਸੀਂ ਕਰਦੇ ਹਾਂ ਤੇਰੇ ਨਾਲ ਦੁਨਿਆਵੀ ਗੱਲ। ਸਮਝ 'ਚ ਆ ਗਿਆ ਤੇਰੇ?

ਕਹਿੰਦਾ, ਹਾਂ ਮਹਾਰਾਜ।

ਕਹਿੰਦੇ, ਹੁਣ ਅਸੀਂ ਤੇਰੇ ਨਾਲ ਕਿਰਤ ਦੀ ਗੱਲ ਕਰਦੇ ਹਾਂ।

ਉਹ ਕਿਰਤ ਇਹ ਹੈ ਕਿ ਤੂੰ ਫੌਜ ਦੇ ਵਿੱਚ ਆਫੀਸਰ ਹੈਂ ਕੋਈ ਤੇ ਆਪਣੇ ਮਾਲਕ ਦਾ ਤੂੰ ਨਮਕ ਖਾ ਰਿਹਾ ਹੈ। ਉਹ ਮਾਲਕ ਤੇਰਾ ਜੋ ਦੁਨੀਆਂਦਾਰੀ ਦਾ ਹੈ, ਉਹ ਤੈਨੂੰ ਤਨਖਾਹ ਦੇ ਰਿਹਾ ਹੈ ਤੇ ਤੇਰੇ ਉਤੇ ਭਰੋਸਾ ਕਰ ਰਿਹਾ ਹੈ। ਭਰੋਸਾ ਕਰਕੇ ਹੁਣ ਤੇਰਾ ਫਰਜ਼ ਇਹ ਬਣ ਜਾਂਦਾ ਹੈ ਕਿ ਤੂੰ ਨਮਕ ਹਰਾਮ ਨਾ ਬਣੀਂ। ਨਮਕ ਹਲਾਲ ਹੋਈਂ। ਕਿਉਂਕਿ ਜਿਹੜਾ ਧੋਖਾ ਦਿੰਦਾ ਹੈ ਉਹ ਅਕ੍ਰਿਤਘਣ ਕਹਾਉਂਦਾ ਹੈ ਆਪਣੇ ਆਪ ਨੂੰ ਤੇ ਉਹਦੇ ਨਾਲ ਕੀ ਹੁੰਦਾ ਹੈ ਉਹ ਆਪਣਾ ਜਨਮ ਖਰਾਬ ਕਰਕੇ ਬਹਿ ਜਾਂਦਾ ਹੈ -

***ਧਾਰਨਾ - ਮਰ ਜਨਮ ਬਿਗੋਵੈ ਜੀ,***
***ਲੂਣ ਹਰਾਮੀ ਗੁਨਹਗਾਰ।***

***ਖਾਧੇ ਲੂਣ ਗੁਲਾਮ ਹੋਇ ਪੀਹਿ ਪਾਣੀ ਢੋਵੈ।***
***ਲੂਣ ਖਾਇ ਕਰਿ ਚਾਕਰੀ ਰਣਿ ਟੁਕ ਟੁਕ ਹੋਵੈ।***
***ਲੂਣ ਖਾਇ ਧੀ ਪੁਤੁ ਹੋਇ ਸਭ ਲਜਾ ਧੋਵੈ।***
***ਲੂਣੁ ਵਣੋਟਾ ਖਾਇਕੈ ਹਥ ਜੋੜਿ ਖੜੋਵੈ।***
***ਵਾਟ ਵਟਾਊ ਲੂਣੁ ਖਾਇ ਗੁਣੁ ਕੰਠਿ ਪਰੋਵੈ।***
***ਲੂਣ ਹਰਾਮੀ ਗੁਨਹਗਾਰ ਮਰਿ ਜਨਮੁ ਵਿਗੋਵੈ।***
***ਭਾਈ ਗੁਰਦਾਸ ਜੀ, ਵਾਰ ੩੫/੧੧***

ਕਹਿਣ ਲੱਗੇ, ਜੋ ਲੂਣ ਖਾ ਕੇ ਬੁਰਾ ਕਰਦਾ ਹੈ ਦੂਸਰੇ ਦਾ। ਉਹ ਆਪਣੇ ਜਨਮ ਨੂੰ ਬਰਬਾਦ ਕਰਦਾ ਹੈ। ਲੂਣ ਖਾ ਕੇ, ਗੁਲਾਮ ਹੋ ਕੇ ਪਾਣੀ ਢੋਂਦਾ ਹੈ, ਪੀਂਹਦਾ ਹੈ, ਪੁਰਜੇ-ਪੁਰਜੇ ਹੋ ਕੇ ਕੱਟ ਕੇ ਮਰਦਾ ਹੈ ਲੂਣ ਖਾ ਕੇ। ਰਾਹ ਵਿੱਚ ਜਾਂਦਾ ਵੀ ਜੇ ਨਮਕ ਖਾ ਲਵੇ, ਉਹਦੇ ਗੁਣ ਨੂੰ ਕੰਠ ਪਰੋਂਦਾ ਹੈ, ਯਾਦ ਰਖਦਾ ਹੈ ਉਹਨੂੰ। ਕਹਿੰਦੇ, ਜਿਹੜੇ ਚੋਰ ਨੇ ਮਾੜੇ ਬੰਦੇ ਨੇ, ਉਹ ਵੀ ਲੂਣ ਦੀ ਲੱਜਾ ਪਾਲਣ ਕਰਦੇ ਨੇ -

***ਚੋਰ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।***
***ਕੁਛਾ ਕੂਣੈ ਭਾਲਦਾ ਚਉਬਾਰੇ ਚੜਿਆ।***
***ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।***
***ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।***
***ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।***
***ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ।***
***ਭਾਈ ਗੁਰਦਾਸ ਜੀ, ਵਾਰ ੩੫/੧੦***

ਇੱਕ ਮਹਾਤਮਾ ਕਿਸੇ ਨਗਰ ਦੇ ਬਾਹਰ ਜਾ ਕੇ ਬੈਠ ਗਏ, ਚਾਰ ਮਹੀਨੇ ਉਨ੍ਹਾਂ ਨੇ ਰਹਿਣਾ ਸੀ। ਚੌਮਾਸਾ ਕੱਟਣਾ ਸੀ। ਉਹ ਪਿੰਡ ਸੀ ਚੋਰਾਂ ਦਾ, ਡਾਕੂਆਂ ਦਾ। ਪਤਾ ਲੱਗਿਆ ਕਿ ਮਹਾਤਮਾ ਆ ਗਏ ਤੇ ਮੰਡਲੀ ਲਾ ਲਈ। ਮੀਟਿੰਗ ਬੁਲਾ ਲਈ, ਸਾਰੇ ਪਿੰਡ ਨੇ ਇਕੱਠ ਕਰਕੇ ਫੈਸਲਾ ਕਰਿਆ ਕਿ ਨਾ ਸੰਤਾਂ ਦੇ ਪ੍ਰਵਚਨ ਸੁਣਨੇ ਨੇ, ਨਾ ਉਨ੍ਹਾਂ ਦੇ ਕੀਰਤਨ 'ਚ ਜਾਣਾ ਹੈ, ਨਾ ਕੋਈ ਸੇਵਾ ਕਰਨੀ ਹੈ। ਜੇ ਲੰਘਣਾ ਵੀ ਪੈ ਜਾਏ, ਕੰਨ ਬੰਦ ਕਰਕੇ ਲੰਘਣਾ ਹੈ ਉਥੋਂ ਦੀ। ਆਲੇ-ਦੁਆਲੇ ਦੇ ਪਿੰਡਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਸੇਵਾ ਕਰਨ ਲਗ ਗਏ। ਬੜਾ ਸਤਿਸੰਗ ਹੋਇਆ, ਚਾਰ ਮਹੀਨੇ ਲੰਘ ਗਏ ਤੇ ਸੰਤਾਂ ਨੇ ਕਿਹਾ ਕਿ ਹੁਣ ਅਸੀਂ ਚਲਦੇ ਹਾਂ ਭਾਈ। ਉਸ ਪਿੰਡ ਦੀ ਬੜੀ ਨਿੰਦਿਆ ਹੋਣ ਲਗ ਗਈ। ਨਿੰਦਿਆ ਸੁਣ ਕੇ ਉਨ੍ਹਾਂ ਨੇ ਕਿ ਆਪਾਂ ਇਨ੍ਹਾਂ ਦਾ ਸਾਮਾਨ ਹੀ ਛੱਡ ਆਈਏ, ਇੱਕ ਤਾਂ ਨੇੜੇ ਨਹੀਂ ਰਹਿਣਗੇ, ਦੂਰ ਲੈ ਚੱਲਾਂਗੇ, ਕਾਹਲੇ-ਕਾਹਲੇ ਤੁਰ ਕੇ, ਨਾਲੇ ਸੇਵਾ ਬਣ ਜਾਊ ਸਾਡੀ। ਅਸੀਂ ਵੀ ਕਹਿ ਦਿਆ ਕਰਾਂਗੇ ਕਿ ਸਮਾਨ ਤਾਂ ਅਸੀਂ ਛੱਡ ਕੇ ਹੀ ਆਏ ਸੀ। ਜਦੋਂ ਸਮਾਨ ਲੈ ਕੇ ਚੱਲੇ ਤਾਂ ਸੰਤ ਕਹਿਣ ਲੱਗੇ ਕਿ ਪ੍ਰੇਮੀਆਂ! ਤੂੰ ਕਦੇ ਸਤਿਸੰਗ 'ਚ ਤਾਂ ਆਇਆ ਨਹੀਂ। ਜੇ ਤਾਂ ਸਾਡੇ ਬਚਨ ਮੰਨਣੇ ਨੇ, ਤਾਂ, ਤਾਂ ਸਮਾਨ ਚੁੱਕ ਨਹੀ, ਤਾਂ ਰੱਖਦੇ। ਕਹਿੰਦਾ, ਮਹਾਰਾਜ! ਦੱਸੋ? ਜਿਹੜਾ ਮੰਨਣ ਵਾਲਾ ਹੋਏਗਾ, ਉਹ ਮੰਨ ਲਵਾਂਗੇ।

ਕਹਿੰਦੇ, ਸ਼ਰਾਬ ਪੀਂਦਾ ਹੁੰਦਾ ਹੈ?

ਕਹਿੰਦਾ, ਦਿਨ ਰਾਤ।

ਕਹਿੰਦੇ, ਇੱਕ ਦਿਨ ਛੱਡ ਦੇ ਇਕਾਦਸ਼ੀ ਵਾਲੇ ਦਿਨ।

ਕਹਿੰਦਾ, ਚੰਗਾ ਛੱਡੀ।

ਫੇਰ ਮਹਾਰਾਜ! ਦਸਵੀਂ ਨੂੰ ਦੋ ਬੋਤਲਾਂ ਪੀ ਲਿਆ ਕਰਾਂਗਾ।

ਕਹਿੰਦੇ, ਤੇਰੀ ਮਰਜ਼ੀ। ਦੋ ਪੀ, ਚਾਰ ਪੀ। ਪਰ

ਇਕਾਦਸ਼ੀ ਨੂੰ ਨਾ ਪੀਈਂ।

ਕਹਿੰਦਾ, ਮਨਜ਼ੂਰ।

ਕਹਿੰਦੇ, ਮਾਸ ਖਾਂਦਾ ਹੈਂ?

ਕਹਿੰਦਾ, ਕੋਈ ਵੀ ਨਹੀਂ ਛੱਡਦਾ।

ਕਹਿੰਦੇ, ਕੋਈ ਆਪਣੀ ਮਰਜ਼ੀ ਨਾਲ ਇੱਕ ਜਾਨਵਰ ਦਾ ਮਾਸ ਛੱਡ ਦੇ।

ਕਹਿੰਦਾ, ਕਾਂ ਦਾ ਛੱਡਿਆ।

ਕਿਉਂਕਿ ਕਾਂ ਦਾ ਖਾਂਦਾ ਹੀ ਨਹੀਂ ਸੀ।

ਕਹਿੰਦੇ, ਠੀਕ ਹੈ।

ਕਹਿੰਦੇ, ਹੁਣ ਇੱਕ ਗੱਲ ਹੋਰ ਮੰਨ ਲੈ।

ਕਹਿੰਦਾ, ਦੱਸੋ?

ਕਹਿੰਦੇ, ਗਰੀਬ ਦੀ ਚੋਰੀ ਨਾ ਕਰੀਂ।

ਕਹਿੰਦਾ, ਲੈ ਆਹ ਤਾਂ ਸੁਖਾਲਾ ਹੀ ਹੈ? ਚੋਰੀ ਤਾਂ ਅਸੀਂ ਪੈਸੇ ਵਾਲੇ ਦੀ ਕਰਦੇ ਹਾਂ, ਗਰੀਬ ਤੋਂ ਅਸੀਂ ਲੈਣਾ ਦੇਣਾ ਕੀ ਹੈ। ਕਹਿੰਦਾ ਇਹ ਵੀ ਮੰਨ ਲਿਆ।

ਕਹਿੰਦੇ, ਇੱਕ ਬਚਨ ਹੋਰ ਕਹੀਏ?

ਕਹਿੰਦਾ, ਕਹਿੰਦਾ ਹਾਂ।

ਕਹਿੰਦੇ, ਪੰਜ ਮਾਵਾਂ ਹੁੰਦੀਆਂ ਨੇ ਸੰਸਾਰ 'ਚ, ਆਪਣੀ ਮਾਂ, ਮਿੱਤਰ ਦੀ ਮਾਂ, ਆਪਣੀ ਪਤਨੀ ਦੀ ਮਾਂ, ਸਾਧੂ-ਸੰਤ ਦੀ ਮਾਂ ਤੇ ਇੱਕ ਰਾਜੇ ਦੀ ਜੋ ਰਾਣੀ ਹੁੰਦੀ ਹੈ। ਕਹਿੰਦੇ ਇਨ੍ਹਾਂ ਵਲ ਮੰਦੀ ਨਿਗ੍ਹਾ ਨਾਲ ਨਾ ਦੇਖੀਂ।

ਕਹਿੰਦਾ, ਮਨਜ਼ੂਰ।

ਕਹਿੰਦੇ, ਸ਼ਾਬਾਸ਼।

ਕਹਿੰਦੇ, ਇੱਕ ਬਚਨ ਰਹਿ ਗਿਆ।

ਕਹਿੰਦਾ, ਉਹ ਵੀ ਦੱਸ ਛੱਡੋ ਨਾਲ ਦੀ ਨਾਲ।

ਕਹਿੰਦੇ, ਉਹ ਇਹ ਹੈ ਕਿ ਤੂੰ ਨਮਕ ਖਾ ਕੇ ਨਾ ਬੁਰਾ ਕਰੀਂ।

ਕਹਿੰਦਾ, ਅਸੀਂ ਨਾ ਕਿਸੇ ਦਾ ਨਮਕ ਖਾਂਦੇ ਹਾਂ, ਨਾ ਬੁਰਾ ਕਰਨ ਤੋਂ ਹਟਦੇ ਹਾਂ। ਨਮਕ ਖਾਣਾ ਹੀ ਨਹੀਂ ਜਿਹਦਾ, ਬੁਰਾ ਕਰਨਾ ਹੀ ਹੈ, ਸਾਡਾ ਸੁਭਾਅ ਹੈ, ਨਹੀਂ ਲੂਣ ਖਾਇਆ ਕਰਾਂਗੇ। ਅੱਗੇ ਤਾਂ ਕਦੇ ਧੋਖਾ ਦੇ ਹੀ ਲਈਦਾ ਹੈ। ਪਰ ਸਾਡੇ ਵੀ ਬੁਰਾ ਮੰਨਦੇ ਨੇ ਕਿ ਲੂਣ ਖਾ ਕੇ ਬੁਰਾ ਕਰਨਾ।

ਸੰਤ ਚਲੇ ਗਏ। ਹੁਣ ਇਹ ਚੋਰੀ ਰਾਜੇ ਦੇ ਕਰਨ ਲੱਗਿਆ। ਕਿਉਂਕਿ ਹਰ ਕੋਈ ਗਰੀਬ ਹੀ ਲੱਭਦਾ ਹੈ ਉਸਨੂੰ। ਲੱਭਦਾ-ਲੱਭਦਾ ਰਾਜੇ ਦੇ ਜਾ ਵੜਿਆ। ਚੁਬਾਰੇ ਚੜ੍ਹ ਗਿਆ ਤੇ ਉਥੇ ਉਹਦੀ ਰਾਣੀ ਛੋਟੀ ਉਮਰ ਦੀ ਸੀ, ਰਾਜਾ ਬਿਰਧ ਸੀ, ਰਾਣੀ ਨੇ ਦੇਖਿਆਂ ਬੰਦਾ ਦੇਖਿਆ ਕੋਈ, ਤੇ ਨਾਲ ਸਮਝਿਆ ਕਿ ਪਤਾ ਨਹੀਂ ਕਿਵੇਂ ਆ ਗਿਆ ਇਹ ਉਠ ਕੇ ਉਹਨੇ ਸਾਰੇ ਗਹਿਣੇ ਚੁੱਕ ਲਏ। ਜਦੋਂ ਕੋਲ ਆ ਕੇ ਸਰ੍ਹਾਣੇ ਨੂੰ ਹੱਥ ਪਾਇਆ ਤਾਂ ਉਹ ਹੌਲੀ ਦੇ ਕੇ ਕਹਿਣ ਲੱਗੀ ਕਿ ਦੇਖ ਮੈਂ ਰਾਜੇ ਦੇ ਘਰ ਬੜੀ ਤੰਗ ਹਾਂ, ਤੂੰ ਮੈਨੂੰ ਲੈ ਚੱਲ। ਕਹਿੰਦਾ ਨਾ ਮਾਤਾ। ਕਹਿੰਦੀ, ਮੈਂ ਤੇਰੀ ਮਾਂ ਕਿੱਥੋਂ ਲਗ ਗਈ? ਕਹਿੰਦਾ, ਮੈਨੂੰ ਇੱਕ ਸੰਤ ਨੇ ਕਿਹਾ ਸੀ ਕਿ ਰਾਜੇ ਦੀ ਰਾਣੀ ਜਿਹੜੀ ਹੁੰਦੀ ਹੈ ਉਹ ਮਾਂ ਹੁੰਦੀ ਹੈ। ਐਨੇ ਨੂੰ ਰਾਜੇ ਨੂੰ ਜਾਗ ਆ ਗਈ। ਰਾਜਾ ਸੁਣਨ ਲੱਗ ਗਿਆ ਗੱਲ। ਉਹਨੇ ਕਿਹਾ ਕਿ ਆਹ ਬੰਦਾ ਕਿਹੋ ਜਿਹਾ ਆ ਗਿਆ, ਜਿਹੜਾ ਰਾਣੀ ਨੂੰ ਕਹਿੰਦਾ ਹੈ ਮਾਂ। ਉਹ ਕਹਿੰਦੀ, ਮੈਂ ਗਹਿਣੇ ਹੋਰ ਵੀ ਨਾਲ ਲੈ ਚੱਲਾਂਗੀ। ਤੂੰ ਮੈਨੂੰ ਲੈ ਚੱਲ। ਕਹਿੰਦਾ, ਨਾ ਮਾਂ। ਆਹ ਕੰਮ ਮੇਰੇ ਤੋਂ ਨਹੀਂ ਹੋਣਾ। ਗਹਿਣੇ ਤਾਂ ਮੈਂ ਲੈ ਹੀ ਜਾਣੇ ਨੇ, ਛੱਡਣੇ ਨਹੀਂ ਹਨ, ਪਰ ਤੂੰ ਮੇਰੀ ਮਾਤਾ ਹੈਂ। ਐਨੇ ਨੂੰ ਇੱਕ ਪਲੇਟ ਪਈ ਸੀ, ਉਹਦੇ 'ਚ ਉਂਗਲੀ ਲੱਗੀ, ਮੂੰਹ ਨੂੰ ਲਾ ਲਈ ਉਹਨੇ, ਉਹਦੇ 'ਚ ਨਮਕ ਸੀ। ਕਹਿੰਦਾ, ਲੈ ਬਈ ਕਿਸਮਤ ਵਿੱਚ ਨਹੀਂ ਹੈ ਅੱਜ। ਸਾਧ ਨੇ ਪੰਜ ਬਚਨ ਦੇ ਦਿਤੇ, ਦੋ 'ਚ ਫਸ ਗਿਆ ਮੈਂ। ਕਹਿੰਦਾ, ਚੱਲ ਠੀਕ ਹੈ, ਛੱਡ ਪਰ੍ਹੇ। ਛੱਡ ਕੇ ਤੁਰ ਗਿਆ। ਰਾਜੇ ਨੇ ਸਾਰੀਆਂ ਗੱਲਾਂ ਸੁਣ ਲਈਆਂ, ਦੂਜੇ ਦਿਨ ਢਿੰਡੋਰਾ ਪਿਟਵਾ ਦਿੱਤਾ। ਕਹਿੰਦਾ, ਜਿਹੜਾ ਚੋਰ ਹੈ ਉਹ ਹਾਜ਼ਰ ਹੋਵੇ, ਮੈਂ ਉਹਨੂੰ ਇਨਾਮ ਦੇਣਾ ਹੈ।

ਉਹਨੇ ਕਿਹਾ ਕਿ ਚਾਹੇ ਫਸ ਜਾਈਏ, ਚਾਹੇ ਰਹਿ ਜਾਈਏ, ਚਲੋ ਚਲਦੇ ਹਾਂ। ਉਥੇ ਚਲਿਆ ਗਿਆ। ਰਾਜਾ ਕਹਿਣ ਲੱਗਿਆ, ਦਰਬਾਰ ਲਾ ਲਿਆ। ਕਹਿੰਦਾ, ਇਹ ਬੰਦਾ ਰਾਤ ਚੋਰੀ ਕਰਨ ਆਇਆ। ਇਹਦੀਆਂ ਮੈਂ ਗੱਲਾਂ ਸੁਣੀਆਂ। ਉਹ ਕਹਿੰਦਾ ਕਿ ਗੱਲ ਕੀ ਸੀ? ਉਹਨੇ ਕਿਹਾ, ਇੱਕ ਸਾਧ ਆਏ ਸੀ, ਉਨ੍ਹਾਂ ਨੇ ਮੇਰੇ ਤੋਂ ਪੰਜ ਬਚਨ ਲੈ ਲਏ ਪੰਜ। ਮੈਂ ਹਾਂ ਚੋਰਾਂ ਦਾ ਸਰਦਾਰ ਤੇ ਮੈਂ ਸਾਰੇ ਚੋਰਾਂ ਨੂੰ ਇਹੀ ਪੰਜ ਬਚਨ ਮਨਾ ਲਏ ਤੇ ਪਹਿਲਾ ਬਚਨ ਇਹ ਸੀ ਉਹਦਾ ਕਿ ਗਰੀਬ ਦੇ ਚੋਰੀ ਨਾ ਕਰੀਂ, ਰਾਜਨ! ਤੇਰੇ ਨਾਲੋਂ ਸਭ ਗਰੀਬ ਨੇ ਤਾਂ ਮੈਂ ਤੇਰੇ ਮਹਿਲਾਂ 'ਚ ਆ ਵੜਿਆ। ਉਹਨੇ ਬਚਨ ਦਿੱਤਾ ਸੀ ਪੰਜ ਮਾਵਾਂ ਹੁੰਦੀਆਂ ਨੇ, ਉਹਦੇ ਵਿੱਚ ਤੇਰੀ ਰਾਣੀ ਹੈ ਉਹਨੂੰ ਵੀ ਮਾਂ ਕਿਹਾ ਸੀ। ਮੈਂ ਇਸ ਕਰਕੇ ਇਹਨੂੰ ਮਾਂ ਕਹਿੰਦਾ ਰਿਹਾ। ਕਹਿੰਦੇ, ਲੈ ਕੇ ਨਾ ਗਿਆ?

ਕਹਿੰਦਾ, ਮਾਂ ਨੂੰ ਕੌਣ ਲੈ ਕੇ ਜਾਂਦਾ ਹੈ।

ਸ਼ਾਬਾਸ਼ ਕਹਿੰਦਾ, ਨਿਹਚਾ ਤੇਰਾ ਪੱਕਾ ਹੈ।

ਕਹਿੰਦਾ, ਫੇਰ ਤੂੰ ਸਮਾਨ ਕਿਉਂ ਨਾ ਲੈ ਕੇ ਗਿਆ?

ਕਹਿੰਦਾ ਉਨ੍ਹਾਂ ਨੇ ਕਿਹਾ ਸੀ ਕਿ ਨਮਕ ਖਾ ਕੇ ਨਾ ਬੁਰਾ ਕਰੀਂ।

ਕਹਿੰਦਾ, ਮੇਰੇ ਮੂੰਹ ਨੂੰ ਲੂਣ ਲਗ ਗਿਆ। ਸੋ ਮੈਂ ਕੋਈ ਵੀ ਸਮਾਨ ਲੈ ਕੇ ਨਹੀਂ ਗਿਆ।

ਰਾਜੇ ਨੇ ਸਾਰੇ ਦਰਬਾਰ ਦੇ ਵਿੱਚ ਵਜ਼ੀਰਾਂ ਨੂੰ ਕਿਹਾ ਕਿ ਇਹਦੇ ਨਾਲੋਂ ਵੀ ਚੰਗਾ ਬੰਦਾ ਵੀ ਲੱਭ ਸਕਦਾ ਹੈ ਆਪਾਂ ਨੂੰ? ਮੇਰਾ ਵਫਾਦਾਰ ਮਾਂ ਕਹਿਣ ਵਾਲਾ, ਤੇ ਫੇਰ ਨਮਕ ਖਾ ਕੇ ਬੁਰਾ ਨਾ ਕਰਨ ਵਾਲਾ ਤੇ ਮੈਂ ਇਸਨੂੰ ਰਾਜ ਅਧਿਕਾਰੀ ਬਣਾਉਂਦਾ ਹਾਂ, ਕਿਉਂਕਿ ਮੇਰੇ ਪੁੱਤਰ ਨਹੀਂ ਹੈ। ਸੋ ਤਖਤ 'ਤੇ ਬਿਠਾ ਦਿੱਤਾ।

ਉਹਨੇ ਸਾਰੀਆਂ ਚੋਰੀਆਂ ਚਕਾਰੀਆਂ ਬੰਦ ਕਰਾ ਦਿੱਤੀਆਂ। ਕਿਉਂਕਿ ਸਾਰੇ ਅੱਡਿਆਂ ਦਾ ਵਾਕਫ ਸੀ। ਉਨ੍ਹਾਂ ਨੂੰ ਵੱਡੇ-ਵੱਡੇ ਆਫੀਸਰ ਬਣਾ ਦਿੱਤਾ। ਚੋਰੀ ਹਟ ਗਈ, ਡਾਕੇ ਮਾਰਨ ਤੋਂ ਹਟ ਗਏ। ਰਾਜ ਦੀ ਮਹਿਮਾ ਹੋਈ। ਸਾਧੂ, ਸੰਤਾਂ ਦੀ ਸੇਵਾ ਕਰਨ ਲੱਗ ਗਿਆ ਕਿ ਇੱਕ ਸਾਧ ਨੇ ਮੈਨੂੰ ਰਾਜਾ ਬਣਾਇਆ ਹੈ, ਮੈਂ ਉਹਦਾ ਬਚਨ ਮੰਨਿਆ ਹੈ। ਹੁੰਦੇ-ਹੁੰਦੇ ਉਹ ਸੰਤ ਵੀ ਆ ਗਏ, ਉਸ ਵੇਲੇ ਇਹ ਬੀਮਾਰ ਸੀ। ਸ਼ਰਾਬ ਇਕਾਦਸ਼ੀ ਨੂੰ ਤਾਂ ਕੀ ਪੀਣੀ, ਬਿਲਕੁਲ ਹਟਾ ਦਿੱਤੀ ਤੇ ਹਕੀਮ ਇਹ ਕਹਿੰਦੇ ਸੀ ਤੂੰ ਕਾਂ ਦਾ ਮਾਸ ਖਾ ਲੈ। ਫੇਰ ਰਾਜ਼ੀ ਹੋਏਂਗਾ? ਕਹਿੰਦਾ, ਨਾ, ਮੈਂ ਮਰ ਬੇਸ਼ੱਕ ਜਾਵਾਂ, ਪਰ ਬਚਨ ਨਹੀਂ ਮੈਂ ਛੱਡਣਾ, ਸੰਤਾਂ ਨੂੰ ਪਤਾ ਲੱਗਿਆ ਕਿ ਇਸ ਦੇਸ਼ ਦਾ ਰਾਜਾ ਕਾਂ ਦਾ ਮਾਸ ਨਹੀਂ ਖਾਂਦਾ, ਬੀਮਾਰ ਹੈ। ਅਖੀਰ ਪਤਾ ਲੱਗਿਆ ਕਿ ਇਹ ਤਾਂ ਓਹੀ ਡਾਕੂ ਹੈ। ਆਪ ਆ ਗਏ, ਬੜੀ ਸੇਵਾ ਕਰੀ ਏਸਨੇ। ਉਸ ਵੇਲੇ ਉਹ ਦਵਾਈਆਂ ਜਾਣਦੇ ਸੀ, ਹੋਰ ਦਵਾਈ ਦੇ ਕੇ ਰਾਜ਼ੀ ਕਰ ਲਿਆ। ਸੋ ਕਹਿੰਦੇ ਉਹ ਜਿਹੜਾ ਚੋਰ ਸੀ -

***ਚੋਰ ਗਇਆ ਘਰਿ ਸਾਹ ਦੈ ਘਰ ਅੰਦਰਿ ਵੜਿਆ।***
***ਕੁਛਾ ਕੂਣੈ ਭਾਲਦਾ ਚਉਬਾਰੇ ਚੜਿਆ।***
***ਸੁਇਨਾ ਰੁਪਾ ਪੰਡ ਬੰਨਿ ਅਗਲਾਈ ਅੜਿਆ।***
***ਲੋਭ ਲਹਰਿ ਹਲਕਾਇਆ ਲੂਣ ਹਾਂਡਾ ਫੜਿਆ।***
***ਚੁਖਕੁ ਲੈ ਕੇ ਚਖਿਆ ਤਿਸੁ ਕਖੁ ਨ ਖੜਿਆ।***
***ਲੂਣ ਹਰਾਮੀ ਗੁਨਹਗਾਰੁ ਧੜੁ ਧੰਮੜ ਧੜਿਆ।***

***ਭਾਈ ਗੁਰਦਾਸ ਜੀ, ਵਾਰ ੩੫/੧੦***

ਜਿਹੜੇ ਲੂਣ ਹਰਾਮੀ ਹੁੰਦੇ ਨੇ ਉਨ੍ਹਾਂ 'ਤੇ ਮਾਰ ਪੈਂਦੀ ਹੈ।

ਮਹਾਰਾਜ ਕਹਿੰਦੇ, ਦੋ ਤਰ੍ਹਾਂ ਦੇ ਲੂਣ ਹਰਾਮੀ ਹੁੰਦੇ ਨੇ। ਇੱਕ ਤਾਂ ਉਹ ਹੁੰਦੇ ਨੇ ਜਿਹੜੇ ਕਿਸੇ ਦੀ ਨੌਕਰੀ ਕਰਕੇ ਉਹਨੂੰ ਧੋਖਾ ਦੇਣ। ਇੱਕ ਲੂਣ ਹਰਾਮੀ ਉਹ ਹੁੰਦੇ ਨੇ ਜਿਹੜੇ ਸਾਰੀਆਂ ਰਹਿਮਤਾਂ, ਸੋਹਣਾ ਸਰੀਰ ਮਿਲਿਆ, ਸੋਹਣੀਆਂ ਕੋਠੀਆਂ ਮਿਲੀਆਂ, ਸੋਹਣੇ ਵਸਤਰ, ਸੋਹਣੀਆਂ ਸਵਾਰੀਆਂ, ਕੀਹਨੇ ਦਿੱਤੀਆਂ ਨੇ; ਕਹਿੰਦੇ ਵਾਹਿਗੁਰੂ ਨੇ। ਫੇਰ ਵਾਹਿਗੁਰੂ ਦਾ ਦਿੱਤਾ ਨਮਕ ਖਾਂਦੇ ਨੇ। ਕਹਿੰਦੇ, ਉਸ ਨਾਲ ਧੋਖਾ ਕਰਦੇ ਨੇ, ਹੁਕਮ ਅਦੂਲੀ ਕਰਦੇ ਨੇ ਤੇ ਸੰਸਾਰ ਦੇ ਵਿੱਚ ਦੁੱਖ ਪੈਦਾ ਕਰਦੇ ਨੇ, ਕਹਿੰਦੇ ਉਹ ਅਸਲੀ ਲੂਣ ਹਰਾਮੀ ਨੇ।

***ਅੰਤਰਜਾਮੀ ਸਭ ਬਿਧਿ ਜਾਨੈ***
***ਤਿਸ ਤੇ ਕਹਾ ਦੁਲਾਰਿਓ ॥***
***ਹਸਤ ਪਾਵ ਝਰੇ ਖਿਨ ਭੀਤਰਿ***
***ਅਗਨਿ ਸੰਗਿ ਲੈ ਜਾਰਿਓ ॥***
***ਮੂੜੇ ਤੈ ਮਨ ਤੇ ਰਾਮੁ ਬਿਸਾਰਿਓ ॥***
***ਲੂਣੁ ਖਾਇ ਕਰਹਿ ਹਰਾਮਖੋਰੀ***
***ਪੇਖਤ ਨੈਨ ਬਿਦਾਰਿਓ ॥ ੧ ॥ ਰਹਾਉ ॥***
***ਅਸਾਧ ਰੋਗੁ ਉਪਜਿਓ ਤਨ ਭੀਤਰਿ***
***ਟਰਤ ਨ ਕਾਹੂ ਟਾਰਿਓ ॥***
***ਪ੍ਰਭ ਬਿਸਰਤ ਮਹਾ ਦੁਖੁ ਪਾਇਓ***
***ਇਹੁ ਨਾਨਕ ਤਤੁ ਬੀਚਾਰਿਓ ॥***

***ਅੰਗ - ੧੦੦੦-੧੦੦੧***

ਕਹਿੰਦੇ, ਲੂਣ ਹਰਾਮੀ ਹੋ ਕੇ ਤੂੰ ਪ੍ਰਭੂ ਨੂੰ ਭੁੱਲ ਗਿਆ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ ਕਿ ਜਿਹੜਾ ਯੋਧਾ ਹੁੰਦਾ ਹੈ, ਮਾਲਕ ਦਾ ਨੌਕਰ ਹੁੰਦਾ ਹੈ। ਗਰੀਬਾਂ ਦੀ ਰਾਖੀ ਵਾਸਤੇ ਜਿਹੜਾ ਯੁੱਧ ਕਰਦਾ ਹੈ ਉਹ ਧਰਮ ਹੁੰਦਾ ਹੈ। ਜਿਹਦਾ ਨਮਕ ਖਾਵੇ ਉਹਨੂੰ ਪਿਆਰ ਕਰੇ। ਕਦੀ ਰਣ ਦੇ ਖੇਤ ਵਿੱਚ ਪਿੱਠ ਨਾ ਦੇਵੇ। ਸਵਾਮੀ ਦਾ ਕੰਮ ਹੋਵੇ ਤੇ ਉਹਨੂੰ ਪੂਰਾ ਕਰਨ ਵਾਸਤੇ ਜੇ ਪ੍ਰਾਣ ਵੀ ਜਾਣ ਤਾਂ ਚਲੇ ਜਾਣ। ਇੱਥੇ ਵੀ ਜਸ ਹੁੰਦਾ ਹੈ ਤੇ ਦਰਗਾਹ ਵਿੱਚ ਵੀ ਜਸ ਹੁੰਦਾ ਹੈ। ਉਹ ਜਿੱਤਦਾ ਹੈ ਤੇ ਉਹਦਾ ਮੁੱਖ ਪ੍ਰੇਮੀਆਂ ਉੱਜਲ ਹੁੰਦਾ ਹੈ। ਪ੍ਰਮੇਸ਼ਰ ਦਾ ਸਿਮਰਨ ਕਰੇ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਨੇ ਕਰਤੱਬ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ। ਕਹਿਣ ਲੱਗੇ -

***ਜੇ ਕਰਿ ਜੁੱਧ ਆਨਿ ਕਿਤ ਪਰੈ।***
***ਅਲਪ ਕਿ ਬਹੁਤੇ ਨਹੀਂ ਬਿਚਰੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਹੇ ਭਾਈ ਮੱਲੂ! ਜੇ ਕਿਤੇ ਯੁੱਧ ਆ ਜਾਵੇ, ਫੇਰ ਐਂ ਨਾ ਦੇਖੀਂ ਕਿ ਮੇਰੇ ਮੂਹਰੇ ਬਹੁਤੇ ਖੜ੍ਹੇ ਨੇ ਜਾਂ ਥੋੜ੍ਹੇ ਖੜ੍ਹੇ ਨੇ।

***ਪੀਠ ਨ ਦੇਹਿ ਸਮੁਖਿ ਰਿਪੁ ਰਹੈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਪਿੱਠ ਨਾ ਦੇਵੇ, ਸਨਮੁੱਖ ਹੋ ਕੇ ਲੜੇ।

***ਨਿਰਭੈ ਸ਼ਸਤ੍ਰ ਬਹੈ ਜਸ ਲਹੈ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਜਦੋਂ ਨਿਰਭੈ ਹੋ ਕੇ ਸ਼ਸਤ੍ਰ ਚਲਾਏਂਗਾ, ਜਸ ਲਏਂਗਾ। ਦੇਹ ਨੇ ਤਾਂ ਜਾਣਾ ਹੀ ਜਾਣਾ ਹੈ।

***ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਜੇ ਰਹਿ ਗਿਆ ਵੱਡੇ ਤੋਂ ਵੱਡੇ ਪਦਾਰਥ ਤੈਨੂੰ ਸੰਸਾਰ ਵਿੱਚ ਮਿਲਣਗੇ। ਤੂੰ ਉਨ੍ਹਾਂ ਨੂੰ ਲੈ ਕੇ ਸਤਿਸੰਗ ਦੇ ਵਾਸਤੇ ਲਾਇਆ ਕਰ।

***ਲੇ ਸਤਿਸੰਗਤਿ ਲਾਇ ਸਕਾਰਥ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

***ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ।***
***ਸੂਰਗ ਨਿਸੰਸੈ ਸੂਰ ਸਿਧਾਵੈ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

(ਬਾਕੀ ਪੰਨਾ 37 'ਤੇ)



## Sant Waryam Singh Memorial Public High School, Ratwara Sahib

# Literary Vision

## Introduction



Sant Waryam Singh Memorial Public High School was established in the memory of His Holiness by Sant Mata Ranjit Kaur Ji in 2002. It is an English Medium Co-Educational school and is affiliated to PSEB, Mohali. With the mission to give the best in education, the seedling that was planted seven years ago with the handful of student and staff has grown into a huge tree with about 700 students and a galaxy of dedicated staff.



With benevolent blessing of Honorable Biji (Mata Ranjit Kaur Ji), the school management, Baba Harpal Singh Ji and Director Education S. Kulwant Singh Gill, who's approach towards imparting education is based on religious beliefs as per sikh tenets. The management has wider outlook and desires to impart among the students a sense of responsibility towards social and scientific issues like research, environment, adolescent problems and other relevant issue concerning students, among the younger students we believe in inculcating a sense of discipline within the boundaries of freedom.

Keeping in mind about the religious land, the moral and spiritual values are inculcated in the students by means of Gurbani recitation and organizing divinity competitions. In addition to this, the school has also shown excellence in the sports & curricular activities. Every effect is made to mould the students to be capable achievers in the various walks of life by the Management and Staff.



# Achievements

Co- Curricular Activities

With the blessings of honorable Biji (Sant Mata Ranjit Kaur Ji). The Principal Ms. Gurpreet Kaur has made the platform to explore the talents of the rural children by encouraging them to participate in various cultural activities like Art & Craft, Shabad Gayan, Speech, Declamation, Dance, Singing etc. These students have shown excellence not only at the District Level but also at State Level.

## Block - Level Achievements




- The students got 1st position in the Shabad Gayan competition.
- Pritpal Singh of class 5th got 1st position in folk song.
- Navneet Kaur of class 5th got 1st position in speech.
- Lovepreet Kaur of class 3rd got 1st position in folk dance.
- Harkaran Singh and Sarpreet Kaur of class 5th got 2nd position in drawing and handwriting competitions respectively.

## District Level Achievements

- The students of Group I got 1st position in Shabad Gayan, Group II got 2nd position & Group III got 3rd position in competition held at Paragon Senior Secondary School, Mohali.
- Pritpal Singh of class 5th and Harpreet Singh of class 7th achieved 1st & 2nd position respectively in folk song.
- Maninder Kaur & Amarjot Kaur of class 7th & 8th and Harpreet Singh, Parminder Singh and Gaganpreet Singh of class 10th got 3rd position Kavishri.
- The students of class 8th Kuljit Kaur & Ramandeep Kaur got 1st position in Var.
- 1st position was achieved by Sukhveet Kaur of class 7th & 2nd position was achieved by Navneet Kaur of class 5th in speech.
- Lovepreet Kaur of class 3rd achieved 1st position in folk dance.
- Pavneet Kaur of class 6th achieved 1st position in poetry recitation competition.

## Regional Level Competitions



- The Group I & III achieved 3rd positions in Shabad Gayan and Group I achieved Ist position in Shabad Gayan.
- Pavneet Kaur of class 6th achieved 1st position in Poetry Recitation Competition.
- The Bhangra Team of middle & secondary level of the school achieved 3rd position.

## State Level Participation



- The Bhangra Group of middle & secondary level participated in State Level Competition.
- The team of primary level, middle level & secondary level of Shabad Gayan also participated at State Level.

# Achievements at Sports Level

## Block Level

- The Kho- Kho team of Girls of primary wing clinched 2nd position whereas the Kho-Kho team of Boys clinched 1st position.
- The Kabaddi team of Girls of primary wing clinched 1st position whereas the Boys team achieved 3rd position.



- Jashanpreet Kaur, Pavneet Kaur, Ramanpreet Kaur and Simranjit Kaur of class VI clinched 2nd position in relay race whereas Jaspreet Singh, Gurpreet Singh, Amritpal Singh and Parminder Singh of class IX clinched 3rd position.
- The Girls and Boys of primary wing clinched 1st position in Gymnastic.
- The Boys of Kushti scored 1st position.

## Zonal Tournament



- The Handball team of boys U-19 & U-17 clinched 1st position and the handball team of girls U-17 also clinched the 1st position.
- The Handball team of boys as well as of girls U-19 clinched 1st position.
- The Kabaddi team of girls U-17 clinched 1st position whereas the Kabaddi team of boys U-14 scored 3rd position.
- The Badminton team of boys U-17 and the badminton team of girls U-14 clinched 2nd position.
- The participants of Chess team U-17 category got 1st position.
- Amandeep Kaur scored 1st position in U-14 girls category in Shotput while Harjit Kaur scored 2nd position. In boys category Amandeep Singh scored 1st position while Sukhpreet remained at 3rd position in Discus Throw in U14 boys category.
- Ikwinder Kaur (Triple Jump U-17 girls category) remained first and Sukhjinder Kaur (3000 mt walk U-17 girls category) also stood first.



## District Level Achievements

- Both the handball teams of girls U-14 and boys U-19 category clinched 2nd position.
- The handball team of boys U-17 category attained 2nd position.
- The chess team of boys and girls U-17 secured 3rd & 2nd position respectively.
- The badminton team of girls U-17 & U-14 got 3rd positions.
- The girls and boys U-14, girls U-17 & boys U-19 category participated at district level.
- Both the boys and girls of primary level got 1st position.
- Harkaran Singh stood Ist in 25 kg category in Wrestling.







### State Level Participation

- The handball team of boys & girls U-14 got the merit certificate for the participation.
- The U-17 boys handball team also got the merit certificate.

## Trips & Excursions

To meet the gap between the Rural & Urban area students and to explore the students with the outer world, an Educational Trip was organized to Delhi-Agra. The students saw the magnificent Taj Mahal, a symbol of love which is one of the seven wonders of the World. The students were spell bound by its beauty. Many other historical places at Delhi like Red Fort, India Gate, Qutab Minar etc. were also visited. The students were also keeping in view about the Religious Beliefs. The students were also taken to the temple of Vrindavan & Mathura.



Many other class wise short trip were also arranged by the school.

## Seminars & Workshops

- To know about the new techniques of teaching seminars for the teachers are also organized.
- Workshops for students are also organized by the teachers and the Times of India. The students actively gave response in the workshops.
- Special counseling is provided for the 10th class students so as to help them to choose a proper field in the future.
- Special Spoken English classes are held for the students to encourage them to converse in English.



## Other Major Events

- Rangoli competition was held to celebrate Holi Festival in which Shaheed Bhagat Singh House got 1st position by making beautiful Rangoli.
- The school wore a festive look as the kindergarten celebrated Janamashtami. The tiny tots enacted 'Krishna Leela'.
- To house the oratorical skills, students were given opportunities to participate in declamation contests.
- Mehak Verma bagged 2 years scholarship during Gurubani Kanth Competition held in school campus by Mata Kaula Ji Taksal, Amritsar. The trust decided to sponserall educational expenses incurred on the girl.
- Many students from the school participated in the contest and won prizes. The Trust also honoured the student Neha Verma and Principal Ms Gurpreet of our school during the function held at Amritsar.

## New Initiatives and Innovations

### Scouts & Guide

- To inculcate the habit of discipline and patriotic spirit, the school took an intiative and started Scout and Guide activity. The maiden batch went to Shimla to participate in the training camp.
- Personality Development Programme and Career Counselling Workshop was introduced for class X with special focus on group discussion & interview techniques.
- A summer Sports Camp was organised. Different indoor and outdoor games were introduced to the students by the special coaches.
- Inter House Festivals were celebrated through Arts, Dance, Music and Literacy Competitions.
- More Sports Coaches & increased focus on grooming of teams for various sports were undertaken.





## Celebrations



1. All religions are equal so people belonging to different religions are also equal. To spread this message festivals related to different religions and cultures are celebrated with equal zeal and fervour.
2. To develop a sense of belongingness and patriotism all the National Days are celebrated in the school.
3. 17th June, the Birthday of His Holiness Sant Baba Waryam Singh Ji is celebrated with great zeal every year. The students give stage performances by Reciting Poetry and Shabad Kirtan.
4. The Birthday of Biji Mata Ranjit Kaur Ji is also celebrated with great zeal and children glad the Sangat by Reciting Gurbani.
5. 5th September, Teachers Day is celebrated in the school every year. The children play the role of different teachers and take classes also.
6. Barsi Samagam of His Holiness Sant Baba Waryam Singh Ji is celebrated with great fervour. The students give stage performances by Reciting Poems and Shabad Kirtan. The students as well as teachers also give duties in Langar, Jorha Ghar & Pandal etc.
7. A special information corner is also set up by the staff members of the school for any missing.
8. 14th November Children Day is also celebrated. Principal Ms Gurpreet Kaur distributed sweets among the children.









**At Sant Waryam Singh Memorial Public High School**

*We feel We have a moral obligation to help the students of our school grow towards becoming full human being and to feel successful. Teaching cognitive skills is not enough...*

(ਪੰਨਾ 28 ਦੀ ਬਾਕੀ)

ਜੇ ਜੂਝਦਾ ਹੋਇਆ ਚੜ੍ਹਾਈ ਕਰ ਜਾਵੇ, ਉਹ ਨਿਰਸੰਸੇ ਸਵਰਗ ਦੇ ਵਿੱਚ ਜਾਂਦਾ ਹੈ।

***ਇਮ ਦ੍ਵੈ ਲੋਕਨਿ ਉੱਜਲ ਆਨਨਿ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਇਸ ਤਰ੍ਹਾਂ ਕਰਨ ਦੇ ਨਾਲ ਇੱਥੇ ਵੀ ਮੁੱਖ ਉਜਲਾ ਤੇ ਦਰਗਾਹ 'ਚ ਵੀ ਮੁੱਖ ਉਜਲਾ।

***ਕਰਿ ਕੱਲਯਾਨ ਏਵ ਨਿਜ ਪ੍ਰਾਨਨਿ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਇਸ ਤਰ੍ਹਾਂ ਦੇ ਨਾਲ ਆਪਣੇ ਪ੍ਰਾਣਾਂ ਦੀ ਤੂੰ ਕਲਿਆਣ ਕਰ।

***ਮੱਲੂ ਸ਼ਾਹੀ ਸੁਨਿ ਉਪਦੇਸ਼।***
***ਬਰਤਣ ਲਾਗਯੋ ਤਥਾ ਹਮੇਸ਼।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਮੱਲੂ ਸ਼ਾਹੀ ਨੇ ਜਦੋਂ ਇਹ ਉਪਦੇਸ਼ ਸੁਣਿਆ ਤਾਂ ਉਸੇ ਤਰ੍ਹਾਂ ਵਰਤਣ ਲੱਗ ਗਿਆ।

***ਵੰਡ ਖਾਇ ਨਿਹ ਧਰਮ ਵਿਚਾਰੈ।***
***ਆਤਮ ਤਨ ਸੱਤਾਸਤ ਧਾਰੈ॥***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ ੧੩੫੯***

ਉਸ ਵੇਲੇ ਬੰਦਗੀ ਕਰਦਾ ਹੈ, ਵੰਡ ਕੇ ਖਾਂਦਾ ਹੈ, ਨਿੱਜ ਦਾ ਧਰਮ ਵੀਚਾਰਦਾ ਹੈ।

ਸੋ ਸਤਿਗੁਰੂ ਜੀ ਗੁਰੂ ਦਸਵੇਂ ਪਾਤਸ਼ਾਹ ਨੂੰ ਪੁੱਛਿਆ ਕਿ ਜਿਹੜੇ ਯੁੱਧ ਕਰਕੇ ਚੜ੍ਹਾਈ ਕਰਦੇ ਨੇ ਉਨ੍ਹਾਂ ਦੀ ਗਤੀ ਕੀ ਹੁੰਦੀ ਹੈ? ਮਹਾਰਾਜ ਕਹਿੰਦੇ, ਜਿਹੜੇ ਪ੍ਰਵਾਨ ਪੁਰਸ਼ ਜਾਂਦੇ ਨੇ, ਜਿਹੜੇ ਤਾਂ ਪਿੱਠ ਦੇ ਕੇ ਮਰਦੇ ਨੇ ਕਹਿੰਦੇ ਉਹ ਤਾਂ ਭੂਤ-ਪ੍ਰੇਤ ਬਣਦੇ ਨੇ, ਮਾੜੀਆਂ ਜੂਨਾਂ 'ਚ ਜਾਂਦੇ, ਨਖਿੱਧ ਜੂਨੀਆਂ 'ਚ ਜਾਂਦੇ ਨੇ। ਜਿਹੜੇ ਬੰਦਗੀ ਕਰਨ ਵਾਲੇ, ਪ੍ਰਵਾਨ ਜੀਵਨ ਵਾਲੇ ਚੜ੍ਹਾਈ ਕਰਦੇ ਨੇ, ਉਹ ਸਤਿਗੁਰੂ ਦੇ ਦੇਸ਼ ਜਾਂਦੇ ਨੇ, ਸਤਿਗੁਰੂ ਰਹਿੰਦਾ ਕਿੱਥੇ ਹੈ। ਸਤਿਗੁਰੂ ਜਿੱਥੇ ਨਾ ਤਾਂ ਮਾਇਆ ਹੈ, ਪ੍ਰਾਕ੍ਰਿਤੀ ਹੈ, ਨਾ ਉਥੇ ਕੋਈ ਜਲ ਹੈ ਨਾ ਪਉਣ ਹੈ। ਉਥੇ ਕੋਈ ਆਕਾਰ ਨਹੀਂ।

***ਨਹ ਸਿਵ ਸਕਤੀ ਜਲੁ ਨਹੀ ਪਵਨਾ***
***ਤਹ ਅਕਾਰੁ ਨਹੀ ਮੇਦਨੀ ॥ ਅੰਗ - ੮੮੩***

ਨਾ ਕੋਈ ਖੰਡ ਹੈ, ਨਾ ਕੋਈ ਬ੍ਰਹਿਮੰਡ ਹੈ।

***ਸਤਿਗੁਰ ਜੋਗ ਕਾ ਤਹਾ ਨਿਵਾਸਾ***
***ਜਹ ਅਵਿਗਤ ਨਾਥੁ ਅਗਮ ਧਨੀ ॥ ਅੰਗ - ੮੮੩***

ਸਤਿਗੁਰੂ ਉਥੇ ਨਿਵਾਸ ਕਰਦਾ ਹੈ। ਜਿੱਥੇ ਵਾਹਿਗੁਰੂ ਜੀ ਰਹਿੰਦੇ ਨੇ ਉਥੇ ਸਤਿਗੁਰੂ ਰਹਿੰਦਾ ਹੈ। ਮਹਾਰਾਜ ਆਪਣੀ ਗੱਲ ਕਰਦੇ ਨੇ ਕਹਿੰਦੇ ਗੁਰਸਿੱਖੋ! ਅਸੀਂ ਦਸ ਹਜ਼ਾਰ ਸਾਲ ਸਿੱਖ ਨੂੰ ਉਡੀਕਦੇ ਹਾਂ। ਜਿਹੜਾ ਇੱਕ ਵਾਰ ਸਿੱਖੀ 'ਚ ਆ ਗਿਆ, ਅਸੀਂ ਉਹਨੂੰ ਫੇਰ ਦਸ ਹਜ਼ਾਰ ਸਾਲ ਉਡੀਕਦੇ ਰਹਿੰਦੇ ਹਾਂ ਤੇ ਉਹਨੂੰ ਟੋਲ੍ਹਦੇ ਰਹਿੰਦੇ ਹਾਂ ਕਿ ਸਵਰਗ ਲੋਕ 'ਚ ਕਿੱਥੇ ਆ ਗਿਆ, ਧਰਤੀ 'ਤੇ ਹੈ ਜਾਂ ਗੰਧਰਭ ਲੋਕ 'ਚ ਆ ਗਿਆ, ਦੇਵ ਗੰਧਰਭ ਲੋਕ 'ਚ ਹੈ, ਜਾਂ ਪਿੱਤਰ ਲੋਕ 'ਚ ਹੈ। ਉਥੋਂ ਲੈ ਕੇ ਕੁਬੇਰ ਲੋਕ ਤੱਕ ਅਸੀਂ ਟੋਲ੍ਹਦੇ ਰਹਿੰਦੇ ਹਾਂ ਉਹਨੂੰ। 56 ਕਰੋੜ ਸਿੱਖਾਂ ਦਾ ਉਧਾਰ ਕਰਨਾ ਸਾਡੇ ਹੱਥ ਨਿਰੰਕਾਰ ਨੇ ਦਿੱਤਾ ਹੈ। ਉਨ੍ਹਾਂ ਨੂੰ ਸੱਚਖੰਡ 'ਚ ਲਿਜਾਣਾ ਹੈ। ਸੋ ਕਹਿਣ ਲੱਗੇ, ਉਨ੍ਹਾਂ ਨੂੰ ਅਸੀਂ ਟੋਲ੍ਹਦੇ ਹਾਂ, ਸ਼ਹੀਦ ਦੀ ਪਦਵੀ ਦਿੰਦੇ ਹਾਂ, ਜਿਹੜੇ ਸ਼ਹੀਦ ਨੇ ਉਨ੍ਹਾਂ ਦੇ ਹੁਕਮ ਵਿੱਚ ਜਮ ਵੀ ਚਲਦੇ ਨੇ, ਭੂਤ-ਪ੍ਰੇਤ, ਅਸੁਰ, ਪਸ਼ੂ-ਪੰਖੀ, ਨਾਗ, ਨਰ, ਜੱਛ, ਗੰਧਰਭ, ਰਾਖਸ਼ਸ, ਅਪੱਛਰਾ, ਜਿੰਨੀ ਵੀ ਕਾਇਨਾਤ ਹੈ ਉਹ ਸਾਰੀ ਸ਼ਹੀਦਾਂ ਦੇ ਹੱਥ ਵਿੱਚ ਦਿੱਤੀ ਹੋਈ ਹੈ ਤੇ ਉਨ੍ਹਾਂ ਨੂੰ ਅਧਿਕਾਰ ਹੈ ਆਪਣੀ ਪੂਜਾ ਕਰਾਉਣ ਦਾ, ਮੰਨਤ ਕਰਾਉਣ ਦਾ ਤੇ ਉਹ ਤਿੰਨ ਸੁਭਾਵ ਦੇ ਹੁੰਦੇ ਨੇ ਰਜ ਸੁਭਾਅ, ਤਮ ਸੁਭਾਅ ਤੇ, ਸਤ ਸੁਭਾਅ ਦੇ; ਉਹ ਸੁੱਖਾਂ ਜਿਹੜੀਆਂ ਨੇ, ਆਦਮੀ ਸੁਖੀ ਹੈ ਦੁਖੀ ਹੈ, ਉਹਦੀ ਮਾਨਤਾ ਕਰਕੇ ਉਹਦੀਆਂ ਭਾਵਨਾ ਪੂਰੀਆਂ ਕਰਨ ਦੀ ਉਨ੍ਹਾਂ 'ਚ ਸ਼ਕਤੀਆਂ ਹੁੰਦੀਆਂ ਨੇ। ਜਿਹੜੇ ਦੇਵਤੇ ਨੇ, ਦੇਵਤਿਆਂ ਦਾ ਥਾਂ ਸ਼ਹੀਦਾਂ ਨੇ ਲੈ ਲਿਆ। ਪਹਿਲਾਂ ਇਹ ਤਿੰਨ ਜੁਗਾਂ ਵਿੱਚ ਦੇਵਤਿਆਂ ਕੋਲ ਸੀ, ਜਦੋਂ ਤੱਕ ਗੁਰੂ ਨਾਨਕ ਪਾਤਸ਼ਾਹ ਆਏ ਨੇ ਉਹ ਇਹ ਥਾਂ ਸ਼ਹੀਦਾਂ ਨੇ ਲੈ ਲਿਆ, ਜਿਹੜੀਆਂ ਪ੍ਰਵਾਨ ਹੋਈਆਂ-ਹੋਈਆਂ ਰੂਹਾਂ ਨੇ, ਉਹ ਗੰਧਰਭ ਲੋਕ ਤੋਂ ਲੈ ਕੇ, ਸੱਚਖੰਡ ਤੱਕ ਸਾਰੀਆਂ ਰੂਹਾਂ ਦੀ ਸੰਭਾਲ ਕਰਦੇ ਨੇ ਤੇ ਦੇਵਤਿਆਂ ਦੀ ਥਾਂ ਸ਼ਹੀਦਾਂ ਨੇ ਲੈ ਲਈ ਹੈ। ਜਿਹੜਾ ਭਰਤਖੰਡ ਹੈ ਸ਼ਹੀਦਾਂ ਦੇ ਪਾਸ ਹੈ, ਦੇਵਤਿਆਂ ਦੇ ਪਾਸ ਨਹੀਂ। ਸਾਰੀਆਂ ਸਵਾਰੀਆਂ, ਸਾਰੇ ਵਸਤਰ, ਸਾਰੇ ਭੋਜਨ ਜਿਸਦੀ ਵੀ ਇੱਛਿਆ ਕਰਦੇ ਨੇ, ਕਹਿੰਦੇ ਉਹ ਸਾਰੀਆਂ ਇਨ੍ਹਾਂ ਨੂੰ ਪ੍ਰਾਪਤ ਹੁੰਦੀਆਂ ਨੇ ਤੇ ਮਾਇਆ ਦਾ ਤਮਾਸ਼ਾ ਦੇਖਦੇ ਨੇ ਉਹ ਕਰੋੜਾਂ ਸਾਲ। ਜਿਸ ਬ੍ਰਹਿਮੰਡ ਵਿੱਚ ਜਾਣਾ ਚਾਹੁੰਣ ਉਥੇ ਚਲੇ ਜਾਂਦੇ ਨੇ, ਜੂਨਾਂ ਵਿੱਚ ਨਹੀਂ ਉਹ ਪੈਂਦੇ। ਕਹਿੰਦੇ ਜਿਹੜੇ ਨਿਗੁਰੇ ਹੁੰਦੇ ਨੇ ਉਹ ਭੂਤ-ਪ੍ਰੇਤ ਬਣਦੇ ਨੇ ਮਰ ਕੇ। ਬਾਕੀ ਜਿਹੜੇ ਨਾਥ ਨੇ ਸਿੱਧ ਨੇ ਇਹ ਸਾਰੇ ਇਨ੍ਹਾਂ ਸ਼ਹੀਦਾਂ ਦੇ ਅਧੀਨ ਨੇ, ਸ਼ਹੀਦ ਦੀ ਜੋ ਪਦਵੀ ਹੈ, ਉਹ ਬਹੁਤ ਵੱਡੀ ਮਹਾਰਾਜ ਨੇ ਦੱਸੀ ਹੈ।

ਸੋ ਮਹਾਰਾਜ ਜੀ ਕਹਿਣ ਲੱਗੇ, ਭਾਈ ਮੱਲੂ ਸ਼ਾਹ! ਇਸ ਤਰ੍ਹਾਂ ਦੇ ਕਰਮ ਦੇ ਨਾਲ ਜੇ ਤੂੰ ਆਪਣਾ ਜੀਵਨ ਬਤੀਤ ਕਰੇਂਗਾ, ਤਾਂ ਇਹਦੇ ਨਾਲ ਸਾਡੇ ਜਿਹੜੇ ਚਾਰੋਂ ਪੰਜੋ ਬਚਨ ਦਿੱਤੇ ਨੇ, ਪਹਿਲਾ ਦਿੱਤਾ ਹੈ ਕਿ ਦੇਹ ਨੇ ਨਾਸ਼ ਹੋਣਾ ਹੀ ਹੋਣਾ ਹੈ, ਦੂਸਰਾ ਇਹ ਹੈ ਕਿ ਸੰਸਾਰ ਸੁਪਨਾ ਕਰਕੇ ਜਾਣੀ। ਤੀਸਰਾ ਇਹ ਹੈ ਕਿ ਤੂੰ ਜੋਤੀ ਸਰੂਪ ਹੈਂ, ਦੇਹ ਨਹੀਂ ਹੈ, ਚੌਥਾ ਇਹ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ ਤੇ ਤੂੰ ਉਹਦੀ ਅੰਸ ਹੈਂ। ਪੰਜਵਾਂ ਬਚਨ ਇਹ ਹੈ ਕਿ ਸੂਰਮਤਾਈ ਸਿਖ, ਇਹ ਜਿਹੜੇ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਹੈ ਇਨ੍ਹਾਂ ਨੂੰ ਮਾਰ ਕੇ ਸੂਰਮਾ ਹੋ ਕੇ ਦਰਗਾਹ ਵਿੱਚ ਪ੍ਰਵਾਨ ਹੋ। ਸੋ ਜਦੋਂ ਤੂੰ ਇਸ ਤਰ੍ਹਾਂ ਦੇ ਨਾਲ ਸੰਸਾਰ ਵਿੱਚ ਕਰਤੱਬ ਕਰੇਂਗਾ, ਤਾਂ ਤੇਰੇ ਸਾਰੇ ਕਰਤੱਬ ਨੇਕੀ ਦੇ ਕਰਤੱਬ ਹੋਣਗੇ। ਸੋ ਇਹ ਸਾਰਿਆਂ ਦਾ ਜੋ ਸਾਰ ਅੰਸ ਹੈ ਉਹ ਤੈਨੂੰ ਅਸੀਂ ਇੱਕ ਵਾਰੀ ਦੱਸ ਦਿੰਦੇ ਹਾਂ -

***ਧਾਰਨਾ - ਸਿਮਰੋ ਪਿਆਰੇ ਨੂੰ,***
***ਸਿਮਰੋ ਸਿਮਰ ਸਿਮਰ ਸੁਖ ਪਾਵਹੁ।***

ਕਲਾ ਤੇ ਕਲੇਸ਼ ਮਿੱਟ ਜਾਏਗੀ, ਇਸ ਤਰ੍ਹਾਂ ਕਲਿਆਣ ਵੀ ਹੋ ਜਾਏਗੀ, ਮੁੱਖ ਉਜਲਾ; ਜੋ ਤੂੰ ਕਿਹਾ ਸੀ ਕਿ ਮੁੱਖ ਉਜਲੇ ਕਿਵੇਂ ਜਾਵਾ? ਤੂੰ ਮੁੱਖ ਉਜਲਾ ਲੈ ਕੇ ਜਾ ਸਕੇਂਗਾ।

*******

ਸੋ ਇਹ ਉਪਦੇਸ਼ ਇਕੱਲੇ ਉਸਨੂੰ ਨਹੀਂ ਸਾਧਸੰਗਤ ਜੀ, ਸਾਨੂੰ ਵੀ ਪ੍ਰਾਪਤ ਹੋਇਆ ਹੈ। ਜੇ ਅਸੀਂ ਵੀ ਇਨ੍ਹਾਂ ਦੀ ਕਮਾਈ ਕਰੀਏ ਤਾਂ ਅਸੀਂ ਵੀ ਮੁੱਖ ਉਜਲੇ ਦਰਗਾਹ ਵਿੱਚ ਜਾ ਕੇ -

***ਧੰਨਿ ਧੰਨਿ ਕਹੈ ਸਭੁ ਕੋਇ ॥***

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ***

*(ਲੜੀ ਜੋੜਨ ਲਈ ਦੇਖੋਂ, ਫਰਵਰੀ ਅੰਕ, ਪੰਨਾ - 52)*

ਮਹਾਰਾਜ ਕਹਿੰਦੇ ਨੇ 'ਧਾਵਤੁ ਥੰਮਿਆ ਸਤਿਗੁਰਿ ਮਿਲਿਐ' ਯਾਨਿ ਜਦੋਂ ਗੁਰੂ ਨੇ ਮੰਤਰ ਦੇ ਦਿਤਾ ਤੇ ਜੁਗਤੀ ਦੱਸ ਦਿਤੀ ਫਿਰ ਇਹ ਮਨ ਥੰਮ੍ਹ ਕੇ ਆਪਣੇ ਨਿਜ ਘਰ ਦਸਵੇਂ ਦੁਆਰ ਵਿਚ ਪ੍ਰਵੇਸ਼ ਕਰ ਜਾਂਦਾ ਹੈ -

***......................ਹਰਿ ਅੰਮ੍ਰਿਤੁ ਨਾਮੁ ਸੁਖ ਵਾਸੁ॥***

***ਅੰਗ - ੧੪੧੪***

ਉਥੇ ਫਿਰ ਅੰਮ੍ਰਿਤ ਦਾ ਭੋਜਨ ਮਿਲਦਾ ਹੈ, ਭੁੱਖ ਨਹੀਂ ਲਗਦੀ। ਨਾਮ ਦੇ ਅਧਾਰ ਨਾਲ ਰੱਜਿਆ ਰਹਿੰਦਾ ਹੈ। 'ਸਹਜ ਧੁਨਿ ਉਪਜੈ' ਸਹਜ ਨਾਲ ਉਥੇ ਨਾਮ ਦੀਆਂ ਧੁਨੀਆਂ ਉਠਦੀਆਂ ਨੇ। 'ਜਿਤੁ ਸਬਦਿ ਜਗਤੁ ਥੰਮਿ ਰਹਾਇਆ' - ਉਸ ਸ਼ਬਦ ਦੀ ਪ੍ਰਾਪਤੀ ਹੋ ਜਾਂਦੀ ਹੈ ਜਿਸ ਨਾਲ ਅਕਾਲ ਪੁਰਖ ਨੇ ਪਹਿਲੇ ਦਿਨ ਮੁੱਖ ਤੋਂ ਕਹਿ ਕੇ ਇਹ ਸਾਰਾ ਸੰਸਾਰ ਰਚ ਦਿਤਾ -

***ਪ੍ਰਥਮ ਓਅੰਕਾਰ ਤਿਨ ਕਹਾ॥***
***ਸੋ ਧੁਨ ਪੂਰਿ ਜਗਤ ਮੋ ਰਹਾ॥***

***ਅੰਗ - ੧੫੮੦ (ਸ੍ਰੀ ਦਸਮ ਗ੍ਰੰਥ)***

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥*** ***ਅੰਗ - ੩***

***ਏਕ ਕਵਾਵੈ ਤੇ ਸਭਿ ਹੋਆ॥*** ***ਅੰਗ - ੧੦੦੩***

ਉਹ ਸ਼ਬਦ ਤਾਂ ਕਿਤੇ ਗਿਆ ਨਹੀਂ, ਉਹ ਧੁਨ ਤਾਂ ਅੰਦਰ ਫਿਰ ਰਹੀ ਹੈ -

***ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥*** ***ਅੰਗ - ੨੮੪***

***ਤਹ ਅਨੇਕ ਵਾਜੇ ਸਦਾ ਅਨਦੁ ਹੈ***
***ਸਚੇ ਰਹਿਆ ਸਮਾਏ॥***
***ਇਉ ਕਹੈ ਨਾਨਕੁ ਸਤਿਗੁਰਿ ਮਿਲਿਐ***
***ਧਾਵਤੁ ਥੰਮਿਆ ਨਿਜ ਘਰਿ ਵਸਿਆ ਆਏ॥***

***ਅੰਗ - ੪੪੧***

ਸਾਡਾ ਲਖਸ਼ ਮਨੁੱਖ ਜੂਨੀ ਨੂੰ ਪ੍ਰਾਪਤ ਕਰਕੇ ਸਿਰੇ ਤੇ ਪਹੁੰਚਣ ਦਾ ਹੈ।

ਸੋ ਇਹ ਸਾਰੇ ਵਿਚਾਰ ਗੁਰੂ ਦਸਵੇਂ ਪਾਤਸ਼ਾਹ ਤੋਂ ਮਾਤਾ ਜੀਤੋ ਜੀ ਨੇ ਸ੍ਰਵਣ ਕੀਤੇ। ਵਿਚਾਰ ਕਰਕੇ ਫੇਰ ਮਹਾਰਾਜ ਜੀ ਪਾਸ ਆਏ। ਕਹਿਣ ਲੱਗੇ, "ਸੱਚੇ ਪਾਤਸ਼ਾਹ! ਸਾਨੂੰ ਸਤਿਸੰਗ ਪ੍ਰਾਪਤ ਘੱਟ ਹੁੰਦਾ ਹੈ। ਉਸ ਤਰ੍ਹਾਂ ਨਹੀਂ ਅਸੀਂ ਸਤਿਸੰਗ ਵਿਚ ਬੈਠ ਕੇ ਸੁਣ ਸਕਦੇ ਜਿਸ ਤਰ੍ਹਾਂ ਗੁਰਸਿੱਖ ਸੁਣਦੇ ਨੇ। ਇਹ ਤੁਹਾਡੇ ਚਰਨਾਂ ਵਿਚ ਆ ਕੇ ਆਪਣੀਆਂ ਸਾਰੀਆਂ ਤਕਲੀਫਾਂ ਦਸਦੇ ਨੇ, ਨਾਮ ਜਪਣ ਦੀ ਵਿਧੀ ਪੁਛਦੇ ਨੇ। ਪਾਤਸ਼ਾਹ! ਸਾਡੇ ਤੇ ਵੀ ਕ੍ਰਿਪਾ ਕਰੋ, ਕੋਈ ਜੁਗਤ ਦੱਸੋ ਕਿ ਕਿਵੇਂ ਅਸੀਂ ਨਾਮ ਜਪ ਕੇ ਆਪਣੇ ਨਿਜ ਘਰ ਵਿਚ ਪਹੁੰਚ ਸਕਦੇ ਹਾਂ, ਨਾਮ ਦੀ ਉਪਰਲੀ ਮੰਜ਼ਲ ਤੇ ਪਹੁੰਚ ਸਕਦੇ ਹਾਂ।" ਸੋ ਇਹਦੇ ਬਾਰੇ ਮਹਾਰਾਜ ਫੁਰਮਾਉਣ ਲੱਗੇ ਕਿ ਦੇਖੋ, ਇਹ ਸਾਰਾ ਕੰਮ ਮਨ ਦਾ ਹੈ। ਜੇ ਤਾਂ ਇਸਨੂੰ ਦੁਨੀਆਂ ਵਿਚ ਲਾ ਦਿਉ ਤਾਂ ਦੁਨੀਆਂਦਾਰ ਬਣ ਜਾਂਦਾ ਹੈ ਤੇ ਜੇ ਪ੍ਰਮੇਸ਼ਰ ਵਲ ਲਾ ਦਿਉ, ਫਿਰ ਇਹ ਆਤਮਕਾਰ ਬ੍ਰਿਤੀ ਬਣਦੀ ਚਲੀ ਜਾਂਦੀ ਹੈ, ਪਰਮਾਤਮਾਕਾਰ, ਬ੍ਰਹਮਾਕਾਰ ਬਿਰਤੀ ਬਣਦੀ ਚਲੀ ਜਾਂਦੀ ਹੈ। ਇਹ ਮਨ ਦਾ ਹੀ ਕੰਮ ਹੈ। ਸੋ ਸਾਰਿਆਂ ਨਾਲੋਂ ਪਹਿਲਾਂ ਜ਼ਰੂਰੀ ਹੈ ਕਿ ਮਨ ਨੂੰ ਪਿਆਰ ਨਾਲ ਪੁਚਕਾਰ ਕੇ, ਸਜ਼ਾ ਦੇ ਕੇ, ਸਮਝਾ ਕੇ ਇਸਨੂੰ ਰਸਤੇ ਤੇ ਲਿਆਉਣ ਦਾ ਯਤਨ ਕਰੀਏ-

***ਧਾਰਨਾ - ਸਾਧ ਪਿਆਰਿਆ, ਪਹਿਲਾਂ ਮਨ ਆਪਣੇ ਨੂੰ -੨***

ਮਾਤਾ ਜੀ ਦੋਵੇਂ ਹੱਥ ਜੋੜ ਕੇ ਕਲਗੀਧਰ ਪਾਤਸ਼ਾਹ ਦੇ ਚਰਨਾਂ 'ਚ ਬੈਠੇ ਨੇ। ਮਹਾਰਾਜ ਕਹਿੰਦੇ, "ਦੱਸੋ, ਕਿਸ ਤਰ੍ਹਾਂ ਆਏ ਹੋ? ਕੀ ਮਨਸ਼ਾ ਹੈ ਤੁਹਾਡੀ, ਕੀ ਮਨ ਵਿੱਚ ਬਾਤ ਹੈ?" ਮਾਤਾ ਜੀ ਕਹਿੰਦੇ, "ਪਾਤਸ਼ਾਹ! ਇਹ ਜੋ ਪਰਮਪਦ ਨੂੰ ਰਸਤਾ ਜਾਂਦਾ ਹੈ, ਅਕਾਲ ਪੁਰਖ ਵੱਲ ਰਸਤਾ ਜਾਂਦਾ ਹੈ, ਇਹ ਮੈਂ ਸੁਣਦੀ ਹਾਂ ਕਿ ਗੁਪਤ ਰਾਹ ਹੈ, ਇਹ ਪ੍ਰਗਟ ਰਾਹ ਨਹੀਂ ਹੈ, ਗੁਰੂ ਤੋਂ ਬਗੈਰ ਇਹ ਰਾਹ ਲੱਭਦਾ ਨਹੀਂ। ਕ੍ਰਿਪਾ ਕਰਕੇ ਮੈਨੂੰ ਵੀ ਇਸ ਰਸਤੇ ਦੀ ਸੋਝੀ ਪਾਉ ਤਾਂ ਕਿ ਮੈਂ ਵੀ ਪਰਮਪਦ ਦੀ ਪ੍ਰਾਪਤੀ ਕਰਕੇ ਜਨਮ ਮਰਨ ਤੋਂ ਸਦਾ ਵਾਸਤੇ ਮੁਕਤ ਹੋ ਜਾਵਾਂ ਤੇ ਆਪ ਦੇ ਚਰਨਾਂ 'ਚ ਮੈਂ ਨਿਵਾਸ ਕਰਾਂ।" ਮਹਾਰਾਜ ਕਹਿਣ ਲੱਗੇ ਕਿ ਦੇਖੋ, ਸਭ ਤੋਂ ਪਹਿਲੀ ਗੱਲ ਇਹ ਹੈ ਕਿ ਮਨ ਨੂੰ ਸਾਧਣਾ ਪੈਂਦਾ ਹੈ-

***ਮਨ ਤੇ ਸਭਿ ਸਾਧਨ ਬਨੇ, ਮਨ ਲਗ ਸਭਿ ਉਪਦੇਸ॥***

***ਪੰਨਾ - ੫੫੨੦ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਜਿੰਨਾ ਚਿਰ ਮਨ ਹੈ, ਓਨਾ ਚਿਰ ਉਪਦੇਸ਼ ਹੈ। ਜਦੋਂ ਮਨ 'ਆ ਮਨ' ਹੋ ਗਿਆ, 'ਉਨਮਨ' ਹੋ ਗਿਆ, ਉਸ ਵੇਲੇ ਫੇਰ ਇਹਨੂੰ ਕਿਸੇ ਉਪਦੇਸ਼ ਦੀ ਲੋੜ ਨਹੀਂ ਰਹਿੰਦੀ ਕਿਉਂਕਿ ਉਥੇ ਪਹੁੰਚ ਜਾਂਦਾ ਹੈ ਜਿਥੋਂ ਅਗਾਹਾਂ ਫਿਰ ਉਪਦੇਸ਼ ਨਹੀਂ ਹੈ ਕੋਈ। ਇਹ ਮਨ ਨੂੰ ਸਮਝਾਉਣ ਵਾਸਤੇ ਹੀ ਸਭ ਕੁਛ ਹੈ -

***ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ॥***

***ਅੰਗ - ੩੪੦***

ਇਹ ਸਾਰੇ ਸਾਧਨ ਮਨ ਦੇ ਨੇ -

***ਮਨੂਆ ਪਲਟੇ ਗਯਾਨ ਹੁਇ ਮਨ ਲਾਗੇ ਰਤਿ ਸ਼ੇਸ਼॥***

***ਪੰਨਾ ੫੫੨੦ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਮਨੂਆ ਪਲਟ ਜਾਵੇ ਤਾਂ ਗਿਆਨ ਹੋ ਜਾਂਦਾ ਹੈ ਤੇ ਮਨ ਜੇ ਲਗ ਜਾਵੇ ਤਾਂ ਵਾਹਿਗੁਰੂ ਜੀ ਨਾਲ ਪਿਆਰ ਪੈ ਜਾਂਦਾ ਹੈ। ਮਾਤਾ ਜੀ ਕਹਿਣ ਲੱਗੇ, "ਮਹਾਰਾਜ! ਕ੍ਰਿਪਾ ਕਰਕੇ ਜੁਗਤ ਦੱਸੋ, ਮੇਰੇ ਮਨ ਵਿਚ ਬੜਾ ਚਾਉ ਹੈ ਇਸ ਗੱਲ ਦਾ ਕਿ ਮੈਂ ਇਸ ਪਦਵੀ ਨੂੰ ਪ੍ਰਾਪਤ ਕਰਾਂ।"

ਮਹਾਰਾਜ ਕਹਿੰਦੇ, ਦੇਖੋ, ਬਹੁਤ ਵਿਚਾਰ ਗੁਰੂ ਨਾਨਕ ਪਾਤਸ਼ਾਹ ਨੇ ਰਾਜਾ ਸ਼ਿਵਨਾਭ ਨਾਲ ਕੀਤੀ। (ਉਹ ਮੈਨੂੰ ਦੁਹਰਾਉਣ ਦੀ ਲੋੜ ਨਹੀਂ। ਉਹ ਤੁਸੀਂ ਸਾਰੀ ਸਤਿਸੰਗ ਵਿਚ ਸੁਣ ਚੁੱਕੇ ਹੋ।) ਇਹ ਦਸ ਯਮ ਨੇ, ਦਸ ਨੇਮ। ਬਾਕੀ ਪੰਜ ਸਾਧਨ ਹੋਰ

ਨੇ। ਇਹ ਸਾਰੇ ਤੁਸੀਂ ਸੁਣੇ ਹੋਏ ਨੇ। ਹੁਣ ਤੁਹਾਨੂੰ ਅਮਲੀ ਤੌਰ ਤੇ ਦਸਦੇ ਹਾਂ। ਆਪਣੇ ਸੁਆਸ ਨੂੰ ਦੇਖੋ-ਅੰਦਰ ਜਾਂਦੇ ਨੂੰ ਤੇ ਬਾਹਰ ਆਉਂਦੇ ਨੂੰ। ਕਿੱਥੇ ਸੁਰਤਿ ਲੱਗੇ ਤੇ ਕਿਵੇਂ ਪਤਾ ਲੱਗੇਗਾ? ਕਹਿੰਦੇ ਜਦੋਂ ਨੱਕ ਦੀ ਕਰੂਮਲੀ ਦੇ ਕੋਲ ਸੁਰਤ ਜੋੜੋਗੇ ਫਿਰ ਇਹਨੂੰ ਪਤਾ ਲੱਗੇਗਾ ਕਿ ਹੁਣ ਸੁਆਸ ਮੇਰੇ ਅੰਦਰ ਨੂੰ ਚਲਿਆ ਗਿਆ, ਹੁਣ ਬਾਹਰ ਨੂੰ ਆ ਗਿਆ, ਹੁਣ ਮੈਂ ਰੋਕਿਆ ਹੋਇਆ ਹੈ। ਸਾਹ ਦੇ ਉਤੇ ਮਨ ਅਸਵਾਰੀ ਕਰਦਾ ਹੈ। ਜਦੋਂ ਸਾਹ ਰੁਕ ਗਿਆ ਤਾਂ ਇਹ ਫਿਰ ਮਨ ਵੀ ਨਾਲ ਹੀ ਰੁਕ ਜਾਏਗਾ। ਇਸ ਤਰ੍ਹਾਂ ਦੇ ਨਾਲ ਬ੍ਰਿਤੀ ਨੂੰ ਅੰਦਰਮੁਖ ਖਿਚੋ। ਅੰਦਰ ਖਿੱਚ ਕੇ ਮਨ ਨੂੰ ਨੱਠਣ ਤੋਂ ਹਟਾ ਦਿਉ। ਸਾਹ ਦੇ ਉਤੇ ਮਨ ਨੂੰ ਰੋਕ ਲਓ। ਫਿਰ ਧਿਆਨ ਸੁਰਤੀ ਦੇ ਨਾਲ ਜਾਂ 'ਆਗਿਆ ਚੱਕਰ' 'ਚ ਜਾਂ ਜਿਥੋਂ ਸੁਆਸ ਆਉਂਦਾ ਹੈ, ਉਥੇ ਟਿਕਾ ਲਉ ਤੇ ਸਾਹ ਦੀ ਨਿਗਰਾਨੀ ਕਰੋ ਕਿ ਖਾਲੀ ਸਾਹ ਅੰਦਰ ਨੂੰ ਜਾ ਰਿਹਾ ਹੈ ਜਾਂ ਗੁਰਮੰਤਰ ਦੇ ਨਾਲ ਭਰਿਆ ਹੋਇਆ ਅੰਦਰ ਨੂੰ ਜਾ ਰਿਹਾ ਹੈ। ਕਰਕੇ ਦੇਖੋ, ਪਤਾ ਲਗ ਜਾਵੇਗਾ।

ਜਿਨ੍ਹਾਂ ਨੂੰ ਜੁਗਤੀ ਆਉਂਦੀ ਹੈ, ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਮੇਰਾ ਸਾਹ ਅੰਦਰ ਨੂੰ ਭਰਿਆ ਹੋਇਆ ਜਾ ਰਿਹਾ ਹੈ ਜਾਂ ਖਾਲੀ। ਜੁਗਤੀ ਇਹ ਹੈ ਸਾਧ ਸੰਗਤਿ ਜੀ, ਪਰ ਪਹਿਲੀ ਜਮਾਤ ਵਾਲੇ ਨੂੰ ਤਾਂ ਔਖੀ ਹੈ ਇਹ ਗੱਲ ਸਮਝਣੀ, ਅੱਠਵੀਂ ਵਾਲੇ ਨੂੰ ਵੀ ਔਖੀ ਹੈ ਅਤੇ ਦਸਵੀਂ ਵਾਲੇ ਨੂੰ ਵੀ ਔਖੀ ਹੈ। ਉਨ੍ਹਾਂ ਵਾਸਤੇ ਤਾਂ ਇਹ ਹੈ ਕਿ ਮਾਲਾ ਲੈ ਲੈਣ 108 ਮਣਕਿਆਂ ਦੀ, ਮੂਲਮੰਤਰ ਦਾ ਪਾਠ ਕਰਿਆ ਕਰਨ –

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥*
*॥ ਜਪੁ ॥*
*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ – ੧*

ਜਦੋਂ ਇਹ ਮੂਲ ਮੰਤਰ ਪੱਕ ਜਾਂਦਾ ਹੈ, ਅੰਦਰ ਰਸਨਾ ਜਪਣ ਲਗ ਜਾਂਦੀ ਹੈ ਤਾਂ ਸਮਝ ਲਉ ਕਿ ਅੱਠਵੀਂ ਜਮਾਤ, ਮਿਡਲ ਪਾਸ ਕਰ ਲਈ – ਰੂਹਾਨੀਅਤ ਦੀ। ਇਹਦੇ ਪਿੱਛੇ ਗੁਰੂ ਦੀ ਬਖਸ਼ਿਸ਼ ਚਾਹੀਦੀ ਹੈ, ਆਪਣੇ ਆਪ ਨਹੀਂ ਜਪ ਹੋਣਾ ਜਿੰਨਾ ਚਿਰ ਗੁਰੂ ਧਾਰਨ ਨਹੀਂ ਕਰਦਾ। ਪੰਜ ਪਿਆਰੇ ਹੁਣ ਗੁਰੂ ਧਾਰਨ ਕਰਾਉਣ ਦੀ ਰਸਮ ਕਰ ਰਹੇ ਨੇ। ਜਿੰਨਾਂ ਦਾ ਗੁਰੂ ਧਾਰਿਆ ਹੁੰਦਾ ਹੈ, ਉਹ ਬੰਦੇ ਜਪ ਸਕਦੇ ਨੇ, ਦੂਸਰੇ ਦਾ ਜਪਿਆ ਹੋਇਆ ਫਲੀਭੂਤ ਨਹੀਂ ਹੁੰਦਾ।

ਫਿਰ ਦਸਵੀਂ ਜਮਾਤ ਆ ਜਾਂਦੀ ਹੈ – ਰੂਹਾਨੀਅਤ ਦੀ। ਮਾਲਾ ਦੇ ਨਾਲ ਕਹੋ – 'ਸਤਿਨਾਮ ਵਾਹਿਗੁਰੂ', 'ਸਤਿਨਾਮ ਵਾਹਿਗੁਰੂ', ਰਾਮ ਰਾਮ; ਜੋ ਵੀ ਕਿਸੇ ਦਾ ਮੰਤਰ ਹੈ – ਮਾਲਾ ਨਾਲ ਜਪੋ। ਚਾਹੇ ਪੰਚ ਨਾਮ ਨੇ, ਚਾਹੇ ੴ ਸਤਿਨਾਮ ਵਾਹਿਗੁਰੂ ਹੈ ਕਿਉਂਕਿ ਇਹ ਵੀ 'ਪੰਚ ਨਾਮ' ਹੈ ਗੁਰੂ ਘਰ ਦਾ, ਇਹ ਕਿਸੇ ਤਰੀਕੇ ਨਾਲ ਜਪੋ, ਜਪੋ ਸਹੀ। ਪਹਿਲਾਂ ਮਾਲਾ ਨਾਲ ਜਪਣਾ ਸ਼ੁਰੂ ਕਰੋ। ਜਦੋਂ ਮਾਲਾ ਨਾਲ ਢਾਈ ਘੰਟੇ ਜਪਣ ਦੀ ਆਦਤ ਪੈ ਜਾਏਗੀ, ਸਮਝ ਲਓ ਕਿ ਦਸਵੀਂ ਜਮਾਤ ਰੂਹਾਨੀਅਤ ਦੀ ਪਾਸ ਕਰ ਲਈ।

ਫਿਰ ਬਾਹਰਵੀਂ ਜਮਾਤ ਦੀ ਪੜ੍ਹਾਈ ਸ਼ੁਰੂ ਹੋ ਜਾਂਦੀ ਹੈ। ਉਹ ਇਉਂ ਹੁੰਦੀ ਹੈ ਕਿ ਬੁੱਲ੍ਹ ਹਿਲਦੇ ਨੇ ਲੇਕਿਨ ਬੋਲਦਾ ਨਹੀਂ। ਇਸਦਾ ਹਜ਼ਾਰ ਗੁਣਾਂ ਫਲ ਵਧਣਾ ਸ਼ੁਰੂ ਹੋ ਗਿਆ, ਯਾਨੀ 1000 ਵਾਰ 'ਵਾਹਿਗੁਰੂ ਵਾਹਿਗੁਰੂ' ਬੋਲ ਕੇ ਕਹੋ, ਇਕ ਬਾਰ ਬੁੱਲ੍ਹ ਹਿਲਾ ਕੇ ਜੀਭ ਨਾਲ ਕਹਿ ਲਓ ਚੁੱਪ ਕਰਕੇ; ਇਕ ਬਰਾਬਰ ਹੈ।

ਇਸ ਤੋਂ ਅੱਗੇ ਫਿਰ ਅਗਲੀ ਪੜ੍ਹਾਈ ਸ਼ੁਰੂ ਹੋ ਜਾਂਦੀ ਹੈ। ਇਹਨੂੰ 'ਮਾਨਸਿਕ ਨਾਮ' ਕਹਿੰਦੇ ਨੇ।

*ਬਿਨੁ ਜਿਹਵਾ ਜੋ ਜਪੈ ਹਿਆਇ॥*
*ਕੋਈ ਜਾਣੈ ਕੈਸਾ ਨਾਉ॥* *ਅੰਗ – ੧੨੫੬*

ਉਹਦਾ ਤਰੀਕਾ ਹੁੰਦਾ ਹੈ – ਸੁਆਸ ਦੇ ਨਾਲ। ਪਹਿਲਾਂ ਇਕਾਂਤ ਬੈਠ ਕੇ ਪੰਜ ਸੱਤ ਸਾਹ ਲਓ – ਲੰਮੇ ਲੰਮੇ ਅਤੇ ਦੇਖੋ ਕਿ ਹੁਣ ਮੇਰਾ ਸਾਹ ਅੰਦਰ ਨੂੰ ਜਾਂਦਾ ਹੈ, ਜਦੋਂ ਸਾਹ ਬਾਹਰ ਨੂੰ ਜਾਂਦਾ ਹੈ। ਫਿਰ ਅੰਦਰ ਨੂੰ ਜਾਂਦੇ ਸਾਹ ਦੇ ਨਾਲ 'ਸਤਿਨਾਮ' ਕਹਿ ਦਿਉ, ਜਦੋਂ ਸਾਹ ਬਾਹਰ ਨੂੰ ਆਉਂਦਾ ਹੈ ਤਾਂ 'ਵਾਹਿਗੁਰੂ' ਕਹਿ ਦਿਉ। ਇਹ ਜਦੋਂ ਪੱਕ ਜਾਵੇ ਤਾਂ ਫਿਰ 'ਵਾਹਿ' ਅੰਦਰ ਨੂੰ ਜਾਂਦੇ ਹੋਏ ਸਾਹ ਨਾਲ ਸੁਰਤਿ ਦੁਆਰਾ ਕਹੇ ਅਤੇ 'ਗੁਰੂ' ਬਾਹਰ ਨੂੰ ਜਾਂਦੇ ਹੋਏ ਸਾਹ ਦੇ ਨਾਲ। ਇਉਂ ਸੁਆਸ ਨੇ ਧੀਮਾ ਹੁੰਦਾ ਜਾਣਾ ਹੈ। ਫਿਰ ਸੁਆਸ ਨੂੰ ਛੱਡ ਦੇਣਾ ਹੈ ਅਤੇ 'ਆਗਿਆ ਚੱਕਰ' ਵਿਚ ਬਿਰਤੀ ਨੇ ਚਲਿਆ ਜਾਣਾ ਹੈ। ਆਗਿਆ ਚੱਕਰ ਵਿਚ ਜਾ ਕੇ ਥੋੜ੍ਹਾ ਥੋੜ੍ਹਾ ਪ੍ਰਕਾਸ਼ ਆਉਣ ਲੱਗ ਜਾਣਾ ਹੈ ਅਤੇ ਅੰਦਰੋਂ ਹੀ ਧੁਨੀ ਨਾਮ ਦੀ ਉਠਣ ਲੱਗ ਜਾਣੀ ਹੈ। ਫਿਰ ਜਪਣਾ ਨਹੀਂ ਆਪ, ਅੰਦਰੋਂ ਹੀ 'ਵਾਹਿਗੁਰੂ' ਮੰਤਰ ਸੁਣਨਾ ਹੈ ਧੁਨੀ ਦੇ ਨਾਲ। ਧੁਨੀ ਕਿਹੋ ਜਿਹੀ ਹੁੰਦੀ ਹੈ? ਮੇਰੇ ਨਾਲ ਬੋਲਿਓ ਸਾਰੇ –

ਵਾ............ਹਿ............ਗੁ..............ਰੂ...........

ਵਾ............ਹਿ............ਗੁ..............ਰੂ...........

ਵਾ............ਹਿ............ਗੁ..............ਰੂ...........

ਵਾ............ਹਿ............ਗੁ..............ਰੂ...........

ਇਹ ਧੁਨੀ ਬਣ ਜਾਂਦੀ ਹੈ। ਜਦੋਂ ਇਹ ਧੁਨੀ ਬਣ ਗਈ, ਫਿਰ ਬੋਲਣਾ ਨਹੀਂ ਮੂੰਹ ਤੋਂ, ਸਾਹ ਛੱਡ ਦੇਣਾ ਹੈ। ਸਾਹ ਆਵੇ, ਨਾ ਆਵੇ; ਉਹਦੀ ਮੌਜ ਹੈ। ਇਹ –

*ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ*
*ਗੁਰਮੁਖਿ ਅਕਥ ਕਹਾਨੀ॥* *ਅੰਗ – ੮੭੯*

ਇਹ ਧੁਨੀ ਨੇ ਉਚੀ ਹੁੰਦੀ ਚਲੀ ਜਾਣਾ ਹੈ, ਬਹੁਤ ਉਚੀ ਹੋ ਜਾਣਾ ਹੈ। ਜਿਉਂ-ਜਿਉਂ ਉਚੀ ਹੋਏਗੀ, ਤਿਉਂ-ਤਿਉਂ ਉਪਰ ਨੂੰ ਚੜ੍ਹਦੀ ਜਾਏਗੀ, ਤ੍ਰਿਕੁਟੀ ਵਿਚ ਚਲੀ ਜਾਏਗੀ।

ਇਥੇ ਜਾ ਕੇ ਧਿਆਨ ਸ਼ੁਰੂ ਹੋ ਜਾਂਦਾ ਹੈ – ਗੁਰੂ ਦਾ ਧਿਆਨ, ਸ਼ਬਦ ਦਾ ਧਿਆਨ, ਅਨਹਦ ਦਾ ਧਿਆਨ – ਤਿੰਨੇ ਧਿਆਨ। ਤੇ ਇਹਦੇ ਧਿਆਨ ਵਿਚ 'ਅਨਹਦ ਦਾ ਧਿਆਨ' ਜਦੋਂ ਸ਼ੁਰੂ ਹੋ ਜਾਂਦਾ ਹੈ ਤਾਂ ਗੂੰਜ ਪੈਂਦੀ ਹੈ ਅੰਦਰ; ਫਿਰ ਇਹ ਦਸਵੇਂ ਦੁਆਰ ਨੂੰ ਰੁਖ ਕਰਦਾ ਹੈ। ਫਿਰ ਹੌਲੀ ਹੌਲੀ ਦਸਵੇਂ ਦੁਆਰ ਵਿਚ ਪਹੁੰਚ ਜਾਂਦਾ ਹੈ। ਫਿਰ ਇਹਨੂੰ ਇਹ ਨਹੀਂ ਪਤਾ ਲਗਦਾ ਕਿ ਸਾਹ ਆਉਂਦਾ ਹੈ ਕਿ ਨਹੀਂ; ਮੈਂ ਬੈਠਾ ਹਾਂ ਕਿ ਨਹੀਂ, ਕਿੰਨੇ ਘੰਟੇ ਦਾ ਬੈਠਾ ਹਾਂ। ਯਾਨਿ ਸਮਾਧੀ ਲਗ ਜਾਂਦੀ ਹੈ। ਇਸ ਤਰ੍ਹਾਂ

ਅਸੀਂ ਆਰਾਮ ਦੇ ਨਾਲ ਦਸਵੇਂ ਦੁਆਰ ਤੱਕ ਪਹੁੰਚ ਸਕਦੇ ਹਾਂ। ਸੋ ਵਾਸ਼ਨਾ ਦੂਰ ਕਰਕੇ ਸਾਰੀਆਂ ਚੀਜ਼ਾਂ ਨੂੰ ਸਮਝ ਕੇ ਕਰੋ।

ਜਿਵੇਂ ਪਹਿਲਾਂ ਦੱਸਿਆ ਹੈ, ਇਹ ਸਰੀਰ ਪੰਜ ਤੱਤਾਂ ਦਾ ਬਣਿਆ ਹੋਇਆ ਹੈ - ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ ਨੇ, ਪੰਜ ਪ੍ਰਾਣ, ਪੰਜ ਪੌਣਾਂ ਨੇ, ਮਨ ਹੈ, ਚਿੱਤ ਹੈ, ਬੁੱਧੀ ਹੈ, ਅਹੰਭਾਵ ਹੈ। ਇਹਦੇ ਉਪਰ ਅਸੀਂ ਰਹਿੰਦੇ ਹਾਂ ਜਿਹਨੂੰ 'ਆਤਮਾ' ਕਹਿੰਦੇ ਨੇ। ਐਥੇ ਬਿਰਤੀ ਲੈ ਕੇ ਚਲੇ ਜਾਓ। ਇਹ ਬਿਰਤੀ ਦਸਵੇਂ ਦੁਆਰ 'ਚ ਜਾ ਕੇ ਖੁਲ੍ਹ ਜਾਣੀ ਹੈ। ਜਦੋਂ ਖੁਲ੍ਹ ਗਈ, ਉਥੇ ਆਪ ਪ੍ਰਮੇਸ਼ਰ, 'ਪਰਮ ਤੱਤ' ਜਿਸਨੂੰ ਕਹਿੰਦੇ ਨੇ, ਉਹਦੇ ਨਾਲ ਨਾਮ ਨੇ ਜੋੜ ਦੇਣਾ ਹੈ। ਉਥੇ ਦਾ ਜੋ ਅਨੰਦ ਹੈ, ਦੱਸਿਆ ਨਹੀਂ ਜਾ ਸਕਦਾ -

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥***

***ਅੰਗ - ੧੩੭੦***

ਸੋ ਮਾਤਾ ਜੀ ਨੂੰ ਇਹ ਜੁਗਤੀ ਦੱਸ ਦਿਤੀ ਮਹਾਰਾਜ ਜੀ ਨੇ ਕਿ ਤੁਸੀਂ ਇਸ ਤਰ੍ਹਾਂ ਦੇ ਨਾਲ ਨਾਮ ਦਾ ਸਿਮਰਨ ਕਰੋ। ਕਰਦੇ-ਕਰਦੇ ਜਦ ਸੁਆਸ ਕਾਬੂ ਹੋ ਜਾਏਗਾ, ਧੁਨੀ ਜਾਗ ਪਏਗੀ, ਉਸ ਵੇਲੇ ਤੁਹਾਡੇ ਰੋਮ ਰੋਮ ਦੇ ਵਿਚੋਂ ਨਾਮ ਦੀ ਧੁਨੀ ਆਉਣੀ ਸ਼ੁਰੂ ਹੋ ਜਾਏਗੀ, ਸਾਰਿਆਂ ਰੋਮਾਂ ਵਿਚ ਕੰਬਣੀ ਜਿਹੀ ਹੋਵੇਗੀ, ਸਰੀਰ ਨਾਮ ਜਪਦਾ ਲੱਗੇਗਾ ਕਿ ਕਣ ਕਣ ਨਾਮ ਜਪ ਰਿਹਾ ਹੈ। ਕਿੰਨਾ ਫਲ ਹੋ ਜਾਏਗਾ? ਰਾਜਾ ਜਨਕ ਨੇ ਇਹੀ ਨਾਮ ਇਕ ਘੜੀ ਜਪ ਕੇ ਸਾਰਿਆਂ ਨਰਕਾਂ ਦੇ ਕੁੰਡ ਖਾਲੀ ਕਰਾ ਦਿਤੇ ਸੀ, ਕਿਉਂਕਿ ਜੁਗਤ ਸੀ, ਦਸਵੇਂ ਦੁਆਰ ਦਾ ਨਾਮ ਸੀ ਜਿਹੜਾ ਉਹਨੇ ਜਪਿਆ। ਮਾਤਾ ਜੀ ਉਸੇ ਵੇਲੇ ਸਮਝ ਗਏ ਕਿਉਂਕਿ ਉਤਮ ਅਧਿਕਾਰੀ ਸੀ।

ਸਾਡੇ ਵਰਗੇ ਨਹੀਂ ਸੀ ਕਿ ਸਮਝ ਵਿਚ ਹੀ ਨਹੀਂ ਪੈਂਦੀ ਗੱਲ ਕਿ ਕੀ ਕਿਹਾ ਹੈ। ਹਾਂ ਤਾਂ ਅਸੀਂ ਮਨੁੱਖ, ਆਦਮੀ ਹਾਂ ਅਤੇ ਹੋਰ ਸਭ ਗੱਲਾਂ ਸਮਝ ਜਾਂਦੇ ਹਾਂ - ਈਰਖਾ, ਬਖੀਲੀ, ਚੁਗਲੀ, ਨਿੰਦਿਆ ਆਦਿ ਸਾਰੀਆਂ ਗੱਲਾਂ, ਪਰ ਆਹ ਨਾਮ ਦੀ ਗੱਲ ਨਹੀਂ ਸਮਝਦੇ ਕਿਉਂਕਿ ਰੁਚੀ ਨਹੀਂ ਬਣਦੀ, ਸਾਡੀ ਰੁਚੀ ਹੋਰ ਪਾਸੇ ਹੈ। ਸੋ ਮਾਤਾ ਜੀ ਦੀ ਰੁਚੀ ਸੀ। ਉਨ੍ਹਾਂ ਨੂੰ ਮਹਾਰਾਜ ਨੇ ਕਿਹਾ ਕਿ ਅਲਪ ਅਹਾਰ ਕਰਿਓ, ਥੋੜ੍ਹੀ ਨੀਂਦ ਲਿਓ ਤੇ ਦਿਨ ਰਾਤ ਲੱਗੇ ਰਿਹੋ।

ਮਾਤਾ ਜੀ ਚਲੇ ਗਏ ਅਤੇ ਉਸੇ ਵੇਲੇ ਤੋਂ ਲੱਗ ਗਏ, ਇਕ ਸਕਿੰਟ ਵੀ ਜ਼ਾਇਆ ਨਹੀਂ ਕਰਿਆ। ਜੇ ਇਕ ਸੁਆਸ ਵੀ ਚਲਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਪਛਤਾਵਾ ਲੱਗ ਜਾਂਦਾ ਹੈ ਕਿ ਮੇਰਾ ਇਕ ਸੁਆਸ ਜ਼ਾਇਆ ਹੋ ਗਿਆ। ਆਪ ਅੰਮ੍ਰਿਤ ਵੇਲੇ ਉਠਦੇ ਨੇ, ਨੀਂਦ ਤਿਆਗ ਦਿਤੀ, ਬਹੁਤ ਘੱਟ ਨੀਂਦ ਰਹਿ ਗਈ। ਸੋ ਮਹਾਰਾਜ ਕਹਿੰਦੇ ਕਿ ਅੰਮ੍ਰਿਤ ਵੇਲੇ ਕੌਣ ਜਾਗਦੇ ਨੇ? ਉਹ ਜਾਗਦੇ ਨੇ ਪ੍ਰੇਮੀਓਂ! ਜਿਨ੍ਹਾਂ ਨੂੰ ਲਗਨ ਲਗ ਗਈ, ਜਿਨ੍ਹਾਂ ਦੇ ਹਿਰਦੇ ਵਿਚ ਖਿੱਚ ਪੈ ਗਈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ***
***ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ***
***ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।ਭਾਈ ਵੀਰ ਸਿੰਘ ਜੀ***

***ਧਾਰਨਾ - ਅੰਮ੍ਰਿਤ ਵੇਲੇ ਓ, ਕੌਣ ਜਾਗਦੇ - ੨***
***ਕੋਈ ਜਾਗਦੇ ਨੇ ਰਾਮ ਪਿਆਰੇ ਸੰਗਤੇ, ਕੌਣ ਜਾਗਦੇ।***

ਪਿਛਲਾ ਪਹਿਰ ਰਾਤ ਦਾ, ਉਹ ਸੌਣ ਦਾ ਨਹੀਂ ਹੁੰਦਾ ਸਾਧ ਸੰਗਤਿ ਜੀ! ਸੁਰਤਿਆਂ ਨੂੰ ਚਾਉ ਉਠਦਾ ਹੈ ਉਸ ਵੇਲੇ -

***ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥***
***ਤਿਨਾ ਦਰੀਆਵਾ ਸਿਉ ਦੋਸਤੀ***
***ਮਨਿ ਮੁਖਿ ਸਚਾ ਨਾਉ ॥***

***ਅੰਗ - ੧੪੬***

***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ ॥***
***ਕਾਰ੍ਹਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ ॥***

***ਅੰਗ - ੨੫੫***

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***
***ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥***

***ਅੰਗ - ੨੫੫***

ਰਾਮ ਦੇ ਪਿਆਰੇ, ਜਿਨ੍ਹਾਂ ਦੇ ਹਿਰਦੇ ਦੇ ਵਿਚ ਛੇਕ ਪੈ ਗਏ, ਖਿੱਚ ਪੈ ਗਈ, ਉਹ ਨਹੀਂ ਸੁੱਤੇ ਰਹਿੰਦੇ, ਉਠ ਕੇ ਬੈਠ ਜਾਂਦੇ ਨੇ ਕਿਉਂਕਿ ਪਿਆਰ ਹੈ ਹਿਰਦੇ ਵਿਚ -

***ਰਾਮ ਪਿਆਰੇ ਸਦਾ ਜਾਗਹਿ ਨਾਮੁ ਸਿਮਰਹਿ ਅਨਦਿਨੋ॥***

***ਅੰਗ - ੪੫੯***

ਉਹ ਸਦਾ ਜਾਗਦੇ ਨੇ, ਹਰ ਵਕਤ ਨਾਮ ਸਿਮਰਦੇ ਨੇ, ਇਕ ਸੁਆਸ ਵੀ ਬਿਰਥਾ ਨਹੀਂ ਜਾਣ ਦੇਣਾ ਚਾਹੁੰਦੇ -

***ਚਰਣ ਕਮਲ ਧਿਆਨੁ ਹਿਰਦੈ***
***ਪ੍ਰਭ ਬਿਸਰੁ ਨਾਹੀ ਇਕੁ ਖਿਨੋ॥*** ***ਅੰਗ - ੪੫੯***

ਅੱਖ ਝਮਕਣ ਜਿੰਨਾਂ ਚਿਰ ਵੀ 'ਵਾਹਿਗੁਰੂ' ਨੂੰ ਭੁੱਲਦੇ ਨੀ। ਇਹ ਕਮਾਈਆਂ ਹੁੰਦੀਆਂ ਨੇ ਸਾਧ ਸੰਗਤ ਜੀ, ਏਦੂੰ ਉਰੇ ਨੀਂ ਮਿਲਿਆ ਕਰਦਾ ਇਹ ਦੁਆਰਾ। ਐਡੀ ਲਗਨ ਲਗ ਜਾਵੇ, ਤਾਂ ਮਿਲਦਾ ਹੈ।

ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜੇ ਸਾਹਿਬ ਵਾਲੇ) ਨੂੰ ਜਦ ਲਗਨ ਲੱਗੀ, ਦਸਵੀਂ ਜਮਾਤ ਵਿਚ ਪੜ੍ਹਦੇ ਸੀ ਤੇ ਰੇਰੂ ਸਾਹਿਬ (ਰਾਮਪੁਰ, ਦੁਰਾਹੇ ਦੇ ਨੇੜੇ) ਆ ਗਏ। ਆਪ (ਰੇਰੂ ਸਾਹਿਬ ਵਾਲੇ ਸੰਤ ਅਤਰ ਸਿੰਘ ਜੀ ਮਹਾਰਾਜ) ਨੇ ਨਾਮ ਦੀ ਦਾਤ ਦੇ ਦਿਤੀ। ਉਸ ਵੇਲੇ ਤੋਂ ਹੀ ਉਨ੍ਹਾਂ ਨੂੰ ਸੌਣਾ ਬਿਲਕੁਲ ਭੁੱਲ ਗਿਆ ਕਿ ਸੌਣਾ ਕੀ ਹੁੰਦਾ ਹੈ। ਇਕ ਵਾਰ ਬਚਨ ਕਰਦੇ ਸੀ, ਕਹਿਣ ਲੱਗੇ ਕਿ ਅਸੀਂ ਨੌਂ ਸਾਲ ਪਿੱਠ ਨਹੀਂ ਲਾਈ ਧਰਤੀ ਨਾਲ। ਹਰ ਵਕਤ ਸਿਮਰਨ ਵਿਚ ਰਹਿੰਦੇ ਸੀ, ਜਾਂ ਧਿਆਨ ਵਿਚ ਰਹਿੰਦੇ ਸੀ; ਕੋਈ ਬਚਨ ਨਹੀਂ ਸੀ ਕਰਦੇ। ਜਾਂ ਕੀਰਤਨ ਕਰਨਾ, ਜਾਂ ਬਾਣੀ ਦਾ ਜਾਪ ਕਰਨਾ, ਜਾਂ ਨਾਮ ਜਪਣਾ; ਬਚਨ ਕਰਨਾ ਹੀ ਨਹੀਂ। ਸੰਗਤ ਨੂੰ ਵੀ ਬਹੁਤ ਘੱਟ ਮਿਲਦੇ ਸੀ ਕਿਉਂਕਿ ਖਿੱਚ

ਪਈ ਹੋਈ ਸੀ। 'ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।' ਉਹ ਮਿਲਾਪ ਤੋਂ ਉਰਲੇ ਪਾਸੇ ਨਹੀਂ ਠਹਿਰਦੇ, ਮਿਲਾਪ ਤਕ ਪਹੁੰਚ ਕੇ ਹੀ ਠਹਿਰਦੇ ਨੇ ਕਿਉਂਕਿ ਇਹ ਪਰਮ ਤੀਬਰ ਵੈਰਾਗ ਹੋਇਆ ਕਰਦਾ ਹੈ।

ਇਕ 'ਮੰਦ ਵੈਰਾਗ' ਹੋਇਆ ਕਰਦਾ ਹੈ। ਵੈਰਾਗ ਹੋ ਗਿਆ, ਡੇਰੇ ਆ ਜਾਂਦਾ ਹੈ ਪਰ ਐਥੇ ਆ ਕੇ ਭੁੱਲ ਜਾਂਦਾ ਹੈ ਅਤੇ ਥੋੜ੍ਹੇ ਦਿਨਾਂ ਬਾਅਦ ਨੱਠ ਜਾਂਦਾ ਹੈ। ਇਹ ਮੰਦ ਵੈਰਾਗ ਹੋਇਆ ਕਰਦਾ ਹੈ। ਇਹਨੂੰ 'ਗਧਾ ਵੈਰਾਗ' ਕਹਿੰਦੇ ਨੇ।

ਦੂਜਾ ਹੁੰਦਾ ਹੈ 'ਘੋੜਾ ਵੈਰਾਗ'। ਥੋੜ੍ਹੇ ਦਿਨ ਰਹਿੰਦਾ ਹੈ, ਸੇਵਾ ਕਰਦਾ ਹੈ ਚਾਉ ਨਾਲ। ਮੁੜ ਕੇ ਬਿਰਤੀ ਵਿਸ਼ੇ ਵਿਕਾਰਾਂ ਵਿਚ ਪੈ ਜਾਂਦੀ ਹੈ, ਲੜਾਈ ਝਗੜੇ ਸ਼ੁਰੂ ਕਰ ਦਿੰਦਾ ਹੈ, ਫਿਰ ਚਲਿਆ ਜਾਂਦਾ ਹੈ। ਇਹ ਘੋੜਾ ਵੈਰਾਗ ਹੁੰਦਾ ਹੈ ਜੋ ਥੋੜ੍ਹੀ ਦੇਰ ਰਹਿੰਦਾ ਹੈ, ਫਿਰ ਟੁੱਟ ਜਾਂਦਾ ਹੈ।

ਤੀਸਰਾ ਹੁੰਦਾ ਹੈ 'ਸ਼ੇਰ ਵੈਰਾਗ'। ਘਰ ਛੱਡ ਦਿਤਾ, ਹੁਣ ਵਸਲ ਤੋਂ ਉਰਲੇ ਪਾਸੇ ਨਹੀਂ ਅਸੀਂ ਰਹਿਣਾ; ਹੁਣ ਉਥੇ ਪਹੁੰਚ ਕੇ ਹੀ ਦਮ ਲੈਣਾ ਹੈ।

***ਚਰਣ ਕਮਲ ਧਿਆਨੁ ਹਿਰਦੈ***
***ਪ੍ਰਭ ਬਿਸਰੁ ਨਾਹੀ ਇਕੁ ਖਿਨੋ॥***
***ਤਜਿ ਮਾਨੁ ਮੋਹੁ ਬਿਕਾਰੁ ਮਨ ਕਾ ਕਲਮਲਾ ਦੁਖ ਜਾਰੇ॥***
***ਬਿਨਵੰਤਿ ਨਾਨਕ ਸਦਾ ਜਾਗਹਿ***
***ਹਰਿ ਦਾਸ ਸੰਤ ਪਿਆਰੇ॥ ਅੰਗ - ੪੫੯***

ਉਹ ਜਾਗ ਕੇ ਪ੍ਰਭੂ ਦਾ ਨਾਮ ਲੈਂਦੇ ਨੇ। ਬਾਕੀ ਜਿਹੜੇ ਅਸੀਂ ਲੋਕ ਹਾਂ, ਅਸੀਂ ਤਾਂ ਦਿਨ ਰਾਤ ਲੁੱਟੇ ਜਾ ਰਹੇ ਹਾਂ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦***

***ਸਗਲ ਸਹੇਲੀ ਅਪਨੈ ਰਸ ਮਾਤੀ ॥***
***ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥***
***ਮੁਸਨਹਾਰ ਪੰਚ ਬਟਵਾਰੇ ॥***
***ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨***

ਐਹ ਠੱਗਾਂ ਨੇ ਸੁੰਨਾ ਨਗਰ ਦੇਖ ਕੇ, ਕਿ ਮਾਲਕ ਤਾਂ ਸੁੱਤੇ ਪਏ ਨੇ, ਲੁੱਟ ਲਿਆ ਏਸ ਨੂੰ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ- ਲੁੱਟੇ ਗਏ ਮਨਮੁਖ,***
***ਘੂਕ ਸੁੱਤੇ ਰਹਿੰਦੇ ਰਾਤ ਨੂੰ - ੨, ੨.***

ਗੁਰੂ ਦਾ ਉਪਦੇਸ਼ ਨਾ ਮੰਨਣ ਵਾਲੇ ਸ਼ਰਾਬਾਂ ਕਬਾਬਾਂ ਪੀ ਕੇ ਸੌਂ ਗਏ, ਬੇ-ਫਿਕਰ ਹੋ ਕੇ ਸੌਂ ਗਏ। ਕੋਈ ਨਹੀਂ ਪਤਾ ਕਿ ਅਸਾਡਾ ਸਮਾਂ ਅਜਾਈਂ ਜਾ ਰਿਹਾ ਹੈ, ਸਾਨੂੰ ਪੰਜ ਚੋਰ ਲੁੱਟ ਰਹੇ ਨੇ। ਮਹਾਰਾਜ ਕਹਿੰਦੇ ਨੇ -

***ਗੁਰਮੁਖਿ ਜਾਗਿ ਰਹੇ ਦਿਨ ਰਾਤੀ॥ ਅੰਗ - ੧੦੨੪***

ਗੁਰਮੁਖ ਕਹਿੰਦੇ ਨੇ ਕਿ ਇਕ ਸੁਆਸ ਵੀ ਨਾਮ ਤੋਂ ਬਿਨਾਂ ਨਾ ਚਲਿਆ ਜਾਵੇ -

***ਸਾਚੇ ਕੀ ਲਿਵ ਗੁਰਮਤਿ ਜਾਤੀ॥ ਅੰਗ - ੧੦੨੪***

ਕਿਉਂਕਿ ਉਨ੍ਹਾਂ ਦੇ ਅੰਦਰ ਲਿਵ ਲੱਗੀ ਹੋਈ ਹੁੰਦੀ ਹੈ।

***ਮਨਮੁਖ ਸੋਇ ਰਹੇ ਸੇ ਲੂਟੇ ਗੁਰਮੁਖਿ ਸਾਬਤੁ ਭਾਈ ਹੇ॥***
***ਅੰਗ - ੧੦੨੪***

ਗੁਰੂ ਨੂੰ ਪਿਆਰ ਕਰਨ ਵਾਲੇ ਸਾਬਤ ਲੈ ਗਏ ਆਪਣੀ ਪੂੰਜੀ, ਨਾਮ ਦਾ ਧਨ ਆਪਣੇ ਨਾਲ ਲੈ ਗਏ। ਜਿਹੜੇ ਬਾਕੀ ਸੀ ਉਨ੍ਹਾਂ ਦਾ 24 ਹਜ਼ਾਰ ਸੁਆਸ ਲੁੱਟਿਆ ਗਿਆ। ਦਿਨ ਕੰਮ ਵਿਚ ਲੁਟਿਆ ਗਿਆ, ਰਾਤ ਸੌਂ ਕੇ ਲੁੱਟੀ ਗਈ। ਇਉਂ ਤਾਂ ਮਿਲਦੀਆਂ ਨਹੀਂ ਦਾਤਾਂ, ਸਾਧ ਸੰਗਤ! ਇਹ ਤਾਂ ਉਨ੍ਹਾਂ ਨੂੰ ਮਿਲਦੀਆਂ ਨੇ ਜਿਹੜੇ ਨੀਂਦ ਨੂੰ ਖੰਡਤ ਕਰਦੇ ਨੇ, ਅੰਮ੍ਰਿਤ ਵੇਲੇ ਜਾਗ ਕੇ ਬਹਿ ਜਾਂਦੇ ਨੇ ਇਸ਼ਨਾਨ ਕਰਕੇ, ਮਨ ਨੂੰ ਇਕਾਗਰ ਕਰਦੇ ਨੇ; ਚਿਤ-ਬਿਰਤੀ ਨੂੰ ਇਕਾਗਰ ਕਰਕੇ ਨਾਮ-ਸਿਮਰਨ ਵਿਚ ਲਾ ਦਿੰਦੇ ਨੇ। ਦੂਜਿਆਂ ਨੂੰ ਇਹ ਦਾਤਾਂ ਨਹੀਂ ਮਿਲਦੀਆਂ। ਇਸ ਤਰ੍ਹਾਂ ਪੜ੍ਹ ਲਓ-

***ਧਾਰਨਾ - ਕਿਵੇਂ ਦਾਤਾਂ ਪਾਵੇਂਗਾ,***
***ਕਿਵੇਂ ਦਾਤਾਂ ਪਾਵੇਂਗਾ - ੨***

***ਫਰੀਦਾ ਰਾਤਿ ਕਥੂਰੀ ਵੰਡੀਐ ਸੁਤਿਆ ਮਿਲੈ ਨ ਭਾਉ॥***
***ਅੰਗ - ੧੩੮੨***

ਵਾਹਿਗੁਰੂ ਦੇ ਦਰ ਤੋਂ ਜੋ ਰਹਿਮਤਾਂ ਵੰਡੀਆਂ ਜਾਂਦੀਆ ਨੇ ਨਾਮ ਦੀਆਂ, ਉਹ ਰਾਤ ਨੂੰ ਅੰਮ੍ਰਿਤ ਵੇਲੇ ਵੰਡੀਆਂ ਜਾਂਦੀਆਂ ਨੇ ਤੇ ਜਿਹੜੇ ਸੁੱਤੇ ਪਏ ਰਹਿੰਦੇ ਨੇ, ਉਨ੍ਹਾਂ ਨੂੰ ਨਹੀਂ ਮਿਲਦੀਆਂ -

***ਜਿੰਨ੍ਾ ਨੈਣ ਨੀਂਦ੍ਰਾਵਲੇ ਤਿੰਨ੍ਾ ਮਿਲਣੁ ਕੁਆਉ ॥***
***ਅੰਗ - ੧੩੮੨***

ਜਿਹੜਿਆਂ ਦੀਆਂ ਅੱਖਾਂ ਵਿਚ ਨੀਂਦ ਭਰੀ ਪਈ ਹੈ, ਉਨ੍ਹਾਂ ਨੂੰ ਕਿਵੇਂ ਮਿਲ ਜਾਏਗੀ ਇਹ ਦਾਤ?

***ਕਬੀਰ ਸੂਤਾ ਕਿਆ ਕਰਹਿ ਬੈਠਾ ਰਹੁ ਅਰੁ ਜਾਗੁ॥***
***ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ॥***
***ਅੰਗ - ੧੩੭੧***

ਬੈਠਾ ਰਹਿ ਜਾਗ ਕੇ। ਕਿਉਂ ਬੈਠਾ ਰਹੁ? ਕਿਉਂਕਿ ਤੇਰਾ ਵਿਛੋੜਾ ਹੋ ਗਿਆ ਪ੍ਰਭੂ ਨਾਲੋਂ ਤੇ ਤੂੰ ਉਹਦੇ ਨਾਲ ਜੁੜਨ ਦਾ ਯਤਨ ਕਰ - 'ਜਾ ਕੇ ਸੰਗ ਤੇ ਬੀਛੁਰਾ ਤਾਹੀ ਕੇ ਸੰਗਿ ਲਾਗੁ॥' ਇਕ ਥਾਂ ਮਹਾਰਾਜ ਫੁਰਮਾਨ ਕਰਦੇ ਨੇ ਕਿ ਪ੍ਰੇਮੀਆਂ! ਤੂੰ ਉਪਦੇਸ਼ ਦਿਤੇ ਨੂੰ ਤਾਂ ਸਮਝਦਾ ਨਹੀਂ, ਤੂੰ ਆਪਣੇ ਆਪ ਨੂੰ ਜਿਉਂਦਾ ਸਮਝਦਾ ਹੈਂ?

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥***
***ਨਾਨਕ ਅਵਰੁ ਨ ਜੀਵੈ ਕੋਇ॥ ਅੰਗ - ੧੪੨***

ਕਹਿੰਦੇ ਕਿ ਜਿਉਂਦਾ ਉਹ ਹੈ ਜਿਸਦੇ ਮਨ ਵਿਚ ਵਾਹਿਗੁਰੂ ਵਸ ਗਿਆ, ਬਾਕੀ ਤਾਂ ਸਾਰੇ ਮੁਰਦੇ ਹੀ ਨੇ। ਜਗਿਆਸੂ ਕਹਿੰਦੇ ਕਿ ਸੁਹਣੇ ਬੰਦੇ ਵੀ ਮੁਰਦੇ ਨੇ, ਪੈਸੇ ਵਾਲੇ ਭੀ ਮੁਰਦੇ ਨੇ, ਸਿਆਣੇ ਬੰਦੇ ਭੀ ਮੁਰਦੇ ਨੇ? ਮਹਾਰਾਜ ਕਹਿੰਦੇ, ਹਾਂ ਭਾਈ! ਸਾਰੇ ਮੁਰਦੇ ਨੇ -

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਮਿਰਤਕ ਕਹੀਅਹਿ ਨਾਨਕਾ***
***ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩***

ਇਸ ਲਈ ਕਹਿੰਦੇ ਹਨ, ਭਾਈ! ਜਾਗ। ਜੇ ਨਹੀਂ ਜਾਗਦਾ ਤਾਂ ਤੂੰ ਜਿਉਂਦਾ ਹੀ ਮਰ ਗਿਆ ਸਮਝ –

***ਧਾਰਨਾ – ਤੂੰ ਜਿਉਂਦਾ ਮਰ ਗਿਆ ਓ,***
***ਗਾਫਲਾ, ਪਿਛਲੀ ਰਾਤ ਨ ਜਾਗਿਆ – ੪***

***ਫਰੀਦਾ ਪਿਛਲ ਰਾਤਿ ਨ ਜਾਗਿਓਹਿ***
***ਜੀਵਦੜੋ ਮੁਇਓਹਿ॥ ਅੰਗ – ੧੩੮੩***

ਕਹਿੰਦੇ ਨੇ, ਜਿਉਂਦਾ ਈ ਮਰ ਗਿਆ। ਅੰਮ੍ਰਿਤ ਵੇਲਾ ਜਾਗਣ ਦਾ ਸਮਾਂ ਹੁੰਦਾ ਹੈ, ਸੌਣ ਦਾ ਨਹੀਂ ਹੁੰਦਾ।

***ਝਾਲਾਘੇ ਉਠਿ ਨਾਮੁ ਜਪਿ ਨਿਸਿ ਬਾਸੁਰ ਆਰਾਧਿ॥***
***ਕਾਰਾ ਤੁਝੈ ਨ ਬਿਆਪਈ ਨਾਨਕ ਮਿਟੈ ਉਪਾਧਿ॥***
***ਅੰਗ – ੨੫੫***

ਉਹ ਵੇਲਾ ਤਾਂ ਨਾਮ ਜਪਣ ਦਾ ਹੁੰਦਾ ਹੈ –

***ਜੇ ਤੈ ਰਬੁ ਵਿਸਾਰਿਆ ਤ ਰਬਿ ਨ ਵਿਸਰਿਓਹਿ॥***

ਯਾਦ ਰੱਖ, ਇਕ ਦਿਨ ਸਮਾਂ ਆ ਜਾਣਾ ਹੈ ਫਿਰ ਕਿਸੇ ਨੇ ਤੈਨੂੰ ਇਹ ਗੱਲ ਨਹੀਂ ਕਹਿਣੀ, ਪ੍ਰੇਮੀਆਂ! –

***ਧਾਰਨਾ – ਤੈਨੂੰ ਕਿਸੇ ਨੇ ਜਗਾਉਣਾ ਨਹੀਂ,***
***ਰੱਜ ਕੇ ਸੌਂ ਲਈ, ਰੱਜ ਕੇ ਸੌਂ ਲਈ – ੨, ੪***

***ਕਬੀਰ ਸੂਤਾ ਕਿਆ ਕਰਹਿ***
***ਉਠਿ ਕਿ ਨ ਜਪਹਿ ਮੁਰਾਰਿ ॥***
***ਇਕ ਦਿਨ ਸੋਵਨੁ ਹੋਇਗੋ ਲਾਂਬੇ ਗੋਡ ਪਸਾਰਿ ॥***
***ਅੰਗ – ੧੩੭੧***

ਫਿਰ ਕਿੰਨੀਆ ਹੀ ਹਾਕਾਂ ਮਾਰੀ ਜਾਉ, ਫੇਰ ਨਹੀਂ ਇਹ ਜਾਗਦਾ। ਨਾ ਕਿਸੇ ਦਾ ਜਗਾਇਆ ਜਾਗੇ, ਨਾ ਆਪ। ਉਸ ਤੋਂ ਪਹਿਲਾਂ ਪਹਿਲਾਂ ਪ੍ਰੇਮੀਆਂ! ਅੰਮ੍ਰਿਤ ਵੇਲੇ ਦਾ ਲਾਹਾ ਉਠਾ ਲੈ। ਅੰਮ੍ਰਿਤ ਵੇਲਾ ਨਾਮ ਜਪਣ ਦਾ ਵੇਲਾ ਹੋਇਆ ਕਰਦਾ ਹੈ, ਸੌਣ ਦਾ ਵੇਲਾ ਨਹੀਂ ਹੋਇਆ ਕਰਦਾ। ਤੂੰ ਤਾਂ ਨਾਮ ਜਪਣ ਵੇਲੇ ਸੌਂ ਜਾਂਦਾ ਹੈਂ ਤੇ ਜੇ ਪਾਪ ਕਰਨਾ ਹੋਵੇ ਫਿਰ ਦੌੜਿਆ ਫਿਰਦਾ ਹੈਂ, ਫੇਰ ਨਹੀਂ ਸੌਂਦਾ। ਸੋ ਇਸ ਤਰ੍ਹਾਂ ਜਿਨ੍ਹਾਂ ਦੇ ਮਨ ਵਿਚ ਸ਼ੌਕ ਹੈ, ਉਹ ਦਿਨ ਰਾਤ ਜਾਗਦੇ ਨੇ ਤੇ ਨਾਮ ਜਪਦੇ ਨੇ। ਸਰੀਰ ਨੂੰ ਵੀ ਠੀਕ ਰਖਦੇ ਨੇ ਤੇ ਵਕਤ ਨਹੀਂ ਅਜਾਈਂ ਜਾਣ ਦਿੰਦੇ ਕੋਈ ਵੀ, ਹਰ ਵਕਤ ਪ੍ਰਮੇਸ਼ਰ ਦਾ ਨਾਮ ਜਪਦੇ ਨੇ।

ਇਸ ਤਰ੍ਹਾਂ ਮਾਤਾ ਜੀਤੋ ਜੀ ਨੇ ਆਪਣੀ ਖੁਰਾਕ ਘਟਾ ਦਿਤੀ, ਨੀਂਦ ਘਟਾ ਦਿਤੀ। ਜਦੋਂ ਦੇਖੋ, ਚੌਂਕੜਾ ਮਾਰਿਆ ਹੋਇਆ ਹੈ। ਬਚਨ ਕਰਨੇ ਦਾਸੀਆਂ ਗੋਲੀਆਂ ਨਾਲ, ਸਭ ਘਟਾ ਦਿਤੇ। ਆਸਣ ਇਕ ਥਾਂ ਤੇ ਲਾਇਆ ਹੋਇਆ ਹੈ, ਅੰਮ੍ਰਿਤ ਵੇਲੇ ਜਾਗਦੇ ਨੇ। ਗੁਰੂ ਮਹਾਰਾਜ ਤੋਂ ਪਹਿਲਾਂ ਉਠ ਕੇ ਆਪਣਾ ਇਸ਼ਨਾਨ ਕਰਾਉਂਦੇ ਨੇ। ਮਹਾਰਾਜ ਆਪਣੇ ਸਵੈ-ਸਰੂਪ ਵਿਚ ਲੀਨ ਹੋ ਜਾਂਦੇ ਨੇ ਤੇ ਇਹ ਆਪ ਜਾ ਕੇ ਆਪਣੇ ਆਸਣ ਤੇ ਚੌਕੜਾ ਮਾਰ ਕੇ ਬੈਠ ਜਾਂਦੇ ਨੇ ਤੇ ਜਿਸ ਤਰ੍ਹਾਂ ਜੁਗਤੀ ਦੱਸੀ ਹੈ, ਉਸੇ ਤਰ੍ਹਾਂ ਨਾਲ ਸ਼ੁਰੂ ਕਰ ਦਿੰਦੇ ਨੇ। ਦੋ ਮਹੀਨੇ ਦੇ ਅੰਦਰ ਦਸਵੇਂ ਦੁਆਰ ਵਿਚ ਬਿਰਤੀ ਚੜ੍ਹ ਗਈ। ਚਾਰ ਮਹੀਨੇ ਦੇ ਅੰਦਰ ਰੋਸ਼ਨੀ ਹੀ ਰੋਸ਼ਨੀ ਹੋ ਗਈ ਅੰਦਰ, ਰੋਮ ਰੋਮ ਵਿਚੋਂ ਇਉਂ ਮਾਤਾ ਜੀ ਨੂੰ ਲੱਗਣ ਲੱਗ ਪਿਆ ਜਿਵੇਂ ਕਿ ਮੇਰੇ ਤਾਂ ਸਾਰੇ ਹੀ ਰੋਮ ਰੋਮ ਨਾਮ ਜਪਦੇ ਨੇ। ਇਸ ਤਰ੍ਹਾਂ ਫੁਰਮਾਨ ਕੀਤਾ ਹੈ ਮਹਾਰਾਜ ਨੇ –

***ਧਾਰਨਾ – ਰੋਮ ਰੋਮ ਹਰਿ ਧਿਆਵੇ,***
***ਗੁਰਮੁਖ ਪਿਆਰੇ ਦਾ – ੪***

***ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥***
***ਨਾਨਕ ਗੁਰਮੁਖਿ ਸਾਚਿ ਸਮਾਵੈ॥ ਅੰਗ – ੯੪੧***

ਇਕੱਲੇ-ਇਕੱਲੇ ਰੋਮ 'ਚੋਂ ਆਵਾਜ਼ ਆਉਂਦੀ ਹੈ ਨਾਮ ਦੀ। ਜਿੰਨੀਆਂ ਆਵਾਜ਼ਾਂ ਨੇ ਸਭ ਪ੍ਰਮੇਸ਼ਰ ਦੇ ਨਾਮ ਦੀਆਂ ਬਣ ਗਈਆਂ–

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥***
***ਅੰਗ – ੧੪੨੦***

ਜਾਨਵਰ ਬੋਲਦੇ ਨੇ, ਪਰ ਮਾਤਾ ਜੀ ਨੂੰ ਨਹੀਂ ਲਗਦੇ ਕਿ ਇਹ 'ਗੁਟਕੂੰ-ਗੁਟਕੂੰ' ਕਰਦੇ ਨੇ ਸਗੋਂ ਇਉਂ ਲਗਦਾ ਹੈ ਕਿ ਇਹ ਸਾਰੇ 'ਵਾਹਿਗੁਰੂ ਵਾਹਿਗੁਰੂ' ਕਰਦੇ ਨੇ।

***ਧਾਰਨਾ – ਨਾਮ ਹਰੀ ਦਾ ਜਪਦੇ,***
***ਸਾਰੇ ਵਣਾਂ ਦੇ ਪੰਖੇਰੂ – ੨, ੨.***

***ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ***
***ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥ ਅੰਗ – ੧੨੬੫***

ਜਦੋਂ ਨਾਮ ਵਿਚ ਬਿਰਤੀ ਲਗ ਜਾਂਦੀ ਹੈ, ਰੂੜ੍ਹ ਹੋ ਜਾਂਦੀ ਹੈ, ਉਦੋਂ ਸਾਰੀ ਕੁਦਰਤ ਨਾਮ ਜਪਦੀ ਲਗਦੀ ਹੈ – ਹਵਾ ਵੀ ਨਾਮ ਜਪਦੀ ਹੈ, ਪਾਣੀ ਵੀ ਨਾਮ ਜਪਦਾ ਹੈ, ਆਕਾਸ਼ ਭੀ ਨਾਮ ਜਪਦਾ ਹੈ। ਨਾਮ ਦੀਆਂ ਧੁਨੀਆਂ ਸਾਰੇ ਆਕਾਸ਼ ਵਿਚ ਸਮਾਅ ਜਾਂਦੀਆਂ ਨੇ। ਫੇਰ ਕੁਛ ਕਰਨ ਦੀ ਲੋੜ ਨਹੀਂ। ਨੇਤਰ ਬੰਦ ਕਰਕੇ ਕੇਵਲ ਸੁਣਨ ਦੀ ਹੀ ਲੋੜ ਰਹਿ ਜਾਂਦੀ ਹੈ, ਸਾਧਸੰਗਤ ਜੀ! ਐਸੀ ਅਵਸਥਾ ਜਦੋਂ ਹੋ ਜਾਂਦੀ ਹੈ, ਫਿਰ ਫੁਰਨਾ ਖਤਮ ਹੋ ਜਾਂਦਾ ਹੈ ਅਤੇ ਗਗਨ ਮੰਡਲ ਵਿਚ ਸਾਡਾ ਵਾਸਾ ਹੋ ਜਾਂਦਾ ਹੈ। ਇਹ ਮਨ ਮਰ ਜਾਂਦਾ ਹੈ ਤੇ ਉਨਮਨ, ਰੂਹਾਨੀ ਮਨ ਇਹਦੇ ਅੰਦਰ ਜਾਗ ਪੈਂਦਾ ਹੈ, ਜਿਸ ਬਾਬਤ ਫੁਰਮਾਨ ਹੈ –

***ਇਹੁ ਮਨੁ ਲੇ ਜਉ ਉਨਮਨਿ ਰਹੈ॥***
***ਤਉ ਤੀਨਿ ਲੋਕ ਕੀ ਬਾਤੈ ਕਹੈ॥ ਅੰਗ – ੩੪੨***

ਜਦੋਂ ਇਹ ਅਵਸਥਾ ਹੋ ਜਾਏ, ਫਿਰ ਭੂਤ, ਭਵਿਖਤ, ਵਰਤਮਾਨ ਦੀ ਸੋਝੀ ਹੋ ਜਾਂਦੀ ਹੈ; ਹਜ਼ਾਰਾਂ ਸਾਲ ਪਹਿਲਾਂ ਲੰਘਿਆ ਹੋਇਆ ਸਮਾ, ਸਾਰਾ ਅੱਖਾਂ ਅੱਗੇ ਆ ਜਾਂਦਾ ਹੈ। ਪਿਛਲੇ ਜਨਮ ਸਾਰੇ ਸਾਮ੍ਹਣੇ ਆ ਜਾਂਦੇ ਨੇ ਅਤੇ ਭਵਿਖਤ ਦੀਆਂ ਵੀ ਸਾਰੀਆਂ ਗੱਲਾਂ ਕਿ ਹੁਣ ਕੀ ਹੋ ਰਿਹਾ ਹੈ, ਥੋੜ੍ਹੀ ਦੇਰ ਨੂੰ ਕੀ ਹੋਣ ਵਾਲਾ ਹੈ; ਸਭ ਪਤਾ ਲਗ ਜਾਂਦਾ ਹੈ। ਸੋ ਮਾਤਾ ਜੀ ਐਸੀ ਅਵਸਥਾ ਵਿਚ ਪਹੁੰਚ ਗਏ –

***ਭੂਤ ਭਵਿੱਖਤ ਕੀ ਸਭਿ ਬਾਤ।***
***ਭਈ ਰਿਦੇ ਮਹਿਂ ਸਭਿ ਬੱਖਯਾਤ।***
***ਗੁਰ ਕੀ ਗਤਿ ਜਬਿ ਹੂੰ ਮਨਿ ਜਾਨੀ।***
***ਜੰਗ ਬੀਚ ਹੁਇ ਸੰਤਤਿ ਹਾਨੀ।***
***ਪੰਨਾ – ੫੫੨੩ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਅੱਜ ਚੌਂਕੜਾ ਮਾਰੀ ਬੈਠੇ ਨੇ ਅੰਮ੍ਰਿਤ ਵੇਲੇ। ਕੀ ਦੇਖਦੇ ਨੇ ਕਿ ਆਨੰਦਪੁਰ ਸਾਹਿਬ ਦੇ ਦੁਆਲੇ ਤਿਆਰੀਆਂ ਹੋ ਰਹੀਆਂ ਨੇ, ਬਹੁਤ ਵੱਡੀ ਫੌਜ ਚੜ੍ਹੀ ਆ ਰਹੀ ਹੈ – ਦਿੱਲੀ ਤੋਂ, ਲਾਹੌਰ ਤੋਂ, ਸਰਹੰਦ ਤੋਂ ਚੜ੍ਹੀ ਆ ਰਹੀ ਹੈ, ਪਿਸ਼ਾਵਰ ਤੋਂ ਚੜ੍ਹੀ ਆ ਰਹੀ ਹੈ, ਬਾਈ ਧਾਰ ਦੇ

ਪਹਾੜੀ ਰਾਜੇ ਨੇ, ਮਾਰ ਮਾਰ ਹੁੰਦੀ ਹੈ। ਏਧਰ ਗੁਰੂ ਮਹਾਰਾਜ ਕੋਲ ਸਿਰਫ ਪੰਜ ਹਜ਼ਾਰ ਮਰਜੀਵੜੇ ਸਿੰਘ ਨੇ, ਜਾਨਾਂ ਦੇਣ ਵਾਲੇ ਨੇ। ਮਾਤਾ ਜੀ ਥੋੜ੍ਹੇ ਹਿਲੋਂ, ਬਿਰਤੀ ਇਕਾਗਰ ਕਰੀ ਕਿ ਇਹ ਕਿੱਥੇ ਚਲੀ ਗਈ ਹੈ। ਦੁਬਾਰਾ ਬਿਰਤੀ 'ਚ ਫੇਰ ਇਹੋ ਗੱਲ ਆ ਗਈ। ਕਹਿਣ ਲੱਗੇ, ਇਹ ਕੀ ਦਿਸਣ ਲਗ ਗਿਆ। ਫੌਜਾਂ ਦਿਸ ਰਹੀਆਂ ਨੇ, ਅਨੰਦਪੁਰ ਸਾਹਿਬ ਦੇ ਦੁਆਲੇ ਘੇਰਾ ਪੈ ਗਿਆ, ਬੇਅੰਤ ਸਿੰਘ ਸ਼ਹੀਦ ਹੋ ਰਹੇ ਨੇ; ਐਸਾ ਸਮਾ ਆ ਗਿਆ ਕਿ ਖਾਣ ਵਾਸਤੇ ਵੀ ਕੁਛ ਨਹੀਂ ਬਚਿਆ। ਇਕ ਮੁੱਠੀ ਛੋਲਿਆਂ ਦੀ ਮਹਾਰਾਜ ਇਕ ਦਿਨ ਵਿਚ ਖਾਂਦੇ ਨੇ, ਸਾਹਿਬਜ਼ਾਦਿਆਂ ਨੂੰ ਇਕ ਇਕ ਮੁੱਠੀ ਛੋਲਿਆਂ ਦੀ ਮਿਲਦੀ ਹੈ। ਫਿਰ ਇਹ ਦੇਖਿਆ ਕਿ ਦੋ ਦੋ ਦਿਨ ਬਾਅਦ ਇਕ ਮੁੱਠੀ ਮਿਲਣ ਲਗ ਗਈ ਤੇ ਸਿੰਘ ਪੱਤੇ ਉਬਾਲ ਉਬਾਲ ਕੇ ਖਾ ਰਹੇ ਨੇ, ਦਰਖਤਾਂ ਦੀਆਂ ਛਿੱਲਾਂ ਪੀਹ ਪੀਹ ਕੇ ਖਾ ਰਹੇ ਨੇ। ਫਿਰ ਅੱਗੇ ਦੇਖਿਆ ਕਿ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਕਿਲ੍ਹਾ ਛੁਡਾਉਣ ਵਾਸਤੇ ਖੜਯੰਤਰ ਰਚੇ ਜਾ ਰਹੇ ਨੇ ਤੇ ਸਿੰਘ ਬੇਦਾਵਾ ਦੇ ਰਹੇ ਨੇ।

ਮਾਤਾ ਜੀ ਨੇ ਫੇਰ ਨੇਤਰ ਖੋਲ੍ਹੇ, ਝੁਣਝੁਣੀ ਖਾਧੀ, ਭਿਆਨਕ ਦ੍ਰਿਸ਼ ਦੇਖ ਨਹੀਂ ਹੋਇਆ। ਫੇਰ 'ਵਾਹਿਗੁਰੂ ਵਾਹਿਗੁਰੂ' ਕਹਿ ਕੇ ਸੁਰਤ ਚਾੜ੍ਹੀ ਪਰ ਫੇਰ ਉਵੇਂ ਜਿਵੇਂ ਦ੍ਰਿਸ਼ ਸਾਮ੍ਹਣੇ ਖੜ੍ਹਾ ਹੈ ਸਾਰਾ। ਜਿਵੇਂ ਫਿਲਮ ਹੁੰਦੀ ਹੈ, ਉਸੇ ਤਰ੍ਹਾਂ ਖੜ੍ਹ ਗਈ ਪੂਰੀ ਫਿਲਮ ਸਾਮ੍ਹਣੇ। ਹੋਰ ਦੇਖਣ ਲੱਗੇ ਕਿ ਮਹਾਰਾਜ ਕਿਲ੍ਹਾ ਛੱਡ ਰਹੇ ਨੇ ਤੇ ਦੁਸ਼ਮਣਾਂ ਨੇ ਹਮਲਾ ਕਰ ਦਿਤਾ। ਸਰਸਾ ਨਦੀ ਦੇ ਕੰਢੇ ਤੇ ਪਰਿਵਾਰ ਵਿਛੋੜੇ ਦੇ ਸਥਾਨ ਤੇ ਜਾ ਕੇ ਬਹੁਤ ਭਿਆਨਕ ਯੁੱਧ ਹੋਇਆ। ਮੀਂਹ ਪੈ ਗਿਆ, ਠੱਕਾ ਚੱਲ ਰਿਹਾ ਹੈ, ਬਹੁਤ ਸਰਦੀ ਹੈ, ਦਰਿਆ ਪਾਰ ਕਰ ਰਹੇ ਨੇ। ਸਿਰਫ ਚਾਲੀ ਸਿੰਘ ਮਹਾਰਾਜ ਨਾਲ ਰਹਿ ਗਏ। ਸਾਹਿਬਜ਼ਾਦੇ ਵਿਛੜ ਗਏ। ਛੋਟੇ ਸਾਹਿਬਜ਼ਾਦੇ ਕਿਸੇ ਹੋਰ ਪਾਸੇ ਨੂੰ ਜਾ ਰਹੇ ਨੇ, ਮਾਤਾਵਾਂ ਹੋਰ ਪਾਸੇ ਰਹਿ ਗਈਆਂ। ਸਰਸਾ ਨਦੀ ਪਾਰ ਕਰਨ ਤੋਂ ਬਾਅਦ ਸਿਰਫ 40 ਸਿੰਘ ਮਹਾਰਾਜ ਨਾਲ ਰਹਿ ਗਏ। ਬੜਾ ਭਿਆਨਕ ਦ੍ਰਿਸ਼! ਝੁਣਝੁਣੀ ਜਿਹੀ ਆ ਗਈ। ਹੈਂ ਇਹ ਕੀ ਦਿਸ ਰਿਹਾ ਹੈ ਮੈਨੂੰ; ਫੇਰ ਨੇਤਰ ਬੰਦ ਕਰ ਲਏ, ਬਿਰਤੀ ਫੇਰ ਉਸੇ ਸਥਾਨ ਤੇ ਪਹੁੰਚ ਗਈ।

ਕੀ ਦੇਖਦੇ ਨੇ ਕਿ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੇ ਅੰਦਰ ਬਹੁਤ ਭਿਆਨਕ ਯੁੱਧ ਹੋ ਰਿਹਾ ਹੈ। ਸਾਰੇ ਪੰਜਾਬ ਦੇ ਅੰਦਰ ਦਸ ਲੱਖ ਫੌਜ ਹੈ, ਥਾਂ-ਥਾਂ ਚੌਂਕੀਆਂ ਬਣਾ ਕੇ ਘੇਰਾ ਪਾਇਆ ਹੋਇਆ ਹੈ। ਨਾ ਕੋਈ ਸਿੰਘ ਆ ਸਕਦਾ ਹੈ, ਨਾ ਕੋਈ ਜਾ ਸਕਦਾ ਹੈ, ਇਕੱਲੇ ਗੁਰੂ ਮਹਾਰਾਜ ਉਸ ਕੱਚੀ ਗੜ੍ਹੀ ਦੇ ਅੰਦਰ ਸਾਰਾ ਦਿਨ ਯੁੱਧ ਕਰ ਰਹੇ ਨੇ ਤੇ ਇਨ੍ਹਾਂ ਦੇ ਪਿਆਰੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਹੀਦ ਹੋ ਰਹੇ ਨੇ। ਸਾਹਿਬਜ਼ਾਦਾ ਅਜੀਤ ਸਿੰਘ ਮਾਤਾ ਸੁੰਦਰੀ ਜੀ ਦੇ ਸਨ ਅਤੇ ਤਿੰਨ ਛੋਟੇ ਸਾਹਿਬਜ਼ਾਦੇ ਮਾਤਾ ਜੀਤੋ ਜੀ ਦੇ ਸਨ। 14 ਸਾਲ ਦੇ ਆਪਣੇ ਬੱਚੇ ਨੂੰ ਮਹਾਂ ਭਿਆਨਕ ਦੁਸ਼ਮਣ, ਜਿਨ੍ਹਾਂ ਦੇ ਛੇ-ਛੇ ਫੁੱਟ, ਸਾਢੇ ਛੇ-ਛੇ ਫੁੱਟ ਕੱਦ, ਹਾਥੀਆਂ ਵਰਗੇ ਕੱਦ ਨੇ - ਨਾਲ ਲੜਦੇ ਦੇਖ ਰਹੇ ਨੇ। ਬੱਚੇ ਦੇ ਜ਼ਖਮ ਲੱਗ ਰਹੇ ਨੇ, ਬਰਛੇ ਲਗ ਰਹੇ ਨੇ, ਤੀਰ ਲੱਗ ਰਹੇ ਨੇ। ਅਖੀਰ ਦੇਖਿਆ ਕਿ ਟੁਕੜੇ-ਟੁਕੜੇ ਹੋ ਕੇ ਗਿਰ ਪਏ।.............ਸਹਿਆ ਨਾ ਗਿਆ ਮਾਂ ਤੋਂ ਇਹ ਦ੍ਰਿਸ਼। ਨੇਤਰ ਖੋਲ੍ਹੇ, ਨੇਤਰਾਂ ਦੇ ਵਿਚ ਜਲ ਆ ਗਿਆ। ਪਾਤਸ਼ਾਹ! ਇਹ ਕੀ ਦਿਸਣ ਲਗ ਗਿਆ ਮੈਨੂੰ? ਇਹ ਮੇਰੇ ਮਨ ਦਾ ਫੁਰਨਾ ਹੈ ਕਿ ਕੋਈ ਹੋਰ ਗੱਲ ਹੈ?

ਫੇਰ ਸੁਰਤੀ ਖਿੱਚੀ ਤਾਂ ਛੋਟੇ ਸਾਹਿਬਜ਼ਾਦੇ ਦੇਖੇ - ਨੀਹਾਂ ਵਿਚ ਚਿਣੇ ਜਾ ਰਹੇ ਨੇ। ਬਾਰ-ਬਾਰ ਉਨ੍ਹਾਂ ਨੂੰ ਕਿਹਾ ਜਾ ਰਿਹਾ ਹੈ ਕਿ ਤੁਸੀਂ ਧਰਮ ਛੱਡੋ ਤੇ ਦੀਨ ਇਸਲਾਮ ਕਬੂਲ ਕਰੋ, ਨਹੀਂ ਤਾਂ ਤੁਹਾਨੂੰ ਸਜ਼ਾਇ ਮੌਤ ਤਸੀਹਿਆਂ ਨਾਲ ਦਿਤੀ ਜਾਵੇਗੀ। ਛੋਟੇ-ਛੋਟੇ ਬੱਚੇ ਨੀਹਾਂ ਵਿਚ ਚਿਣੇ ਜਾਂਦੇ, ਦਮ ਘੁਟਦੇ, ਇੱਟਾਂ ਨਾਲ ਅੰਗ ਘੁਟਦੇ ਜਾਂਦੇ ਦੇਖੇ। ਦੇਖਦੇ ਨੇ ਕਿ ਦੀਵਾਰ ਗਿਰ ਗਈ ਤੇ ਉਸ ਤੋਂ ਬਾਅਦ ਦੋ ਭਾਰੇ ਜ਼ਾਲਮ ਉਨ੍ਹਾਂ ਦੀਆਂ ਛਾਤੀਆਂ ਤੇ ਗੋਡੇ ਰੱਖ ਕੇ ਇਉਂ ਜ਼ਿਬ੍ਹਾ ਕਰ ਰਹੇ ਨੇ ਜਿਵੇਂ ਬੱਕਰੇ ਨੂੰ ਜਿਬ੍ਹਾ ਕਰਦੇ ਨੇ। ਏਧਰ ਗੁਰੂ ਮਹਾਰਾਜ ਗੜ੍ਹੀ 'ਚੋਂ ਨਿਕਲ ਰਹੇ ਨੇ, ਇਕੱਲੇ ਜਾ ਰਹੇ ਨੇ; ਮਾਛੀਵਾੜੇ ਦੇ ਜੰਗਲ ਵਿਚ ਇਕੱਲੇ ਪਏ ਨੇ ਤੇ ਓਥੇ ਜਾ ਕੇ ਦੋ ਸਿੰਘ ਮਿਲਦੇ ਨੇ ਅਤੇ ਉਸ ਤੋਂ ਬਾਅਦ ਦਾ ਸਾਰਾ ਹਾਲ ਦੇਖ ਕੇ ਮਾਤਾ ਜੀ ਦੀ ਬਿਰਤੀ ਨਾ ਲੱਗੀ। ਉਸ ਥਾਂ ਤੇ ਪਹੁੰਚਦੇ ਨਹੀਂ ਜਿਥੇ ਅਗਮ ਨਿਗਮ ਦੀ ਸੋਝੀ ਹੋ ਜਾਂਦੀ ਹੈ।

ਅੰਮ੍ਰਿਤ ਵੇਲੇ ਉਠ ਕੇ ਮਹਾਰਾਜ ਜੀ ਨੂੰ ਮਿਲਣ ਲਈ ਸੇਵਾਦਾਰ ਤੋਂ ਆਗਿਆ ਮੰਗਵਾਈ। ਆਗਿਆ ਦੇ ਦਿਤੀ ਕਿ ਭੇਜ ਦਿਓ। ਉਸ ਵੇਲੇ ਮਾਤਾ ਜੀ ਨੇ ਕੁਛ ਬੇਨਤੀਆਂ ਕਰੀਆਂ। ਕਹਿਣ ਲੱਗੇ, "ਪਾਤਸ਼ਾਹ! ਤੁਸੀਂ ਖਾਲੀਆਂ ਨੂੰ ਭਰ ਦਿੰਦੇ ਹੋ ਤੇ ਭਰਿਆਂ ਨੂੰ ਖਾਲੀ ਕਰ ਦਿੰਦੇ ਹੋ। ਜਿਹੜੇ ਨਾਸ਼ ਹੁੰਦੇ ਨੇ ਉਨ੍ਹਾਂ ਨੂੰ ਥਾਪ ਦਿੰਦੇ ਹੋ, ਥਾਪਿਆਂ ਹੋਇਆ ਨੂੰ ਨਾਸ਼ ਕਰ ਦਿੰਦੇ ਹੋ। ਕ੍ਰਿਪਾ ਕਰੋ, ਜੱਗ ਦੇ ਵਿਚ ਵੰਸ਼ ਰੱਖ ਲਓ ਆਪਣੀ, ਇਹ ਮੇਰੀ ਆਸ ਪੂਰ ਦਿਓ, ਮੈਂ ਬੇਨਤੀ ਕਰਦੀ ਹਾਂ।" ਇਉਂ ਬੇਨਤੀ ਕਰਦੇ ਨੇ, ਅੱਧੇ-ਅੱਧ ਪੜ੍ਹਿਓ ਭਾਈ -

***ਧਾਰਨਾ - ਬੰਸ ਰੱਖ ਲੈ ਕਲਗੀਆਂ ਵਾਲੇ,***
***ਜੱਗ ਤੇ ਨਿਸ਼ਾਨ ਰਹਿ ਜਊਗਾ - ੨, ੨.***

"ਪਾਤਸ਼ਾਹ! ਅੱਜ ਜਦ ਮੈਂ ਭਜਨ ਕਰ ਰਹੀ ਸੀ, ਕੀ ਦੇਖਿਆ ਤੇ ਕਿੰਨਾ ਭਿਆਨਕ ਦ੍ਰਿਸ਼ ਦੇਖਿਆ - ਅਨੰਦਪੁਰ ਸਾਹਿਬ ਨੂੰ ਆਪ ਛੱਡ ਕੇ ਜਾ ਰਹੇ ਹੋ, ਬੱਚੇ ਇੱਕ ਇੱਕ ਕਰਕੇ ਸ਼ਹੀਦ ਹੋ ਰਹੇ ਨੇ, ਨੀਹਾਂ ਵਿਚ ਚਿਣੇ ਜਾ ਰਹੇ ਨੇ, ਮਾਤਾ ਜੀ ਸ਼ਹੀਦ ਹੋ ਰਹੇ ਨੇ, ਮਹਿਲ ਸਾਰੇ ਕੋਈ ਐਧਰ, ਕੋਈ ਓਧਰ; ਗੁਰਸਿੱਖਾਂ ਨੂੰ ਕੋਈ ਰਾਹ ਨਹੀਂ ਲੱਭਦਾ, ਜਿੱਧਰ ਮੂੰਹ ਹੈ, ਓਧਰ ਨੂੰ ਜਾ ਰਹੇ ਨੇ। ਪਾਤਸ਼ਾਹ! ਇਹ ਕੀ ਦੇਖਿਆ ਮੈਂ?" ਮਹਾਰਾਜ ਕਹਿੰਦੇ, "ਠੀਕ ਦੇਖਿਆ ਹੈ ਤੁਸੀਂ, ਇਵੇਂ ਜਿਵੇਂ ਹੋਣਾ ਹੈ।" ਦੋਵੇਂ ਹੱਥ ਜੋੜ ਲਏ ਮਾਤਾ ਜੀ ਨੇ, ਨੇਤਰਾਂ 'ਚ ਜਲ ਆ ਗਿਆ। ਮਹਾਰਾਜ ਕਹਿੰਦੇ, "ਕੁਛ ਕਹਿਣਾ ਚਾਹੁੰਦੇ ਹੋ?" "ਹਾਂ ਮਹਾਰਾਜ! ਮੇਰੀ ਬੇਨਤੀ ਹੈ ਕਿ -

***ਜਗ ਮਹਿਂ ਬੰਸ ਰਾਖਿਬੋ ਕਰੀਯਹਿ॥***
***ਪੂਰਹੁ ਆਸ ਇਹ ਆਪ ਬਿਰਰਯਿਹਿ॥***

***ਪੰਨਾ - ੫੫੨੪ (ਸ੍ਰੀ ਗੁ. ਪ੍ਰ, ਸੂ. ਗ੍ਰੰਥ)***

ਬੰਸ ਤਾਂ ਰੱਖ ਲਓ ਆਪ। ਮੇਰੀ ਬੇਨਤੀ ਹੈ ਕਿ ਮੇਰੀ ਆਸ ਪੂਰੀ ਕਰ ਦਿਓ। ਤੁਸੀਂ ਵਿਚਾਰ ਕਰ ਲਓ ਇਸ ਤੇ।" ਮਹਾਰਾਜ ਕਹਿਣ ਲੱਗੇ, "ਇਹ ਤੁਸੀਂ ਭਜਨ ਕਿਹੋ ਜਿਹਾ ਕਰ ਲਿਆ?" ਹੱਸ ਪਏ ਮਹਾਰਾਜ।

***ਸ੍ਰੀ ਜੀਤੋ ਤੇ ਸੁਨਿ ਮੁਸਕਾਏ॥***
***ਭੂਤ ਭਵਿਖਤ ਤੁਵ ਲਖਿ ਪਾਏ॥***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਕਹਿਣ ਲੱਗੇ, "ਤੇਰੀ ਬਿਰਤੀ ਦਸਵੇਂ ਦੁਆਰ ਵਿਚ ਚਲੀ ਗਈ ਤੇ ਤੈਨੂੰ ਸਾਰਾ ਭਵਿਖਤ ਅਤੇ ਲੰਘਿਆ ਹੋਇਆ ਸਮਾਂ ਸਾਰਾ ਨਜ਼ਰ ਆ ਗਿਆ ਹੈ ਪਰ ਇਕ ਹੈਰਾਨੀ ਹੈ ਸਾਨੂੰ ਕਿ ਤੁਸੀਂ ਬੱਚੇ ਰੱਖਣ ਵਾਸਤੇ ਜੋਗ ਕਮਾਇਆ ਹੈ ਕਿ ਪਰਮਪਦ ਪ੍ਰਾਪਤ ਕਰਨ ਵਾਸਤੇ ਕਮਾਇਆ ਹੈ? ਇਹ ਤੁਸੀਂ ਕਿਹੋ ਜਿਹੀ ਮੰਗ ਕਰ ਦਿਤੀ ਸਾਡੇ ਕੋਲ -

***ਸੰਤਤਿ ਕੇ ਹਿਤ ਜੋਗ ਕਮਾਯੋ॥***
***ਕੈ ਪਰਲੋਕ ਭਲੋ ਉਰ ਭਾਯੋ॥***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਪਰਲੋਕ ਦੇ ਵਾਸਤੇ ਭਜਨ ਕਰਿਆ ਹੈ ਕਿ ਬੱਚੇ ਰੱਖਣ ਵਾਸਤੇ ਕਰਿਆ ਹੈ?"

***ਮੋਹ ਆਦਿ ਸੇ ਸਕਲ ਬਿਕਾਰਾ॥***
***ਇਨ ਤੇ ਚਹੀਯਹਿ ਬਨਿਬੋ ਨਯਾਰਾ॥***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਮੋਹ ਜੋ ਹੈ, ਇਹ ਦੁਖੀ ਕਰਦਾ ਹੈ ਬੰਦੇ ਨੂੰ। ਜਿੰਨਾ ਚਿਰ ਮੋਹ ਦੇ ਵਿਚ ਤੁਸੀਂ ਹੋ, ਜਨਮ ਮਰਨ ਵਿਚ ਆਉਣਾ ਪਵੇਗਾ। ਇਸਤੋਂ ਆਤਮਾ ਨੂੰ ਨਿਆਰਾ ਕਰੋ। ਆਤਮਾ ਨਾ ਕਦੇ ਮਰਦੀ ਹੈ, ਨਾ ਕਦੇ ਜੰਮਦੀ ਹੈ, ਉਹ ਸਦਾ ਇਕ-ਰਸ ਰਿਹਾ ਕਰਦੀ ਹੈ।

***ਤੈਂ ਬਿਪ੍ਰੀਤ ਸਗਲ ਇਹ ਧਾਰੀ॥***
***ਕਯੋਂ ਨਹਿਂ ਲਖੀ ਅਰਸ਼ ਸਿਰਦਾਰੀ॥***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

"ਉਲਟੀ ਗੱਲ ਸੋਚ ਲਈ। ਅਗਲਾ ਪਾਸਾ ਨਹੀਂ ਦੇਖਿਆ ਕਿ ਇਨ੍ਹਾ ਨੇ ਕਿੱਥੇ ਜਾਣਾ ਹੈ? ਅਗਲਾ ਪਾਸਾ ਦੇਖਣਾ ਚਾਹੀਦਾ ਸੀ ਤੁਹਾਨੂੰ।" ਕਹਿਣ ਲੱਗੇ, "ਪਾਤਸ਼ਾਹ! ਉਧਰ ਸੁਰਤਿ ਮੇਰੀ ਨਹੀਂ ਗਈ ਕਿਉਂਕਿ ਏਥੇ ਹੀ ਮੈਂ ਰੋਕ ਲਗਾਈ ਕਿਉਂਕਿ ਇਹ ਮੈਥੋਂ ਸਹਿਆ ਨਹੀਂ ਗਿਆ।" ਮਹਾਰਾਜ ਕਹਿੰਦੇ, "ਅਗਲਾ ਪਾਸਾ ਦੇਖਣਾ ਸੀ, ਉਹ ਵੀ ਦੇਖ ਲਓ" -

***ਧਾਰਨਾ - ਵਾਸਾ ਜਾ ਕੇ ਸੱਚਖੰਡ ਵਿਚ ਲੈਣਗੇ,***
***ਦੇ ਕੇ ਏਥੇ ਸੀਸ ਆਪਣਾ - ੨, ੨.***

ਕਹਿਣ ਲੱਗੇ, "ਇਹ ਮੋਹ ਤੁਹਾਨੂੰ ਕਿਥੋਂ ਜਾਗ ਪਿਆ? ਤੁਹਾਨੂੰ ਦਰਗਾਹ ਦੀ ਸਰਦਾਰੀ ਨਹੀਂ ਦਿਸੀ? ਇਹ ਧਰਮ ਦਾ ਯੁੱਧ ਹੋ ਰਿਹਾ ਹੈ, ਧਰਮ ਵਾਸਤੇ ਬੱਚਿਆਂ ਦੇ ਸੀਸ ਵਾਰਨੇ ਨੇ। ਸੋ, ਤੈਂ ਅਰਸ਼ਾਂ ਦੀ ਸਰਦਾਰੀ ਦੇਖਣੀ ਸੀ 'ਤੈਂ ਬ੍ਰਿਪੀਤ ਸਗਲ ਇਹ ਧਾਰੀ। ਕਯੋਂ ਨਹਿਂ ਲਖੀ ਅਰਸ਼ ਸਿਰਦਾਰੀ।' ਇਹ ਪਦਵੀ ਬੜੇ ਬੜੇ ਜੋਗੀਆਂ ਨੂੰ ਨਹੀਂ ਮਿਲਦੀ, ਉਹ ਅਬਿਨਾਸ਼ੀ ਪਦਵੀ ਤੇਰੇ ਪੁੱਤਰਾਂ ਨੂੰ ਮਿਲ ਜਾਣੀ ਹੈ।

ਕਹਿਣ ਲੱਗੇ, "ਇਹ ਮੋਹ ਤੁਹਾਨੂੰ ਕਿਥੋਂ ਜਾਗ ਪਿਆ? ਤੁਹਾਨੂੰ ਦਰਗਾਹ ਦੀ ਸਰਦਾਰੀ ਨਹੀਂ ਦਿਸੀ? ਇਹ ਧਰਮ ਦਾ ਯੁੱਧ ਹੋ ਰਿਹਾ ਹੈ, ਧਰਮ ਵਾਸਤੇ ਬੱਚਿਆਂ ਦੇ ਸੀਸ ਵਾਰਨੇ ਨੇ। ਸੋ, ਤੂੰ ਅਰਸ਼ਾਂ ਦੀ ਸਰਦਾਰੀ ਦੇਖਣੀ ਸੀ 'ਤੈਂ ਬ੍ਰਿਪੀਤ ਸਗਲ ਇਹ ਧਰੀ। ਕਯੋਂ ਨਹਿਂ ਲਖੀ ਅਰਸ਼ ਸਿਰਦਾਰੀ।' ਇਹ ਪਦਵੀ ਬੜੇ ਬੜੇ ਜੋਗੀਆਂ ਨੂੰ ਨਹੀਂ ਮਿਲਦੀ, ਉਹ ਅਬਿਨਾਸ਼ੀ ਪਦਵੀ ਤੇਰੇ ਪੁੱਤਰਾਂ ਨੂੰ ਮਿਲ ਜਾਣੀ ਹੈ।

***ਸੁਤ ਸਮੇਤ ਜੋ ਪਦ ਅਬਿਨਾਸ਼ੀ।***
***ਤਹਿਂ ਕੋ ਬਨੋ ਸਦਾ ਤੁਮ ਬਾਸੀ।***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਉਹ ਅਬਿਨਾਸ਼ੀ ਪਦ, ਜਿਥੋਂ ਜਾ ਕੇ ਫਿਰ ਆਉਣਾ ਹੀ ਨਹੀਂ ਹੈ; ਅਕਾਲ ਪੁਰਖ ਦੀ ਦਰਗਾਹ ਵਿਚ ਰਹਿਣਾ ਹੈ - ਉਹ ਕਿਉਂ ਮੋਹ ਵਿਚ ਆ ਕੇ ਕਹਿੰਦੇ ਹੋ ਕਿ ਆਪਣੀ ਸੰਤਤ ਰੱਖ ਲਓ, ਬੱਚੇ ਬਚਾ ਲਓ।

***ਨੱਸ੍ਵਰ ਜਗਤ ਦੇਖਿ ਕਯੋਂ ਭੂਲੀ॥***
***ਜੋਗ ਧਰੇ ਆਨੰਦ ਬ੍ਰਿਤਿ ਭੂਲੀ।***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਇਹ ਨਾਸ਼ਵਾਨ ਜਗਤ ਹੈ। ਤੁਹਾਨੂੰ ਐਹ ਨਾਮ ਦਾ ਅਨੰਦ ਲੈਣਾ ਚਾਹੀਦਾ ਸੀ ਅਤੇ ਇਹ ਬਿਰਤੀ ਨਹੀ ਸੀ ਆਉਣ ਦੇਣੀ ਚਾਹੀਦੀ। ਇਹ ਤਾਂ ਸੰਸਾਰ ਸਾਰਾ ਨਾਸ਼ਵਾਨ ਹੈ।

***ਧਾਰਨਾ - ਏਥੇ ਰਿਹਾ ਨ ਜਗਤ ਉਤੇ ਕੋਈ,***
***ਵਾਰੀ ਆਈ ਉਠ ਜਾਵਣਾ - ੨, ੨.***

***ਏਕ ਸ਼ਿਵ ਭਏ ਏਕ ਗਏ ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ।***
***ਬ੍ਰਹਮਾ ਔਰ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ,***
***ਸਿਮ੍ਰਿਤ ਸਮੂਹਨ ਕੈ ਹੁਇ ਹੁਇ ਬਿਤਏ ਹੈਂ।***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ,***
***ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ।***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ***
***ਭੂਮਿ ਹੀ ਤੇ ਹੋਇ ਕੈ ਫੇਰ ਭੂਮਿ ਹੀ ਮਿਲਦੇ ਹੈਂ।***

***ਅਕਾਲ ਉਸਤਤਿ-ਕਬਿੱਤ ਪਾ: ੧੦***

ਮਹਾਰਾਜ ਕਹਿਣ ਲੱਗੇ, "ਦੇਖੋ, ਗੱਲ ਉਹ ਕਰਨੀ ਚਾਹੀਦੀ ਹੈ ਜਿਹੜੀ ਸੱਚ ਹੋਵੇ। ਸੰਸਾਰ ਤੇ ਰਹਿਣਾ ਝੂਠ ਹੈ ਤੇ ਏਥੋਂ ਚਲੇ ਜਾਣਾ ਸੱਚ ਹੈ। ਕੋਈ ਰਿਹਾ ਇਸ ਥਾਂ ਦੇ ਉਤੇ? ਵੱਡੇ-ਵੱਡੇ ਸੰਸਾਰ ਤੇ ਆਏ ਲੇਕਿਨ ਕੋਈ ਨਹੀਂ ਰਿਹਾ। ਸੋ ਤੁਸੀਂ ਨਾਸ਼ਵੰਤ ਜਗਤ ਦੀ ਕਿਰਿਆ ਦੇਖ ਕੇ ਭੁੱਲ ਗਏ, ਇਹ ਤਾਂ ਸੰਸਾਰ ਹੀ ਨਹੀਂ ਇਕ ਦਿਨ ਰਹਿਣਾ। ਤੁਸੀਂ ਆਪਣੀ ਬ੍ਰਹਮਾਨੰਦ ਬ੍ਰਿਤੀ ਤੋਂ ਥੱਲੇ ਨਹੀਂ ਸੀ ਉਤਰਨਾ।

***ਉਚਿਤ ਨਹੀਂ ਇੱਤਯਾਦਿਕ ਕਹਿਬੋ।***
***ਤਨ ਤੇ ਭਿੰਨ ਆਪ ਕੋ ਲਹਿਬੋ।***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਤੁਸੀਂ ਆਤਮ ਸਰੂਪ ਵਿਚ ਰਹੋ, ਕਿਉਂ ਆਪਣੇ ਆਪ ਨੂੰ ਦੇਹ ਮੰਨਿਆ ਹੈ?" ਉਸ ਵੇਲੇ ਮਾਤਾ ਜੀ ਨੇ ਨਮਸ਼ਕਾਰ ਕਰੀ, ਕਹਿਣ ਲੱਗੇ, "ਪਾਤਸ਼ਾਹ! ਮੈਂ ਮਾਂ ਹਾਂ। ਮਾਂ ਦੁੱਖ ਦੇਖ ਨਹੀਂ ਸਕਦੀ - ਨਾ ਬੱਚਿਆਂ ਦਾ, ਨਾ ਤੁਹਾਡਾ, ਨਾ ਮਾਤਾ ਜੀ ਦਾ। ਕਿੰਨੀ ਤਬਾਹੀ, ਕਿੰਨੀ ਬਰਬਾਦੀ, ਪਾਤਸ਼ਾਹ! ਕਿਵੇਂ ਦੌੜੇ ਫਿਰਦੇ ਨੇ। ਇਹ ਮੈਥੋਂ ਨਹੀਂ ਦੇਖ ਹੋਣਾ, ਮੈਨੂੰ ਬੜਾ ਮੁਸ਼ਕਿਲ ਹੈ। ਆਪ ਕ੍ਰਿਪਾ ਕਰਕੇ ਮੈਨੂੰ ਆਗਿਆ ਦਿਓ ਕਿ ਮੈਂ ਆਪਣਾ ਸਰੀਰ ਛੱਡ ਦੇਵਾਂ।"

***ਧਾਰਨਾ - ਭਾਰੀ ਬਿਪਤਾ ਇਹ ਔਖੀ ਹੋ ਜੂ ਦੇਖਣੀ,***
***ਤਨ ਛੱਡਾਂ ਦੇਵੋ ਆਗਿਆ - ੨, ੨.***

***ਮੁਝ ਕੌ ਖੁਸੀ ਕਰੋ ਤਨ ਛੋਰੋਂ।***
***ਮਹਿਦ ਬਿਘਨ ਗਲ ਪਿਖਯੋ ਨ ਲੋਰੋਂ।***

***ਪੰਨਾ - ੫੫੨੪ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਪਾਤਸ਼ਾਹ, ਖੁਸ਼ੀ ਕਰੋ ਮੇਰੇ ਉਤੇ, ਆਗਿਆ ਦਿਓ, ਆਪਣਾ ਤਨ ਛੱਡ ਦੇਵਾਂ। ਐਨੇ ਵਿਘਨ, ਐਨੀਆਂ ਤਕਲੀਫਾਂ, ਪਾਤਸ਼ਾਹ! ਮੈਥੋਂ ਦੇਖ ਨਹੀਂ ਹਸੋਣੀਆਂ। ਮਾਂ ਤੋਂ ਦੇਖਿਆ ਨਹੀਂ ਜਾਣਾ ਇਹ ਸਭ ਕੁਛ। ਕ੍ਰਿਪਾ ਕਰੋ ਮੈਨੂੰ ਆਗਿਆ ਦੇ ਦਿਓ।" ਮਹਾਰਾਜ ਕਹਿੰਦੇ, "ਕੋਈ ਗੱਲ ਨਹੀਂ, ਤੁਸੀਂ ਉਸ ਅਵਸਥਾ 'ਚ ਪਹੁੰਚ ਗਏ ਹੋ; ਹੁਣ ਤੁਹਾਡਾ ਜੀਅ ਕਰੇ ਏਥੇ ਰਹੋ, ਜੀਅ ਕਰਦਾ ਚਲੇ ਜਾਓ ਕਿਉਂਕਿ ਤੁਸੀਂ ਉਸ ਥਾਂ ਪਹੁੰਚ ਗਏ ਹੋ ਜਿਥੇ ਗੁਰਮੁਖ ਜਾ ਕੇ ਆਪਣੀ ਮਰਜ਼ੀ ਨਾਲ ਸਰੀਰ ਛੱਡ ਦਿੰਦੇ ਨੇ।"

ਸੰਤ ਮਹਾਰਾਜ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ, ਸਰੀਰ ਛੱਡਣ ਤੋਂ ਤਿੰਨ ਦਿਨ ਪਹਿਲਾਂ ਬਾਹਰੋਂ ਆਏ। ਸੇਵਾ ਕਰਦੇ ਕਰਦੇ ਕਹਿੰਦੇ, "ਚਲੋ ਭਾਈ ਚੱਲੀਏ।" ਉਥੇ ਆ ਗਏ, ਜ਼ੈਲਦਾਰ ਬੁਲਾ ਲਿਆ, ਸਾਰੇ ਪ੍ਰੇਮੀ ਬੁਲਾ ਲਏ। ਕਹਿੰਦੇ, "ਮਹਾਰਾਜ! ਹੁਕਮ?" ਸੰਤ ਕਹਿਣ ਲੱਗੇ, "ਦੇਖੋ, ਇਹ ਚਲ੍ਹਾ ਕਿੰਨਾ ਖਰਾਬ ਹੈ, ਕਿੰਨਾ ਔਖਾ ਹੈ ਲੰਘਣ ਵਾਲਿਆਂ ਨੂੰ? ਇਹਨੂੰ ਅੱਜ ਹੀ ਭਰਨਾ ਹੈ ਸ਼ਾਮ ਤੱਕ।" ਆਪ ਮੰਜਾ ਡਾਹ ਕੇ ਬਹਿ ਗਏ। ਸਾਰੇ ਗੱਡੇ ਲਾ ਦਿਤੇ ਤੇ ਚਲ੍ਹਾ ਭਰ ਦਿਤਾ, ਵਧੀਆ ਸੜਕ ਬਣਾ ਦਿਤੀ। ਕਹਿੰਦੇ, "ਠੀਕ ਹੋ ਗਿਆ।" ਦੂਸਰੇ ਦਿਨ ਜ਼ੈਲਦਾਰ ਨੂੰ ਬੁਲਾਇਆ ਤੇ ਕਹਿਣ ਲੱਗੇ, "ਤੈਨੂੰ ਯਾਦ ਹੈ ਬਚਨ ਸਾਡਾ?" "ਮਹਾਰਾਜ! ਕਿਹੜਾ?" ਕਹਿੰਦੇ, "ਜਦ ਤੂੰ ਸਾਨੂੰ ਹੋਤੀ ਮਰਦਾਨ ਤੋਂ ਲੈ ਕੇ ਆਇਆ ਸੀ।" "ਮਹਾਰਾਜ! ਯਾਦ ਹੈ।" ਕਹਿਣ ਲਗੇ, "ਕੀ?" "ਮਹਾਰਾਜ! ਤੁਸੀਂ ਫੁਰਮਾਇਆ ਸੀ ਕਿ ਜਦੋਂ ਅਸੀਂ ਸਰੀਰ ਛੱਡੀਏ ਤਾਂ ਸਾਡਾ ਸਰੀਰ ਤੁਸੀਂ ਏਥੇ ਹੀ ਲੈ ਕੇ ਆਇਓ - ਹੋਤੀ ਮਰਦਾਨ ਵਿਖੇ।" ਮਹਾਰਾਜ ਕਹਿੰਦੇ, "ਦੇਖ, ਕਿਸੇ ਨੂੰ ਨਹੀਂ ਦੱਸਣਾ, ਅਸੀਂ ਹੁਣ ਸਰੀਰ ਛੱਡ ਦੇਣਾ ਹੈ ਤੇ ਤੂੰ ਜਾ ਕੇ ਰੇਲ ਦਾ ਡੱਬਾ ਰਿਜ਼ਰਵ ਕਰਾ ਲੈ ਕਿਉਂਕਿ ਇਸ ਕੰਮ ਨੂੰ ਕਈ ਦਿਨ ਲਗ ਜਾਂਦੇ ਨੇ।" ਉਦਾਸ ਹੋ ਗਿਆ ਜ਼ੈਲਦਾਰ। ਮਹਾਰਾਜ ਕਹਿੰਦੇ, "ਦੇਖੀਂ, ਗੱਲ ਨਾ ਕਿਸੇ ਕੋਲ ਕਰੀਂ, ਇਹ ਬਚਨ ਰਿਹਾ ਤੇਰਾ ਸਾਡਾ।" ਉਸ ਤੋਂ ਬਾਅਦ ਬਾਹਰੋਂ ਆ ਕੇ ਲੰਮੇ ਪੈ ਗਏ। ਛੋਟੇ ਮਹਾਰਾਜ (ਰਾੜਾ ਸਾਹਿਬ ਵਾਲੇ) ਵੀ ਕੋਲ ਸੀ, ਵੱਡੇ ਵੀ ਕੋਲ ਸੀਗੇ। "ਮਹਾਰਾਜ! ਕੀ ਗੱਲ ਹੈ? ਕਹਿੰਦੇ, "ਏਥੋਂ ਦੁਖਦਾ ਹੈ ਥੋੜ੍ਹਾ ਜਿਹਾ, ਧਰਨ ਪੈ ਗਈ।" ਗੱਲ ਬਾਹਰ ਨਿਕਲ ਗਈ, ਜਾ ਕੇ ਕੰਪੋਡਰ ਨੂੰ ਲੈ ਆਏ - ਦੋਰਾਹੇ ਤੋਂ। ਕਹਿੰਦੇ, "ਲੈ, ਇਹ ਤਾਂ ਐਵੇਂ ਹੀ ਆ ਗਿਆ, ਅਸੀਂ ਤਾਂ ਹੱਥ ਪਾ ਕੇ ਹੀ ਕੱਢ ਦਿਤੀ; ਚਲਿਆ ਜਾਹ।" ਟਾਲ ਦਿਤੇ। ਦੂਸਰਾ ਦਿਨ ਆ ਗਿਆ। ਉਵੇਂ ਜਿਵੇਂ ਬੈਠੇ ਨੇ, ਕਹਿਣ ਲੱਗੇ, "ਐਸ ਤਰ੍ਹਾਂ ਕਰੋ, ਇਹ ਥਾਂ ਭੀੜਾ ਜਿਹਾ ਲਗਦਾ ਹੈ, ਸਾਡਾ ਮੰਜਾ ਖੁਲ੍ਹੇ ਦਲਾਨ ਵਿਚ ਡਾਹ ਦਿਓ।" ਮੰਜਾ ਖੁਲ੍ਹੇ ਦਲਾਨ 'ਚ ਡਾਹ ਦਿਤਾ। ਫਿਰ ਕਹਿੰਦੇ, "ਦਰੀਆਂ ਵਿਛਾ ਦਿਓ ਬਰਾਂਡੇ ਵਿਚ, ਬਾਹਰ ਦੂਰ ਤਾਈਂ।" ਕਿਸੇ ਨੂੰ ਨਾ ਪਤਾ ਲੱਗੇ ਕਿ ਕੀ ਕਹੀ ਜਾਂਦੇ ਨੇ। ਇਸੇ ਤਰ੍ਹਾਂ ਅੰਮ੍ਰਿਤ ਵੇਲਾ ਹੋ ਗਿਆ, ਕਿਸੇ ਨੂੰ ਨਹੀਂ ਪਤਾ ਲੱਗਿਆ ਕਿ ਦਰੀਆਂ ਕਿਉਂ ਵਿਛਾਈ ਜਾਂਦੇ ਨੇ। ਥੋੜ੍ਹੀ ਦੇਰ ਬਾਅਦ ਇਸ਼ਨਾਨ ਕਰਿਆ ਉਠ ਕੇ। ਆਪ ਇਕ ਵਜੇ ਇਸ਼ਨਾਨ ਕਰਿਆ ਕਰਦੇ ਸੀ। ਫਿਰ ਆ ਕੇ ਮੰਜੇ ਤੇ ਪੈ ਗਏ?" ਕਹਿੰਦੇ, "ਕੁਛ ਤਕਲੀਫ ਜਿਹੀ ਹੈ।" "ਮਹਾਰਾਜ! ਸਿਵਲ ਸਰਜਨ ਮੰਗਾਉਂਦੇ ਹਾਂ।" ਕਹਿੰਦੇ, ਛੱਡੋ, ਸਿਵਲ ਸਰਜਨਾਂ ਦੀ ਬਾਤ ਨਹੀਂ ਹੈ ਇਹ। ਰਹਿਣ ਦਿਓ, ਕਿਸੇ ਨੂੰ ਨਹੀਂ ਬੁਲਾਉਣਾ।"

ਛੋਟੇ ਮਹਾਰਾਜ ਜੀ ਦਸਦੇ ਸੀ ਕਿ ਅਸੀਂ ਕੋਲ ਸੀ। ਐਨੇ ਨੂੰ ਥੋੜ੍ਹਾ ਜਿਹਾ ਸਮਾਂ ਲੰਘਿਆ, ਆਪ ਬੈਠ ਗਏ। ਪਹਿਲਾਂ ਚੌਕੜਾ ਮਾਰ ਕੇ ਸੁਰਤੀ ਖਿੱਚ ਲਈ ਅੰਦਰ ਨੂੰ, ਫੇਰ ਲੰਮੇ ਪੈ ਗਏ, ਦੋਵੇਂ ਪੈਰ ਇਕੱਠੇ ਕਰ ਲਏ, ਇਕ ਝਟਕਾ ਜਿਹਾ ਮਾਰਿਆ, ਵਿਚੋਂ ਨਿਕਲ ਗਏ। ਅਸੀਂ ਕਿਹਾ, "ਪਾਤਸ਼ਾਹ! ਬਿਨਾਂ ਦੱਸੇ ਹੀ ਛੱਡ ਚੱਲੇ, ਕਿਸੇ ਨੂੰ ਜਥੇਦਾਰ ਤਾਂ ਥਾਪ ਦਿਓ।" ਰੌਲਾ ਪੈ ਗਿਆ; ਸਾਰੀ ਸੰਗਤ ਇਕੱਠੀ ਹੋ ਗਈ। ਮਹਾਰਾਜ ਕਹਿੰਦੇ, ਅਸੀਂ ਹੈਰਾਨ ਹੋ ਗਏ ਦੇਖ ਕੇ ਕਿ ਇਕ ਝਟਕਾ ਜਿਹਾ ਹੋਰ ਮਾਰਿਆ, ਉਠ ਕੇ ਬੈਠ ਗਏ ਤੇ ਕਹਿਣ ਲੱਗੇ, "ਦੇਖੋ ਭਾਈ ਗੁਰਮੁਖੋ! ਅਸੀਂ ਗੇਂਦ ਸੁੱਟ ਦਿਤੀ ਹੈ ਗਰਾਉਂਡ ਦੇ ਅੰਦਰ, ਬੇਅੰਤ ਪਲੇਅਰ ਖੇਡਣ ਵਾਲੇ ਆਏ ਨੇ; ਜਿਹੜਾ ਲੈ ਜਾਊਗਾ, ਗੋਲ ਕਰ ਲਊਗਾ। ਤੁਹਾਨੂੰ ਆਪੇ ਪਤਾ ਲਗ ਜਾਊਗਾ, ਕਿਹੜਾ ਜਥੇਦਾਰ ਹੈ। ਸਾਡਾ ਥਾਪਣਾ ਠੀਕ ਨਹੀਂ ਹੈ। ਸੋ ਇਉਂ ਕਹਿ ਕੇ ਫੇਰ ਲੰਮੇ ਪੈ ਗਏ ਤੇ ਉਸ ਤੋਂ ਬਾਅਦ ਫੇਰ ਇਕ ਝਟਕਾ ਜਿਹਾ ਖਾਧਾ ਤੇ ਸਰੀਰ ਛੱਡ ਦਿਤਾ।

ਸੋ ਮਹਾਰਾਜ ਕਹਿਣ ਲੱਗੇ ਮਾਤਾ ਜੀ ਨੂੰ, "ਤੁਸੀਂ ਸਰੀਰ ਛੱਡ ਦਿਓ।" ਉਸੇ ਵੇਲੇ ਆਪ -

***ਆਸਨ ਕਰਿ ਬੈਠੀ ਤਤਕਾਲਾ।***

***ਪੰਨਾ - ੫੫੨੫ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਘਰ ਮਹਿਲਾਂ ਵਿਚ ਆ ਗਏ, ਚੌਕੜਾ ਮਾਰ ਆਸਣ ਕਰ ਲਿਆ। ਦਾਸੀ ਨੂੰ ਸਮਝਾ ਦਿਤਾ ਕਿ ਰੌਲਾ ਨਾ ਪਾਈ - :

***ਸਾਧਯੋ ਪੂਰਬ ਜੋਗ ਬਿਸਾਲਾ।***

***ਪੰਨਾ - ੫੫੨੫ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਸੁਰਤੀ ਚਾੜ੍ਹ ਲਈ, ਦਸਵੇਂ ਦੁਆਰ ਲੈ ਗਏ -

***ਤਿਸ ਅਭਯਾਸ ਬਲ ਤੇ ਖਿਚਿ ਸ੍ਵਾਸ।***
***ਦਸਮ ਦ੍ਵਾਰ ਮਹਿਂ ਕਰਿ ਤਿਹ ਬਾਸ।***

***ਪੰਨਾ - ੫੫੨੫ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਦਸਵੇਂ ਦੁਆਰ ਅੰਦਰ ਸੁਆਸ ਠਹਿਰਾ ਲਏ।

***ਪਾਇ ਜੋਤ ਬ੍ਰਹਮਰੰਦ੍ਰ ਫੋਰਾ।***
***ਗਮਨੀ ਗੁਰਪੁਰਿ ਤਨ ਕੋ ਛੋਰਾ।***

***ਪੰਨਾ - ੫੫੨੫ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਪੈਰ ਦੋਇ ਜੋੜ ਲਏ, ਝਟਕਾ ਮਾਰਿਆ ਤੇ ਬ੍ਰਹਮਰੁੰਧਰ ਫੋੜ ਕੇ ਦਸਵੇਂ ਦੁਆਰ ਥਾਈਂ ਪ੍ਰਾਣ ਕੱਢ ਦਿਤੇ ਤੇ ਗੁਰੂ ਦੇ ਧਾਮ ਸੱਚਖੰਡ ਅੰਦਰ ਪਹੁੰਚ ਗਏ। ਸੋ ਇਹ ਗੁਰਮੁਖਾਂ ਦਾ ਸਰੀਰ ਛੱਡਣਾ ਹੁੰਦਾ ਹੈ -

***ਧਾਰਨਾ - ਆਵੇ ਜਾਇ ਨਿਸੰਗ, ਗੁਰਮੁਖ ਪਿਆਰਾ,***
***ਗੁਰਮੁਖ ਪਿਆਰ - ੨***

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਗੁਰ ਸਤੋਤਰ ਵਿਚ ਬੋਲਣ ਦੀ ਖੇਚਲ ਕਰੋ। ਜਿਹੜੇ ਹੁਣ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

*********

# ਬੰਦਗੀ ਨਾਮਾ

### ਅਰਥਾਤ

### ਸੱਚ ਦੀ ਪ੍ਰਾਪਤੀ ਦੇ ਸਾਧਨ

***ਭਾਈ ਸਾਹਿਬ ਰਘਬੀਰ ਸਿੰਘ 'ਬੀਰ'***

***ਕਰਿ ਬੰਦੇ ਤੂੰ ਬੰਦਗੀ ਜਿਚਰੁ ਘਟ ਮਹਿ ਸਾਹੁ॥***

## ਸਿੱਖ

ਸਿੱਖ ਦਾ ਅਸਲ ਮਤਲਬ – ਲਫਜ਼ 'ਸਿੱਖ' ਅਸਲ ਅਰਥ ਤਾਲਬ-ਇਲਮ, ਸਿੱਖਣ ਦਾ ਅਭਿਲਾਸ਼ੀ, ਸੱਚ ਦਾ ਖੋਜੀ, ਗਿਆਨ ਦਾ ਮੁਤਲਾਸ਼ੀ ਹੈ। ਸੱਚ ਦੀ ਤਲਾਸ਼ ਸਿੱਖ ਦੇ ਜੀਵਨ ਦਾ ਆਧਾਰ ਅਤੇ ਆਦਰਸ਼ ਹੈ। ਇਹ ਜਿਸਮ ਅਤੇ ਜਿਸਮ ਸਬੰਧੀ ਸਾਰੀਆਂ ਖੇਡਾਂ ਖੇਡਦਾ ਹੋਇਆ, ਮਾਇਆ ਵਿਚੋਂ ਲੰਘਦਾ, ਦਸਾਂ ਨਹੁੰਆਂ ਦੀ ਕਮਾਈ ਕਰਦਾ, ਗ੍ਰਹਿਸਤ ਦੇ ਸਾਰੇ ਫਰਜ਼ ਨਿਭਾਂਦਾ, ਬਾਲ ਬੱਚੇ, ਇਸਤ੍ਰੀ, ਮਾਤਾ, ਪਿਤਾ, ਰਿਸ਼ਤੇਦਾਰਾਂ, ਦੋਸਤਾਂ, ਕੌਮ, ਮੁਲਕ ਅਤੇ ਜਗਤ ਦੀ ਸੇਵਾ ਕਰਦਾ ਹੋਇਆ ਆਪਣੇ ਖਿਆਲ ਵਿਚ ਇਨ੍ਹਾਂ ਸਭ ਤੋਂ ਅਲਹਿਦਾ ਰਹਿੰਦਾ ਹੈ। ਦੁਨੀਆਂ ਦੇ ਸਭ ਸਵਾਲਾਂ ਨੂੰ ਹੱਲ ਕਰਦਾ ਹੋਇਆ ਆਪਣੇ ਸਾਮ੍ਹਣੇ ਆਪਣੀ ਅਸਲੀਅਤ ਦੀ ਪਛਾਣ ਦੇ ਸਵਾਲ ਨੂੰ ਸਭ ਤੋਂ ਵਿਸ਼ੇਸ਼ ਸਮਝਦਾ ਹੈ। ਉਸਨੂੰ ਜ਼ਿੰਦਗੀ ਦੇ ਰਾਜ਼ ਨੂੰ ਸਮਝਣ ਦੀ ਖਾਹਿਸ਼ ਜ਼ਿੰਦਗੀ ਦੇ ਕਿਸੇ ਹਿੱਸੇ ਵਿਚ ਵੀ ਚੈਨ ਨਹੀਂ ਲੈਣ ਦੇਂਦੀ। ਉਸ ਦੀ ਰੀਝ, ਤਲਾਸ਼, ਉਸ ਦਾ ਸ਼ੌਕ, ਖੋਜ ਅਤੇ ਉਸਦੀ ਜ਼ਿੰਦਗੀ, ਜ਼ਿੰਦਗੀ ਨੂੰ ਸਮਝਣਾ ਹੁੰਦਾ ਹੈ। ਉਸਨੂੰ ਆਪਣੀ ਕਾਮਯਾਬੀ ਤੇ ਪੂਰਾ ਵਿਸ਼ਵਾਸ਼ ਹੁੰਦਾ ਹੈ ਇਸ ਵਾਸਤੇ ਉਹ ਉਤਸ਼ਾਹ ਤੇ ਦ੍ਰਿੜ੍ਹਤਾ ਦਾ ਰੂਪ ਬਣ ਕੇ ਰਹਿੰਦਾ ਹੈ।

**ਸਿੱਖ ਤੇ 'ਹਾਰ'** – ਦੁਨੀਆਂ ਦੀ ਕੋਈ ਖਿੱਚ, ਕੋਈ ਲਾਲਚ ਕੋਈ ਰੁਕਾਵਟ, ਸਿੱਖ ਦੇ ਜਮਾਂਦਰੂ ਖੋਜ ਦੇ ਸੁਭਾ ਨੂੰ ਦਬਾ ਨਹੀਂ ਸਕਦੀ। ਉਹ ਮਾਇਆ ਤੋਂ, ਪਾਪ ਤੋਂ, ਨਫਸਾਨੀ ਕਮਜ਼ੋਰੀਆਂ ਤੋਂ ਕਈ ਵਾਰ ਹਾਰ ਖਾ ਸਕਦਾ ਹੈ, ਬੁਰੀ ਤਰ੍ਹਾਂ ਹਾਰ ਸਕਦਾ ਹੈ, ਪਰ ਉਹ ਇਨ੍ਹਾਂ ਤੋਂ ਉਕਾ ਜਿੱਤਿਆ ਨਹੀਂ ਜਾ ਸਕਦਾ। ਉਸ ਨੂੰ ਸੁਭਾਵਿਕ ਪਤਾ ਹੁੰਦਾ ਹੈ ਕਿ ਰਸਾ-ਕਸ਼ੀ ਵਿਚ, ਕਸ਼-ਮਕਸ਼ ਵਿਚ, ਲੜਾਈ ਵਿਚ, ਜਿੱਤ ਉਸੇ ਧਿਰ ਦੀ ਹੁੰਦੀ ਹੈ ਜੋ ਅਖੀਰ ਵਿੱਚ ਜਿੱਤੇ। ਇਸ ਕਰਕੇ ਉਹ ਮੁਸ਼ਕਲਾਂ ਨੂੰ ਹਮੇਸ਼ਾਂ ਹਾਥੀ ਦੀ ਤਰ੍ਹਾਂ ਪੈਰਾ ਹੇਠ ਲਿਤਾੜਦਾ, ਆਪਣੀ ਖੋਜ ਦੀ ਧੁਨ ਵਿਚ, ਆਪਣੀ ਆਖਰੀ ਜਿੱਤ ਦੇ ਯਕੀਨ ਦੀ ਤਸੱਲੀ ਵਿਚ, ਆਪਣੇ ਰਸਤੇ ਤੇ ਅਡੋਲ ਤੁਰੀ ਜਾਂਦਾ ਹੈ। ਉਸ ਦੇ ਪੈਰਾਂ ਵਿਚ ਕੰਡੇ ਚੁਭ ਸਕਦੇ ਹਨ, ਜ਼ਖਮੀ ਕਰ ਸਕਦੇ ਹਨ ਪਰ ਉਸਨੂੰ ਅਗਾਂਹ ਤੁਰਨ ਤੋਂ ਰੋਕ ਨਹੀਂ ਸਕਦੇ। ਉਹ ਇਸ ਰਸਤੇ ਵਿਚ ਡਿੱਗ ਸਕਦਾ ਹੈ, ਹੱਡ ਗੋਡੇ ਤੁੜਵਾ ਸਕਦਾ ਹੈ ਪਰ ਉਸ ਦੀ ਨਜ਼ਰ ਹਮੇਸ਼ਾਂ ਉਚੇਰੇ ਰਹਿੰਦੀ ਹੈ, ਜਿਸ ਕਰਕੇ ਉਹ ਡਿਗਦਾ ਢਹਿੰਦਾ ਉਠਦਾ, ਕਪੜੇ ਝਾੜਦਾ ਆਪਣੇ ਸਫਰ ਨੂੰ ਕਾਇਮ ਰਖਦਾ ਹੈ, ਆਪਣੀ ਖੋਜ ਜਾਰੀ ਰਖਦਾ ਹੈ।

**ਸਿੱਖ ਦਾ ਨਿਸ਼ਚਾ** – ਸਿੱਖ ਨੂੰ ਗੁਰੂ ਨਾਨਕ ਉਤੇ ਇਤਨਾ ਭਰੋਸਾ ਹੁੰਦਾ ਹੈ ਜਿਤਨਾ ਬੱਚੇ ਨੂੰ ਮਾਂ ਉਤੇ। ਉਸਨੂੰ ਯਕੀਨ ਹੁੰਦਾ ਹੈ ਕਿ ਗੁਰੂ ਨਾਨਕ ਜੀ ਦੀ ਉਂਗਲੀ ਫੜ ਕੇ ਉਹ ਇਸ ਦੁਨੀਆਂ ਦੇ ਮੇਲੇ ਵਿਚ, ਭੀੜ ਭਾੜ ਵਿਚ, ਰੌਲੇ ਗੌਲੇ ਵਿਚ ਕਦੀ ਗਵਾਚ ਨਹੀਂ ਸਕਦਾ। ਉਹ ਆਪਣੇ ਗੁਰਦੇਵ ਦੇ ਬਚਨਾਂ ਵਿਚ ਪੂਰਨ ਵਿਸ਼ਵਾਸ਼ ਰਖਦਾ ਹੈ, ਵਿਸ਼ਵਾਸ਼ ਨਾਲ ਕਦੇ ਨਹੀਂ ਰਲਾਉਂਦਾ। ਉਹ ਗੁਰੂ ਦੇ ਹਰ ਬਚਨ ਨੂੰ ਅਕਲਮੰਦ ਅਤੇ ਹੋਣਹਾਰ ਸ਼ਿਸ਼ ਦੀ ਤਰ੍ਹਾਂ ਪੂਰੇ ਤੌਰ ਤੇ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਜਦ ਤਕ ਸਮਝ ਠੀਕ ਨਾ ਹੋਵੇ, ਗਿਆਨ ਪ੍ਰਾਪਤ ਨਾ ਹੋਵੇ, ਇਨਸਾਨ ਦੇ ਕਰਮ ਠੀਕ ਤੌਰ ਤੇ ਦਰੁਸਤ ਨਹੀਂ ਹੋ ਸਕਦੇ। ਇਸ ਵਾਸਤੇ ਉਹ ਗੁਰੂ ਦੇ ਬਚਨਾਂ ਦੀ ਸੱਚਾਈ ਨੂੰ ਅਟੱਲ ਮੰਨਦਾ ਹੋਇਆ ਵੀ ਉਨ੍ਹਾਂ ਨੂੰ ਸਮਝਣ ਦੀ, ਵਰਤੋਂ ਵਿਚ ਲਿਆਉਣ ਦੀ ਅਜ਼ਮਾਇਸ਼ ਦੀ ਕਸੌਟੀ ਤੇ ਲਾ ਕੇ ਦੇਖਣ ਦੀ ਦਲੇਰੀ ਰਖਦਾ ਹੈ।

**ਸਿੱਖ ਦਾ ਸਫਰ** – ਸਿੱਖ ਨੂੰ ਇਹ ਵੀ ਪਤਾ ਹੁੰਦਾ ਹੈ ਕਿ ਜਿਸ ਚੀਜ਼ ਦੀ ਉਹ ਖੋਜ ਕਰਨੀ ਚਾਹੁੰਦਾ ਹੈ, ਉਹ ਦੁਨੀਆਂ ਦੀਆਂ ਸਭ ਖੋਜਾਂ ਤੋਂ ਮੁਸ਼ਕਲ ਖੋਜ ਹੈ, ਕਾਹਲੀ ਤੇ ਜਲਦਬਾਜ਼ੀ ਨਾਲ ਕੰਮ ਨਹੀਂ ਚਲਣਾ, ਇਸ ਲਈ ਉਸ ਦਾ ਸਬਰ ਪਹਾੜ ਵਰਗਾ ਦ੍ਰਿੜ੍ਹ ਤੇ ਗੰਭੀਰ ਹੁੰਦਾ ਹੈ। ਉਸ ਵਿਚ ਇੰਤਜ਼ਾਰ ਕਰਨ ਦੀ ਪੂਰਨ ਸ਼ਕਤੀ ਹੁੰਦੀ ਹੈ। ਉਹ ਜਿੱਥੇ ਆਪਣੇ ਗੁਰਦੇਵ ਦੇ ਬਚਨਾਂ ਨੂੰ ਨਹੀਂ ਸਮਝਦਾ ਉਥੇ ਠਹਿਰ ਜਾਂਦਾ ਹੈ। ਹੱਥ ਜੋੜ ਕੇ ਨਿਰਮਾਣ ਹੋ ਕੇ, ਹਾੜੇ ਪਾ ਕੇ, ਭੁਬਾਂ ਮਾਰ ਕੇ ਸਮਝਣ ਵਾਸਤੇ, ਰੌਸ਼ਨੀ ਵਾਸਤੇ ਰਹਿਨੁਮਾਈ ਵਾਸਤੇ ਪ੍ਰਾਰਥਨਾ ਕਰਦਾ ਹੈ ਅਤੇ ਸੰਤੋਖ ਨਾਲ ਆਪਣੀ ਪ੍ਰਾਰਥਨਾ ਦੇ ਅਸਰ ਜਾਂ ਫਲ ਦੀ ਉਡੀਕ ਕਰਦਾ ਹੈ। ਉਹ ਜਾਣਦਾ ਹੈ ਕਿ ਉਸ ਦੀ ਅਵਸਥਾ ਅਨੁਸਾਰ ਉਸ ਨੂੰ ਵਾਹਿਗੁਰੂ ਦੇ ਅਪਾਰ ਭੰਡਾਰ ਵਿਚੋਂ ਜ਼ਰੂਰ ਰੌਸ਼ਨੀ ਆਉਣੀ ਹੈ। ਵਾਹਿਗੁਰੂ ਦੇ ਘਰ ਵਿਚ ਕਿਸੇ ਗੱਲ ਦਾ ਘਾਟਾ ਨਹੀਂ ਪਰ ਹਰ ਇਕ ਪੁਰਸ਼ ਨੂੰ ਉਸ ਦੇ ਹਾਲਤ ਮੁਜਬ, ਸਿੱਖ ਸੱਚੇ ਆਸ਼ਕਾਂ ਵਾਂਗਰ ਇੰਤਜ਼ਾਰ ਦੀ ਤਾਕਤ ਰਖਦਾ ਹੈ ਹਾਫਿਜ਼ ਸ਼ੀਰਾਜ਼ੀ ਦੇ ਕਥਨ ਅਨੁਸਾਰ ਰੋਜ਼ੇ ਬਰਸੀ ਬਵੱਸਲ ਹਾਫਿਜ਼-ਗਰ ਤਾਕਤੇ ਇੰਤਜ਼ਾਰ ਦਾਰੀ ਉਹ ਜਾਣਦਾ ਹੈ ਕਿ ਉਸ ਨੇ ਮਾਨਸ ਤੋਂ ਦੇਵਤਾ ਬਣਨਾ ਹੈ ਅਤੇ ਇਨ੍ਹਾਂ ਦੋਹਾਂ ਹਾਲਤਾਂ ਵਿਚ ਜ਼ਮੀਨ ਆਸਮਾਨ ਦਾ ਜੋ ਫਾਸਲਾ ਹੈ, ਉਹ ਉਸ ਨੇ ਤੈਅ ਕਰਨਾ ਹੈ ਅਤੇ ਇਹ ਤਬਦੀਲੀ ਇਕ ਦੋ ਦਿਨਾਂ ਦਾ ਕੰਮ ਨਹੀਂ, ਇਹ ਜੀਵਨ ਭਰ ਵਿਚ ਵੀ ਸਿਰੇ ਚੜ੍ਹ ਜਾਵੇ ਤਾਂ ਖੁਸ਼ ਕਿਸਮਤੀ ਹੈ। ਇਸ ਵਾਸਤੇ ਉਹ ਧੀਰਜ ਤੇ ਭਰੋਸੇ ਨੂੰ ਆਪਣੇ ਸਫਰ ਦੇ ਪੱਕੇ ਸਾਥੀ ਬਣਾਈ ਰਖਦਾ ਹੈ।

**ਸਿੱਖ ਸੱਚਾ ਸਿਪਾਹੀ ਹੈ** – ਸਿੱਖ ਨਾ-ਕਾਮਯਾਬੀਆਂ ਤੋਂ ਘਬਰਾਉਂਦਾ ਨਹੀਂ, ਬਲਕਿ ਮੁਕਾਬਲਾ ਕਰਕੇ ਉਨ੍ਹਾਂ ਨੂੰ ਜਿੱਤਦਾ ਹੈ। ਖੰਡੇ ਦਾ ਅੰਮ੍ਰਿਤ ਉਸ ਨੂੰ ਸਹੀ ਅਰਥਾਂ ਵਿਚ ਪੂਰਾ ਸਿਪਾਹੀ ਬਣਾ ਦਿੰਦਾ ਹੈ। ਸ਼ਸਤਰ ਫੜ ਕੇ ਝੂਠ, ਜ਼ੁਲਮ, ਬੇ-ਇਨਸਾਫੀ ਨਾਲ ਲੜਨ ਦੀ ਵੀ ਸਮਰਥਾ ਰਖਦਾ ਹੈ ਅਤੇ ਆਪਣੇ ਮਨ

ਨਾਲ, ਮਨ ਦੀਆਂ ਕਮਜ਼ੋਰੀਆਂ ਤੋਂ ਪੈਦਾ ਹੋਈਆਂ ਅਨੇਕਾਂ ਮੁਸੀਬਤਾਂ ਨਾਲ ਵੀ ਅਠੋ ਪਹਿਰ ਜੁਟਿਆ ਰਹਿੰਦਾ ਹੈ। ਪਾਪ ਦੀਆਂ ਮੋਹਣੀਆਂ ਫੌਜਾਂ ਨੂੰ ਕੱਟਦਾ, ਟੁਕੜੇ-ਟੁਕੜੇ ਕਰਦਾ ਤੇ ਪੈਰਾਂ ਹੇਠ ਲਤਾੜਦਾ ਅੱਗੇ ਤੁਰੀ ਜਾਂਦਾ ਹੈ। ਸਿੱਖ ਦਾ ਮਨ ਰਣਭੂਮੀ ਹੁੰਦਾ ਹੈ, ਜਿਸ ਵਿਚ ਉਹ ਆਪਣੇ ਪੁਰਾਣੇ ਸਦੀਆਂ ਤੋਂ ਬਣੇ ਹੋਏ ਮਾਨਸੀ ਸੁਭਾਵ ਨਾਲ ਹਰ ਵੇਲੇ ਯੁੱਧ ਕਰਦਾ ਹੈ, ਹਰ ਵੇਲੇ ਖਟਾ-ਪਟੀ ਰਖਦਾ ਹੈ। ਸਿੱਖ ਵਾਸਤੇ ਨਿਡਰ ਹੋਣਾ, ਹਿੰਮਤੀ ਹੋਣਾ ਅਤੇ ਸੱਚ ਵਾਸਤੇ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋਣਾ ਜ਼ਰੂਰੀ ਹੈ। ਸੱਚ ਸਭ ਕੁਝ ਦੀ ਕੁਰਬਾਨੀ ਮੰਗਦਾ ਹੈ, ਕਿਉਂਕਿ ਜਿਥੇ ਸੱਚ ਹੋਵੇ ਉਥੇ ਹੋਰ ਕੁਝ ਰਹਿ ਹੀ ਨਹੀਂ ਸਕਦਾ।

**ਸਿੱਖ ਦਾ ਆਦਰਸ਼** - ਸਿੱਖ ਵਾਸਤੇ ਅੰਮ੍ਰਿਤ ਛੱਕਣਾ, ਰਹਿਤ ਰੱਖਣੀ, ਗੁਰਬਾਣੀ ਪੜ੍ਹਨੀ, ਕੀਰਤਨ ਕਰਨਾ-ਸੁਣਨਾ, ਸਭ ਕੁਝ ਜ਼ਰੂਰੀ ਹੈ, ਪਰ ਸਿੱਖ ਨੂੰ ਇਹ ਵੀ ਪਤਾ ਹੋਣਾ ਜ਼ਰੂਰੀ ਹੈ ਕਿ ਇਹ ਸਭ ਕੁਝ ਜ਼ਰੀਏ ਹਨ, ਮਕਸਦ ਨਹੀਂ, ਪੌੜੀਆਂ ਹਨ, ਛੱਤ ਨਹੀਂ, ਸਫਰ ਹੈ, ਮੰਜ਼ਲ ਨਹੀਂ। ਸਿੱਖ ਦੀ ਅਸਲੀ ਰੀਝ ਤੇ ਤ੍ਰਿਸ਼ਨਾ ਵਾਹਿਗੁਰੂ ਦੇ ਦਰਸ਼ਨ, ਵਾਹਿਗੁਰੂ ਦੀ ਸਮਝ, ਵਾਹਿਗੁਰੂ ਵਿਚ ਲੀਨਤਾ ਤੇ ਵਾਹਿਗੁਰੂ ਰੂਪ ਹੋ ਕੇ ਵਾਹਿਗੁਰੂ ਵਿਚ ਸਮਾ ਜਾਣਾ ਹੈ। ਜਿਸ ਪੁਰਸ਼ ਨੂੰ ਆਪਣੇ ਮਨੋਰਥ ਦਾ, ਮਕਸਦ ਦਾ, ਨਿਸ਼ਾਨੇ ਦਾ, ਸਾਫ ਤੌਰ ਤੇ ਪਤਾ ਹੋਵੇ, ਉਹ ਨਿਸ਼ਚੇ ਹੀ ਕਦੀ ਨਾ ਕਦੀ ਉਥੇ ਅੱਪੜ ਪੈਂਦਾ ਹੈ।

ਮੈਂ ਪਹਿਲੇ ਪਹਿਲ ਇਤਿਹਾਸ ਪੜ੍ਹਨਾ, ਸ਼ਹੀਦੀਆਂ ਸੁਣਨੀਆਂ, ਗੁਰਸਿੱਖੀ ਸਮਝਦਾ ਸਾਂ ਅਤੇ ਗੁਰਬਾਣੀ ਪੜ੍ਹਨ ਵਾਲੇ, ਨਾਮ ਅਭਿਆਸੀਆਂ ਨੂੰ ਮਖੌਲ ਕਰਦਾ ਹੁੰਦਾ ਸਾਂ। ਜਿਉਂ-ਜਿਉਂ ਮੈਨੂੰ ਰੂਹਾਨੀ ਹੋਸ਼ ਆਉਂਦੀ ਗਈ, ਮੈਂ ਇਤਿਹਾਸ ਨਾਲੋਂ ਵਧੇਰੇ ਰਸ ਗੁਰਬਾਣੀ ਵਿਚ ਮਾਨਣਾ ਸ਼ੁਰੂ ਕੀਤਾ। ਕੀਰਤਨ ਸੁਣਨ, ਪਾਠ ਕਰਨ, ਗੁਰਦੁਆਰੇ ਜਾ ਕੇ ਮੱਥਾ ਟੇਕਣ ਜਾਂ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੋਜ਼ਾਨਾ ਦਰਸ਼ਨ ਕਰਨ ਵਿਚ ਮੇਰੀ ਬੜੀ ਤਸੱਲੀ ਹੁੰਦੀ ਸੀ, ਪਰ ਮੇਰੀ ਪੂਰੀ ਤਸੱਲੀ ਏਥੇ ਵੀ ਨਾ ਹੋਈ। ਮੇਰੀ ਆਤਮਾ ਇਸ ਸਭ ਕੁਝ ਨੂੰ ਕਬੂਲ ਕਰਨ ਮਗਰੋਂ ਵੀ ਤ੍ਰਿਪਤ ਤੇ ਪ੍ਰਸੰਨ ਨਹੀਂ ਸੀ ਹੁੰਦੀ, ਭੁੱਖੀ ਹੀ ਰਹਿੰਦੀ ਸੀ। ਮੇਰੀ ਆਤਮਾ ਕੋਈ ਅਟੱਲ ਸੁਖ ਭਾਲਦੀ ਸੀ -

***ਆਦਿ ਮਧਿ ਜੋ ਅੰਤਿ ਨਿਬਾਹੈ ॥***
***ਸੋ ਸਾਜਨੁ ਮੇਰਾ ਮਨੁ ਚਾਹੈ ॥ ੧ ॥***
***ਹਰਿ ਕੀ ਪ੍ਰੀਤਿ ਸਦਾ ਸੰਗਿ ਚਾਲੈ ॥***
***ਦਇਆਲ ਪੁਰਖ ਪੂਰਨ ਪ੍ਰਤਿਪਾਲੈ ॥ ੧ ॥ ਰਹਾਉ ॥***
***ਬਿਨਸਤ ਨਾਹੀ ਛੋਡਿ ਨ ਜਾਇ ॥***
***ਜਹ ਪੇਖਾ ਤਹ ਰਹਿਆ ਸਮਾਇ ॥ ੨ ॥***
***ਸੁੰਦਰੁ ਸੁਘੜੁ ਚਤੁਰੁ ਜੀਅ ਦਾਤਾ ॥***
***ਭਾਈ ਪੂਤੁ ਪਿਤਾ ਪ੍ਰਭੁ ਮਾਤਾ ॥ ੩ ॥***
***ਜੀਵਨ ਪ੍ਰਾਨ ਅਧਾਰ ਮੇਰੀ ਰਾਸਿ ॥***
***ਪ੍ਰੀਤਿ ਲਾਈ ਕਰਿ ਰਿਦੈ ਨਿਵਾਸਿ ॥ ੪ ॥***
***ਮਾਇਆ ਸਿਲਕ ਕਾਟੀ ਗੋਪਾਲਿ ॥***
***ਕਰਿ ਅਪੁਨਾ ਲੀਨੋ ਨਦਰਿ ਨਿਹਾਲਿ ॥ ੫ ॥***
***ਸਿਮਰਿ ਸਿਮਰਿ ਕਾਟੇ ਸਭਿ ਰੋਗ ॥***
***ਚਰਣ ਧਿਆਨ ਸਰਬ ਸੁਖ ਭੋਗ ॥ ੬ ॥***
***ਪੂਰਨ ਪੁਰਖੁ ਨਵਤਨੁ ਨਿਤ ਬਾਲਾ ॥***
***ਹਰਿ ਅੰਤਰਿ ਬਾਹਰਿ ਸੰਗਿ ਰਖਵਾਲਾ ॥ ੭ ॥***
***ਕਹੁ ਨਾਨਕ ਹਰਿ ਹਰਿ ਪਦੁ ਚੀਨ ॥***
***ਸਰਬਸੁ ਨਾਮੁ ਭਗਤ ਕਉ ਦੀਨ ਅੰਗ - ੨੪੦***

ਮੈਂ ਫਿਰ ਗੁਰਬਾਣੀ ਦਾ ਪਾਠ ਕੁਝ ਹੋਰ ਤਰੀਕੇ ਅਨੁਸਾਰ ਕਰਨਾ ਸ਼ੁਰੂ ਕੀਤਾ ਪੰਜ ਸੱਤ ਗੁਰੂ ਗ੍ਰੰਥ ਸਾਹਿਬ ਦੇ ਪਾਠ ਪਿਆਰ ਨਾਲ ਸਮਝ ਸਮਝ ਕੇ ਕਰਨ ਦੇ ਬਾਅਦ ਮੈਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਵਿਸ਼ੇਸ਼ਤਾ ਨਾਲ ਦੱਸੀਆਂ ਹੋਈਆਂ ਦੋ ਚੀਜ਼ਾਂ ਲੱਭੀਆਂ ; ਇੱਕ ਵਾਹਿਗੁਰੂ, ਦੂਸਰੀ ਉਸ ਦੀ ਪ੍ਰਾਪਤੀ ਦਾ ਸਾਧਨ, 'ਨਾਮ'। ਮੈਂ ਇਹ ਨਹੀਂ ਕਹਿ ਸਕਦਾ ਕਿ ਇਹ ਕੋਈ ਆਸਾਨ ਕੰਮ ਜਾਂ ਸੌਖਾ ਰਸਤਾ ਸੀ, ਪਰ ਇਸ ਦੇ ਜ਼ਰੀਏ ਜੋ ਮੈਨੂੰ ਸ਼ਾਂਤੀ ਖੁਸ਼ੀ ਤੇ ਆਨੰਦ ਹਾਸਲ ਹੋਏ ਹਨ, ਉਨ੍ਹਾਂ ਦੇ ਮੁਕਾਬਲੇ ਵਿਚ ਆਪਣੀ ਸਾਰੀ ਮਿਹਨਤ, ਸਾਰੀ ਘਾਲ, ਸਾਰੀ ਕੋਸ਼ਿਸ਼ ਤੁਛ ਸਮਝਦਾ ਹਾਂ, ਮੈਨੂੰ ਕੌਡੀ ਬਦਲੇ ਲਾਲ ਮਿਲਿਆ ਹੈ। ਜਦ ਮੈਂ ਦੁਨੀਆਂ ਦੇ ਲੋਕਾਂ ਨੂੰ ਤੁਛ ਤੇ ਆਰਜ਼ੀ ਮਾਇਕ ਸੁੱਖਾਂ ਵਾਸਤੇ ਇਤਨੀ ਘਾਲਣਾ ਘਾਲਦੇ ਦੇਖਦਾ ਹਾਂ ਤਾਂ ਆਪਣੇ ਆਪ ਨੂੰ, ਉਨ੍ਹਾਂ ਦੇ ਮੁਕਾਬਲੇ ਵਿਚ ਤੁਛ ਕੋਸ਼ਿਸ਼ ਦੇ ਬਦਲੇ ਐਡੀ ਵਡਮੁਲੀ ਦਾਤ ਮਿਲਣ ਉਤੇ ਆਪਣੇ ਧੰਨਭਾਗ ਸਮਝਦਾ ਹਾਂ।

## ਗੁਰਬਾਣੀ

***ਗਉੜੀ ਮਹਲਾ ੫ ॥***
***ਗੁਰ ਕੈ ਬਚਨਿ ਮੋਹਿ ਪਰਮ ਗਤਿ ਪਾਈ ॥***
***ਗੁਰਿ ਪੂਰੈ ਮੇਰੀ ਪੈਜ ਰਖਾਈ ॥ ੧ ॥***
***ਗੁਰ ਕੈ ਬਚਨਿ ਧਿਆਇਓ ਮੋਹਿ ਨਾਉ ॥***
***ਗੁਰ ਪਰਸਾਦਿ ਮੋਹਿ ਮਿਲਿਆ ਥਾਉ ॥ ੧ ॥ ਰਹਾਉ ॥***
***ਗੁਰ ਕੈ ਬਚਨਿ ਸੁਣਿ ਰਸਨ ਵਖਾਣੀ ॥***
***ਗੁਰ ਕਿਰਪਾ ਤੇ ਅੰਮ੍ਰਿਤ ਮੇਰੀ ਬਾਣੀ ॥ ੨ ॥***
***ਗੁਰ ਕੈ ਬਚਨਿ ਮਿਟਿਆ ਮੇਰਾ ਆਪੁ ॥***
***ਗੁਰ ਕੀ ਦਇਆ ਤੇ ਮੇਰਾ ਵਡ ਪਰਤਾਪੁ ॥ ੩ ॥***
***ਗੁਰ ਕੈ ਬਚਨਿ ਮਿਟਿਆ ਮੇਰਾ ਭਰਮੁ ॥***
***ਗੁਰ ਕੈ ਬਚਨਿ ਪੇਖਿਓ ਸਭੁ ਬ੍ਰਹਮੁ ॥ ੪ ॥***
***ਗੁਰ ਕੈ ਬਚਨਿ ਕੀਨੋ ਰਾਜੁ ਜੋਗੁ ॥***
***ਗੁਰ ਕੈ ਸੰਗਿ ਤਰਿਆ ਸਭੁ ਲੋਗੁ ॥ ੫ ॥***
***ਗੁਰ ਕੈ ਬਚਨਿ ਮੇਰੇ ਕਾਰਜ ਸਿਧਿ ॥***
***ਗੁਰ ਕੈ ਬਚਨਿ ਪਾਇਆ ਨਾਉ ਨਿਧਿ ॥ ੬ ॥***
***ਜਿਨਿ ਜਿਨਿ ਕੀਨੀ ਮੇਰੇ ਗੁਰ ਕੀ ਆਸਾ ॥***
***ਤਿਸ ਕੀ ਕਟੀਐ ਜਮ ਕੀ ਫਾਸਾ ॥ ੭ ॥***
***ਗੁਰ ਕੈ ਬਚਨਿ ਜਾਗਿਆ ਮੇਰਾ ਕਰਮੁ ॥***
***ਨਾਨਕ ਗੁਰੁ ਭੇਟਿਆ ਪਾਰਬ੍ਰਹਮੁ ॥ ਅੰਗ - ੨੩੯***

**ਗੁਰਬਾਣੀ ਦਾ ਰੁਤਬਾ** - ਗੁਰੂ ਦੇ ਬਚਨ, ਸਿਖਸ਼ਾ, ਉਪਦੇਸ਼, ਗੁਰੂ ਹੁੰਦੇ ਹਨ, ਗੁਰੂ ਦਾ ਸਰੀਰ ਗੁਰੂ ਨਹੀਂ ਹੁੰਦਾ। ਗੁਰੂ ਦੇ ਸਰੀਰ ਦੀ ਉਚਤਾ, ਪਵਿਤਰਤਾ ਤੇ ਸਤਿਕਾਰ ਇਸ ਵਾਸਤੇ ਹੁੰਦਾ ਹੈ ਕਿ ਉਸ ਵਿਚੋਂ ਗੁਰੂ ਦੇ ਬਚਨ, ਉਪਦੇਸ਼ ਨਿਕਲਦੇ ਹਨ, ਜੋ ਮਾਨਸ ਤੋਂ ਦੇਵਤਾ ਬਣਾ ਦੇਣ ਦੀ ਸ਼ਕਤੀ ਰਖਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਸ੍ਰੀ ਗੁਰੂ ਨਾਨਕ ਸਾਹਿਬ ਅਤੇ ਹੋਰ ਗੁਰੂਆਂ ਭਗਤਾਂ ਦੇ ਬਚਨ ਉਪਦੇਸ਼ ਹਨ, ਉਨ੍ਹਾਂ ਦੀ ਆਤਮਾ ਦੇ ਦਰਸ਼ਨ ਹਨ, ਉਨ੍ਹਾਂ ਦੀ ਸਪਿਰਟ

ਹੈ, ਉਨ੍ਹਾਂ ਦਾ ਜੀਵਨ ਤਜਰਬਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂਆਂ ਦੀ ਦੇਹ ਤੋਂ ਕਿਸੇ ਹਾਲਤ ਵਿਚ ਘਟ ਸਤਿਕਾਰ ਯੋਗ ਨਹੀਂ।

***ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥***

***ਅੰਗ - ੯੮੨***

***ਸਤਿਗੁਰ ਬਚਨ ਬਚਨ ਹੈ ਸਤਿਗੁਰ***
***ਪਾਧਰੁ ਮੁਕਤਿ ਜਨਾਵੈਗੋ ॥ ਅੰਗ - ੧੩੦੯***

**ਗੁਰਬਾਣੀ ਦੀ ਮਹਿਮਾ** - ਬਚਨ ਕਹਿਣ ਵਾਲੇ ਦੇ ਮਨ ਦੀ ਜੋ ਅਵਸਥਾ ਹੋਵੇ, ਬਚਨ ਸੁਣਨ ਵਾਲੇ ਦੇ ਮਨ ਦੀ ਓਹੀ ਅਵਸਥਾ ਹੋ ਜਾਂਦੀ ਹੈ। ਜਿਸ ਅਵਸਥਾ ਤੋਂ ਬਚਨ ਨਿਕਲੇ, ਸੁਣਨ ਵਾਲੇ ਦੇ ਮਨ ਦੀ ਓਹੀ ਅਵਸਥਾ ਬਣ ਜਾਂਦੀ ਹੈ। ਬਚਨ ਇਕ ਤਾਕਤ ਹੈ, ਜਾਦੂ ਹੈ। ਗੁਰਬਾਣੀ ਕਿਉਂਕਿ ਗੁਰੂ ਸਾਹਿਬਾਨ ਦੇ ਮਨ ਦੀ ਉਸ ਉਚ ਦਸ਼ਾ ਵਿਚੋਂ ਉਤਪੰਨ ਹੁੰਦੀ ਹੈ, ਜਿਥੇ ਹਉਮੈ ਦਾ ਨਾਸ਼ ਤੇ ਬ੍ਰਹਮ ਦਾ ਪ੍ਰਕਾਸ਼ ਹੁੰਦਾ ਹੈ, ਜਿਥੇ ਇਨਸਾਨ ਖਤਮ ਤੇ ਰੱਬ ਹੀ ਰੱਬ ਰਹਿ ਜਾਂਦਾ ਹੈ, ਇਸ ਵਾਸਤੇ ਗੁਰਬਾਣੀ ਪੜ੍ਹਨ ਸੁਣਨ ਨਾਲ ਮਨ ਅਸਥੂਲ ਮੰਡਲਾਂ ਤੋਂ ਨਿਕਲ ਕੇ ਸੂਖਸ਼ਮ ਆਤਮਕ ਮੰਡਲਾਂ ਵਿਚ ਪਹੁੰਚ ਜਾਂਦਾ ਹੈ ਅਤੇ ਦਰਗਾਹ ਦੇ ਝਲਕਾਰੇ ਵੇਖਦਾ ਹੈ। ਇਹ ਗੱਲ ਸੋਲਾਂ ਆਨੇ ਸੱਚ ਹੈ -

***ਧੁਰ ਕੀ ਬਾਣੀ ਆਈ ॥***
***ਤਿਨਿ ਸਗਲੀ ਚਿੰਤ ਮਿਟਾਈ ॥***

***ਅੰਗ - ੬੨੮***

***ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ***
***ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥***

***ਅੰਗ - ੩੦੮***

ਜਿਸ ਨਿਰਵੈਰ ਤੇ ਨਿਰਭੈ ਅਸਥਾਨ ਬ੍ਰਹਮ ਤੋਂ ਗੁਰਬਾਣੀ ਪੈਦਾ ਹੋਈ ਹੈ, ਸੁਣਨ ਪੜ੍ਹਨ ਵਾਲੇ ਨੂੰ ਉਸੇ ਅਸਥਾਨ ਵਿਚ ਪਹੁੰਚਾ ਸਕਦੀ ਹੈ। ਇਹੀ ਵਜ੍ਹਾ ਹੈ ਕਿ ਗੁਰਬਾਣੀ ਨੂੰ ਮਨ ਟਿਕਾ ਕੇ ਪੜ੍ਹਿਆਂ ਸੁਣਿਆਂ ਮਨ ਸ਼ਾਂਤ, ਨਿਰਵੈਰ ਤੇ ਨਿਰਭੈ ਹੋ ਜਾਂਦਾ ਹੈ। (ਗੁਰਬਾਣੀ ਮਨ ਦੀਆਂ ਕੁਲ ਬੀਮਾਰੀਆਂ ਦਾ ਇਲਾਜ ਹੈ) -ਜਿਸ ਤਰ੍ਹਾਂ ਮੈਟੀਰੀਆ ਮੈਡੀਕਾ ਵਿਚ ਸਰੀਰ ਦੀਆਂ ਸਭ ਬੀਮਾਰੀਆਂ ਦਾ ਜ਼ਿਕਰ ਤੇਂ ਇਲਾਜ ਦਰਜ ਹੁੰਦਾ ਹੈ, ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਮਨ ਦੀਆਂ ਕੁੱਲ ਬੀਮਾਰੀਆਂ ਦਾ ਜ਼ਿਕਰ ਤੇ ਇਲਾਜ ਮੌਜੂਦ ਹੈ। ਇਸੇ ਸਬੱਬ ਕਰਕੇ ਮਨ ਦੀ ਹਰ ਬੀਮਾਰੀ ਦਾ ਰੋਗੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੋਂ ਸ਼ਾਂਤੀ ਹਾਸਲ ਕਰਦਾ ਹੈ।

**ਗੁਰਬਾਣੀ ਸਭ ਅਵਸਥਾਵਾਂ ਦੇ ਪੁਰਸ਼ਾਂ ਦੀ ਰਹਿਨੁਮਾ ਹੈ** - ਗੁਰਬਾਣੀ ਨੂੰ ਗੁਰੂ ਰੂਪ ਸਮਝ ਕੇ ਪੜ੍ਹਨ ਵਾਲਾ ਜਿਸ ਅਵਸਥਾ ਦਾ ਪੁਰਸ਼ ਹੋਵੇ, ਉਸਨੂੰ ਉਸੇ ਅਵਸਥਾ ਦੇ ਇਸ਼ਾਰੇ ਸਮਝ ਪੈਂਦੇ ਤੇ ਆਪਣੇ ਵਲ ਖਿਚਦੇ ਹਨ। ਜਿਉਂ-ਜਿਉਂ ਇਨਸਾਨ ਦੀ ਅਵਸਥਾ ਬਦਲਦੀ ਜਾਵੇ, ਗੁਰਬਾਣੀ ਦੇ ਸੱਚੇ ਉਸਤਾਦ ਵਾਂਗਰ ਰਹਿਨੁਮਾਈ ਵੀ ਬਦਲਦੀ ਜਾਂਦੀ ਹੈ, ਉਹੀ ਸ਼ਬਦ ਮਨ ਤੇ ਚੋਟ ਕਰਦੇ ਹਨ, ਪ੍ਰੇਰਦੇ ਹਨ, ਜਿਨ੍ਹਾਂ ਦੀ ਮਨ ਨੂੰ ਲੋੜ ਹੋਵੇ। ਇਸੇ ਕਰਕੇ ਗੁਰਬਾਣੀ ਦੇ ਜਿਤਨੇ ਪਾਠ ਕਰੀ ਜਾਵੇ, ਨਵੀਆਂ ਸਮਝਾਂ, ਨਵੇਂ ਅਰਥ, ਨਵੀਆਂ ਵਿਚਾਰਾਂ, ਪੈਦਾ ਹੁੰਦੀਆਂ ਹਨ। ਜਦ ਤਕ ਇਨਸਾਨ ਪੂਰਨ ਅਵਸਥਾ ਵਿਚ ਨਾ ਪਹੁੰਚ ਜਾਵੇ, ਗੁਰਬਾਣੀ ਰਾਹੀਂ ਉਸ ਦੀ ਇਸੇ ਤਰ੍ਹਾਂ ਰਹਿਨੁਮਾਈ ਹੁੰਦੀ ਚਲੀ ਜਾਂਦੀ ਹੈ।

**ਆਪਣੀ ਆਤਮਕ ਅਵਸਥਾ ਮਾਲੂਮ ਕਰਨੀ** - ਹਰ ਇਕ ਆਦਮੀ ਦੀ ਆਤਮਕ ਅਵਸਥਾ ਇਕੋ ਜਿਹੀ ਨਹੀਂ ਹੋ ਸਕਦੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਭ ਪ੍ਰਕਾਰ ਦੀ ਆਤਮਕ ਅਵਸਥਾ ਵਾਸਤੇ ਰਹਿਨੁਮਾਈ ਤੇ ਹਿਦਾਇਤਾਂ ਹਨ। ਆਮ ਗੁਰਸਿਖਾਂ ਨੂੰ ਦਿੱਕਤ ਇਹ ਪੇਸ਼ ਆਉਂਦੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕਿਸੇ ਕਿਸਮ ਦੇ ਗੁਰਵਾਕਾਂ ਨੂੰ ਆਪਣੀ ਆਪਣੀ ਅਵਸਥਾ ਦੇ ਅਨੁਕੂਲ ਅਤੇ ਆਪਣੀ ਆਤਮਕ ਉਨਤੀ ਲਈ ਜ਼ਰੂਰੀ ਸਮਝਣ? ਇਸ ਦਿੱਕਤ ਨੂੰ ਦੂਰ ਕਰਨ ਦਾ ਤਰੀਕਾ, ਜੋ ਮੈਂ ਸਫਲਤਾ ਨਾਲ ਵਰਤਿਆ, ਉਹ ਇਹ ਸੀ ਕਿ ਜਿਸ ਕਿਸਮ ਦੇ ਗੁਰਵਾਕਾਂ ਦੀ ਮੈਨੂੰ ਚੰਗੀ ਤਰ੍ਹਾਂ ਸਮਝ ਪੈਂਦੀ ਸੀ, ਜਿਹੜੇ ਗੁਰਵਾਕ ਮੈਂ ਬਹੁਤ ਪਸੰਦ ਕਰਦਾ ਸੀ, ਉਹ ਗੁਰਵਾਕ ਜਾਂ ਉਨ੍ਹਾਂ ਵਿੱਚ ਦੱਸੀਆਂ ਹਦਾਇਤਾਂ ਆਪਣੀ ਆਤਮਕ ਉਨਤੀ ਲਈ ਜ਼ਰੂਰੀ ਸਮਝਦਾ ਸੀ। ਕਈਆਂ ਨੂੰ ਵੈਰਾਗ ਦੇ ਸ਼ਬਦ, ਕਈਆਂ ਨੂੰ ਨਿਰਮਾਣਤਾ ਤੇ ਬੇਨਤੀ ਦੇ ਸ਼ਬਦ ਕਈਆਂ ਨੂੰ ਭਗਤੀ ਦੇ ਨਾਮ-ਕਮਾਈ ਵਾਲੇ ਸ਼ਬਦ ਅਤੇ ਕਈਆਂ ਨੂੰ ਗਿਆਨ ਦੇ ਸ਼ਬਦ ਚੰਗੇ ਲਗਦੇ ਹਨ ਜਾਂ ਇੱਕੋ ਆਦਮੀ ਨੂੰ ਆਪਣੀ ਖੋਜ ਦੇ ਦੌਰਾਨ ਵਿਚ ਕਦੀ ਵੈਰਾਗ ਵਾਲੇ, ਕਦੀ ਨਿਰਮਾਣਤਾ ਤੇ ਅਰਦਾਸਾਂ ਵਾਲੇ, ਕਦੀ ਭਗਤੀ ਜਾਂ ਸਿਮਰਨ ਕਮਾਈ ਵਾਲੇ ਅਤੇ ਕਦੀ ਗਿਆਨ ਦੇ ਸ਼ਬਦ ਚੰਗੇ ਲਗਦੇ ਹਨ ਤੇ ਵਿਸ਼ੇਸ਼ਤਾ ਨਾਲ ਦਿਲ ਤੇ ਅਸਰ ਕਰਦੇ ਹਨ। ਇਸ ਦਾ ਕਾਰਨ ਇਹ ਹੁੰਦਾ ਹੈ ਕਿ ਵੱਖੋ-ਵੱਖਰੀ ਆਤਮਕ ਅਵਸਥਾ ਨੂੰ ਵੱਖੋ-ਵੱਖਰੀ ਰਹਿਨੁਮਾਈ ਦੀ ਜ਼ਰੂਰਤ ਹੁੰਦੀ ਹੈ ਅਤੇ ਗੁਰਬਾਣੀ ਦੇ ਉਸੇ ਅਵਸਥਾ ਦੇ ਸ਼ਬਦ ਮਨ ਤੇ ਜ਼ਿਆਦਾ ਅਸਰ ਪਾਂਦੇ ਹਨ ਜਿਸ ਅਵਸਥਾ ਦਾ ਅਭਿਆਸੀ ਜਾਂ ਗੁਰਮੁਖ ਉਸ ਵੇਲੇ ਆਪ ਹੋਵੇ।

**ਗੁਰਬਾਣੀ ਵਿਚ ਸ੍ਵੈ-ਵਿਰੋਧੀ ਖਿਆਲ** - ਕਈ ਵਾਰੀ ਗੁਰਬਾਣੀ ਵਿਚ ਐਸੇ ਸ਼ਬਦ ਮਿਲਦੇ ਹਨ, ਜਿਨ੍ਹਾਂ ਦਾ ਮਤਲਬ ਜ਼ਾਹਿਰਾ ਤੌਰ ਤੇ ਇੱਕ ਦੂਜੇ ਦੇ ਉਲਟ ਮਾਲੂਮ ਹੁੰਦਾ ਹੈ, ਜਿਸ ਤਰ੍ਹਾਂ ਕਿਤੇ ਲਿਖਿਆ ਹੈ -

***ਸੁਣਿ ਸਖੀਏ ਮਿਲਿ ਉਦਮੁ ਕਰੇਹਾ***
***ਮਨਾਇ ਲੈਹਿ ਹਰਿ ਕੰਤੈ ॥*** ***ਅੰਗ - ੨੪੯***

ਅਤੇ ਕਿਤੇ ਲਿਖਿਆ ਹੈ -

***ਪ੍ਰਭ ਬਾਹ ਪਕਰਿ ਜਿਸੁ ਮਾਰਗਿ ਪਾਵਹੁ***
***ਸੋ ਤੁਧੁ ਜੰਤ ਮਿਲਾਸਿ ॥*** ***ਅੰਗ - ੧੩੦੪***

ਜਾਂ

***ਜਾਪ ਤਾਪ ਨੇਮ ਸੁਚਿ ਸੰਜਮ***
***ਨਾਹੀ ਇਨ ਬਿਧੇ ਛੁਟਕਾਰ ॥*** ***ਅੰਗ - ੧੩੦੧***

ਜ਼ਾਹਿਰਾ ਤੌਰ ਤੇ ਇਹ ਦੋਵੇਂ ਉਪਦੇਸ਼ ਸ੍ਵੈ-ਵਿਰੋਧੀ (self contradictory) ਜਾਪਦੇ ਹਨ। ਪਹਿਲੇ ਉਦਮ ਕਰਨ ਦੀ ਹਿਦਾਇਤ ਹੈ, ਕੋਸ਼ਿਸ਼ ਕਰਕੇ ਵਾਹਿਗੁਰੂ-ਕੰਤ ਨੂੰ ਮਨਾਣ ਦੀ ਪ੍ਰੇਰਨਾ ਹੈ। ਫੇਰ ਆਖਿਆ ਹੈ ਕੋਸ਼ਿਸ਼ ਨਾ, ਹੀਲਿਆਂ ਨਾਲ ਜਪ, ਤਪ, ਪਾਠ ਨਾਲ ਵਾਹਿਗੁਰੂ ਨਹੀਂ ਮਿਲਦਾ, ਰੱਬ ਨੂੰ ਉਹੀ ਮਿਲ

ਸਕਦਾ ਹੈ, ਜਿਸ ਤੇ ਉਹ ਆਪਣੀ ਮਿਹਰ ਕਰੇ, ਜਿਸ ਦਾ ਹੱਥ ਫੜ ਕੇ ਆਪਣੀ ਵਲ ਖਿੱਚੇ ਅਤੇ ਅੰਧ-ਕੂਲ ਤੋਂ ਕੱਢੇ। ਇਸ ਤਰ੍ਹਾਂ ਦੇ ਕਈ ਸ਼ਬਦ ਸ੍ਵੈ-ਵਿਰੋਧੀ (self contradictory) ਲਗਦੇ ਹਨ, ਪਰ ਦਰਅਸਲ ਇਹ ਇਕ ਦੂਸਰੇ ਦੇ ਉਲਟ ਨਹੀਂ, ਵੱਖੋ-ਵੱਖਰੀ ਅਵਸਥਾ ਦੇ ਇਨਸਾਨਾਂ ਵਾਸਤੇ ਵੱਖੋ-ਵੱਖਰੇ ਇਸ਼ਾਰੇ ਹਨ।

**ਉਦਮ ਤੇ ਹੁਕਮ** - ਬੰਦਗੀ ਹਮੇਸ਼ਾ ਉਦਮ, ਕੋਸ਼ਿਸ਼, ਯਤਨ ਨਾਲ ਸ਼ੁਰੂ ਹੁੰਦੀ ਹੈ, ਪਰ ਜਦ ਅਭਿਆਸ ਵਿਚ ਅਨੁਭਵ ਦੀ ਅੱਖ ਖੁਲ੍ਹਦੀ ਹੈ ਤਾਂ ਅਭਿਆਸੀ ਨੂੰ ਪਤਾ ਲਗਦਾ ਹੈ ਕਿ ਉਸ ਦੇ ਹਰ ਉਦਮ ਵਿਚ, ਹਰ ਯਤਨ ਵਿਚ ਅਕਾਲ ਪੁਰਖ ਦੀ ਇਛਿਆ ਸੀ, ਹੱਥ ਸੀ, ਮਦਦ ਸੀ। ਹਰ ਕਦਮ, ਹਰ ਫੁਰਨੇ ਦੇ ਮਗਰ ਰੱਬ ਦੀ ਮਰਜ਼ੀ ਤੇ ਉਸ ਦਾ ਹੁਕਮ ਸੀ। ਹਰ ਕਦਮ, ਹਰ ਫੁਰਨੇ ਦੇ ਮਗਰ ਰੱਬ ਦੀ ਮਰਜ਼ੀ ਤੇ ਉਸ ਦਾ ਹੁਕਮ ਸੀ। ਉਹ ਆਪਣੀ ਪਿਛਲੀ ਸਾਰੀ ਜ਼ਿੰਦਗੀ ਨੂੰ ਮੌਜੂਦਾ ਜ਼ਿੰਦਗੀ ਦੀ ਨੀਂਹ ਅਤੇ ਤਿਆਰੀ ਦੇਖਦਾ ਹੈ। ਉਸ ਦੇ ਖਿਆਲ ਵਿਚ ਬੜੀ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਉਹ ਸੰਸਾਰ ਦੀ ਹਰ ਘਟਨਾ ਨੂੰ ਜ਼ਿੰਦਗੀ ਦੇ ਹਰ ਪਹਿਲੂ ਨੂੰ ਨਵੇਂ ਦ੍ਰਿਸ਼ਟੀਕੋਣ ਨਾਲ ਵਿਚਾਰਨਾ ਸ਼ੁਰੂ ਕਰਦਾ ਹੈ। ਐਸਾ ਹੋਣਾ ਵੀ ਜ਼ਰੂਰੀ ਚਾਹੀਦਾ ਹੈ। ਇਕ ਮਾਮੂਲੀ ਇਨਸਾਨ ਤੋਂ ਦੇਵਤਾ ਕੇਵਲ ਖਿਆਲਾਂ ਦੀ ਤਬਦੀਲੀ ਨਾਲ ਹੀ ਬਣ ਸਕਦਾ ਹੈ। ਇਕ ਮਹਾਤਮਾ ਅਤੇ ਇਕ ਮੂੜ੍ਹ ਆਦਮੀ ਵਿਚ ਕੇਵਲ ਖਿਆਲਾਂ ਦਾ ਹੀ ਫਰਕ ਪੈਂਦਾ ਹੈ।

ਗੁਰਬਾਣੀ ਦੀ ਸਮਝ ਵਾਸਤੇ 'ਸਬਰ' ਅਤੇ 'ਕੋਸ਼ਿਸ਼' ਜ਼ਰੂਰੀ ਹਨ - ਖੋਜੀ ਨੂੰ, ਗੁਰਸਿੱਖ ਨੂੰ, ਜਿਥੇ ਗੁਰਬਾਣੀ ਦੀ ਸਮਝ ਨਾ ਆਵੇ, ਉਥੇ ਘਬਰਾ ਕੇ ਖੋਜ ਛੱਡ ਨਹੀਂ ਦੇਣੀ ਚਾਹੀਦੀ, ਬਲਕਿ ਨਿਰਮਾਣ ਹੋ ਕੇ ਸਮਝ ਵਾਸਤੇ ਪ੍ਰਾਰਥਨਾ ਕਰਨੀ ਚਾਹੀਦੀ ਹੈ। ਸਬਰ ਤੇ ਸੰਤੋਖ ਦਾ ਜਿੱਡਾ ਮੁੱਲ ਆਤਮਕ ਖੋਜ ਵਿੱਚ ਮਿਲਦਾ ਹੈ, ਦੁਨੀਆਂ ਦੀਆਂ ਹੋਰ ਖੋਜਾਂ ਵਿਚ ਨਹੀਂ ਮਿਲਦਾ। ਸੱਚੇ ਖੋਜੀ ਦੀ ਧੁਨ ਉਰਫੀ ਕਵੀ ਦੇ ਕਥਨ ਅਨੁਸਾਰ ਹੋਣੀ ਚਾਹੀਦੀ ਹੈ-

***ਉਰਫੀ ਅਗਰ ਬਗਿਰਯਾ ਮੁਯੱਸਰ ਸ਼ੁਦੇ ਵਸਾਲ।***
***ਸਦ ਸਾਲ ਮੇ ਤਵਾਂ ਬ ਤਮੱਨਾ ਗਰੀਸਤਨ।***

ਸਬਰ ਇੱਕ ਤਾਕਤ ਹੈ, ਹੜ੍ਹ ਦਾ ਵੇਗ ਹੈ, ਜਿਸ ਨੂੰ ਕੋਈ ਔਕੜ ਰੋਕ ਨਹੀਂ ਸਕਦੀ। ਸਬਰ ਸੰਤੋਖ ਨਾਲ ਉਡੀਕਿਆਂ ਅਤੇ ਖੋਜ ਦੀ ਧੁਨ ਕਾਇਮ ਰੱਖਿਆਂ, ਗੁਰੂ ਗੁਰਬਾਣੀ ਵਿਚੋਂ ਹਰ ਸੱਚੇ ਸ਼ੰਕੇ ਦੀ ਨਵਿਰਤੀ ਹੁੰਦੀ ਹੈ।

**ਗੁਰਬਾਣੀ ਸਰਬ ਇੱਛਾ ਪੂਰਕ ਹੈ** - ਗੁਰਬਾਣੀ ਵਿਦਵਾਨਾਂ ਨੂੰ ਵਿਦਿਆ ਦਾ ਸਾਗਰ, ਗਿਆਨੀਆਂ ਨੂੰ ਗਿਆਨ ਦਾ ਭੰਡਾਰ, ਭਗਤ ਨੂੰ ਭਗਤੀ ਦਾ ਖਜ਼ਾਨਾ ਅਤੇ ਦੁਨੀਆਂ ਦੇ ਦੀਂਵਾਨੇ ਨੂੰ ਸ਼ਾਂਤੀ ਦਾ ਚਸ਼ਮਾ ਭਾਸਦੀ ਹੈ। ਤਿਆਗੀ ਸੰਨਿਆਸੀ ਮਹਾਤਮਾ ਜੰਗਲਾਂ ਵਿਚ, ਰਾਜੇ ਮਹਾਰਾਜੇ ਤਖਤਾਂ ਤੇ, ਦੁਨੀਆਂਦਾਰ ਦੁਨਿਆਵੀ ਖੇਡਾਂ ਖੇਡਦੇ ਹਰ ਕਿਸਮ ਦੇ, ਹਰ ਉਮਰ ਦੇ, ਹਰ ਆਤਮਕ ਅਵਸਥਾ ਦੇ ਲੋਕ ਬਲਕਿ ਚੋਰ, ਯਾਰ, ਡਾਕੂ, ਠੱਗ ਸਭ ਗੁਰਬਾਣੀ ਅੱਗੇ ਸਿਰ ਝੁਕਾਂਦੇ ਅਤੇ ਆਪਣੀ ਹਾਲਤ ਮੁਜਬ ਇਸ ਤੋਂ ਤਸੱਲੀ ਹਾਸਲ ਕਰਦੇ ਦੇਖੇ ਜਾਂਦੇ ਹਨ। ਗੁਰਬਾਣੀ ਦੀ ਮਹਿਮਾ ਇਸ ਲਈ ਅਪਰ-ਅਪਾਰ ਹੈ, ਕਿਉਂਕਿ ਇਸ ਦੀ ਉਤਪਤੀ ਦਾ ਸੋਮਾ ਅਪਰ-ਅਪਾਰ ਹੈ। ਇਹ ਸੱਚ ਤੋਂ ਨਿਕਲੀ ਹੈ, ਸੱਚ ਦਾ ਰੂਪ ਹੈ ਅਤੇ ਆਪਣੀ ਛੁਹ ਨਾਲ ਇਨਸਾਨ ਨੂੰ ਸੱਚ ਵਲ ਪ੍ਰੇਰਦੀ ਤੇ ਸੱਚ ਦਾ ਰੂਪ ਬਣਾਂਦੀ ਹੈ।

**ਗੁਰਬਾਣੀ ਦੇ ਦੁਨਿਆਵੀ ਤੇ ਆਤਮਕ ਲਾਭ** - ਗੁਰਬਾਣੀ ਆਰਜ਼ੀ ਤੌਰ ਤੇ ਵੀ ਅਤੇ ਪੱਕੇ ਤੌਰ ਤੇ ਵੀ ਸ਼ਾਂਤੀ ਦਿਵਾਂਦੀ ਹੈ, ਇਨਸਾਨ ਨੂੰ ਦੁਨੀਆਂਦਾਰੀ ਦੀਆਂ ਰੋਜ਼ਾਨਾ ਔਕੜਾਂ ਸਾਫ ਕਰਨ ਵਿਚ ਮਦਦ ਦਿੰਦੀ ਹੈ, ਹੌਂਸਲਾ ਵਧਾਉਂਦੀ ਤੇ ਪਿੱਠ ਠੋਕਦੀ ਹੈ ਉਤੇ ਨਾਲੋਂ ਨਾਲ ਦੁਨੀਆਂ ਦੇ ਝੂਠੇ ਤੇ ਆਰਜ਼ੀ ਸੁਖਾਂ ਵਲੋਂ ਉਪਰਾਮ ਕਰਕੇ ਉਸ ਦੇ ਸਾਮ੍ਹਣੇ ਆਤਮਕ ਖਜ਼ਾਨੇ ਖੋਲ੍ਹਦੀ, ਪਾਤਸ਼ਾਹਾਂ ਦੇ ਪਾਤਸ਼ਾਹ ਅਕਾਲ ਪੁਰਖ ਨਾਲ ਜਾਣ-ਪਛਾਣ ਕਰਾਂਦੀ ਤੇ ਆਤਮਕ ਮੰਡਲਾਂ ਵਿਚ ਰਹਿਣ ਦੇ ਯੋਗ ਬਣਾਂਦੀ ਹੈ।

ਨਾ ਪੜ੍ਹਨ ਨਾਲੋਂ ਗੁਰਬਾਣੀ ਬਗੈਰ ਸਮਝੇ ਪੜ੍ਹਨ ਵਿਚ ਵੀ ਆਤਮਕ ਲਾਭ ਹੈ, ਪਰ ਜੋ ਫਲ ਅਤੇ ਫਾਇਦਾ ਗੁਰਬਾਣੀ ਨੂੰ ਸਮਝ ਕੇ ਪੜ੍ਹਨ ਅਤੇ ਉਸ ਤੇ ਵਿਚਾਰ ਕਰਨ ਨਾਲ ਨਿਕਲਦਾ ਹੈ, ਉਸ ਦੀ ਉਪਮਾ ਕਥਨ ਤੋਂ ਬਾਹਰ ਹੈ। ਗੁਰਬਾਣੀ ਪੜ੍ਹਨ ਦਾ ਅਸਲ ਮਤਲਬ ਹੀ ਏਹੀ ਹੈ।

**ਗੁਰਬਾਣੀ ਪੜ੍ਹਨ ਵੇਲੇ ਮਨ ਦੀ ਹਾਲਤ** - ਗੁਰਬਾਣੀ ਪੜ੍ਹਨ ਵੇਲੇ ਮਨ ਬੱਚੇ ਵਾਂਗ ਨਿਰਛਲ, ਸਾਫ, ਸਿਦਕੀ ਤੇ ਪਿਆਰ ਭਰਿਆ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪਿਤਾ ਸਮਾਨ ਸਮਝ ਕੇ ਉਸ ਤੋਂ ਕੋਈ ਉਪਦੇਸ਼ ਹਾਸਲ ਕਰਨ ਦੀ ਇਛਿਆ ਨਾਲ ਉਸ ਦੀ ਸ਼ਰਨ ਵਿੱਚ ਆਉਣਾ ਚਾਹੀਦਾ ਹੈ। ਅਦਬ ਨਾਲ ਬੈਠਣਾ ਤੇ ਪ੍ਰੇਮ ਨਾਲ ਪਾਠ ਕਰਨਾ ਚਾਹੀਦਾ ਹੈ, (ਐਸਾ ਕਰਨਾ ਬੁਤ-ਪ੍ਰਸਤੀ ਨਹੀਂ) ਜਦ ਤਕ ਦਿਲ ਲੱਗੇ, ਪਾਠ ਕਰਨਾ ਚਾਹੀਦਾ ਹੈ, ਭਾਵੇਂ ਇਕ ਪੰਨੇ ਦਾ, ਭਾਵੇਂ ਜ਼ਿਆਦਾ। ਪਾਠ ਕਰਨ ਵੇਲੇ ਆਪਣੇ ਆਪ ਨੂੰ ਕਿਸੇ ਪੂਰਨ ਹਸਤੀ ਦੀ ਹਜ਼ੂਰੀ ਵਿਚ ਬੈਠਿਆਂ ਮਹਿਸੂਸ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆਂ ਬੈਠਿਆਂ ਮੈਨੂੰ ਅਤੀ ਮੁਸ਼ਕਲਾਂ ਦੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਗ੍ਹਾ ਸਾਖਸ਼ਾਤ ਗੁਰੂ ਅਰਜਨ ਦੇਵ ਜੀ ਬੈਠੇ ਭਾਸਦੇ ਹੁੰਦੇ ਸਨ। ਭਾਵੇਂ ਇਹ ਅਵਸਥਾ ਮੇਰੀ ਬਿਹਬਲਤਾ ਜਾਂ ਮੇਰੇ ਵਿਸ਼ਵਾਸ਼ ਦਾ ਹੀ ਨਤੀਜਾ ਕਿਉਂ ਨਾ ਹੋਵੇ, ਪਰ ਫਿਰ ਵੀ ਇਸ ਵਿਚ ਬੜਾ ਸਵਾਦ ਸੀ। ਇੰਂਵ ਮਾਣੇ ਹੋਏ ਅਨੰਦ ਦੀ ਝਲਕ ਸੁਫਨੇ ਵਿਚ ਭੋਗੇ ਰਾਜ ਦੀ ਤਰ੍ਹਾਂ ਰਹਿ ਰਹਿ ਕੇ ਯਾਦ ਆਉਂਦੀ ਰਹੀ ਹੈ। ਪਿਆਸੇ ਮ੍ਰਿਗ ਨੂੰ ਦੂਰ ਤੋਂ ਚਮਕਦੀ ਰੇਤ, ਪਾਣੀ ਦੀ ਝੀਲ ਠਾਠਾਂ ਮਾਰਦੀ ਦਿਖਾਈ ਦਿੰਦੀ ਹੈ, ਉਸ ਦਾ ਮਨ ਖਿੜਦਾ ਹੈ, ਵਿਗਸਦਾ ਹੈ। ਭਾਵੇਂ ਉਹ ਦ੍ਰਿਸ਼ ਉਸ ਦਾ ਭੁਲੇਖਾ ਜਾਂ ਮਨ ਦਾ ਸੰਕਲਪ ਹੀ ਕਿਉਂ ਨਾ ਹੋਵੇ, ਉਸ ਦੀ ਉਸ ਘੜੀ ਵਾਸਤੇ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ। ਉਸ ਦੇ ਛਾਲਾਂ ਮਾਰਨ, ਉਸ ਦੀ ਦੌੜ ਕੇ ਪਾਣੀ ਵਲ ਝੁਕਣ ਤੋਂ ਉਸ ਦੇ ਮਨ ਦੀ ਖੁਸ਼ੀ-ਭਰਪੂਰ ਹਾਲਤ ਜ਼ਾਹਿਰ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ, ਅਭਿਆਸੀ ਦਾ, ਆਦਰਸ਼ ਹਮੇਸ਼ਾ ਉਚੇਰਾ ਹੁੰਦਾ ਚਲਾ ਜਾਂਦਾ ਹੈ, ਪਰ ਮੰਜ਼ਿਲ ਅੱਗੇ ਤੋਂ ਅੱਗੇ ਲੰਮੇਰੀ ਹੁੰਦੀ ਜਾਂਦੀ ਹੈ, ਪਰ ਰਸਤੇ ਵਿਚ ਥਕਾਨ ਤੇ ਬਿਹਬਲਤਾ ਦੇ ਸਮੇਂ ਕਿਤੇ ਕਿਤੇ ਠੰਡੀਆਂ ਛਾਵਾਂ ਵਿਚ ਬੈਠ ਕੇ ਲੀਤਾ ਆਰਾਮ ਭੀ ਭੁਲਦਾ ਨਹੀਂ।

**ਮਨ ਉਤੇ ਗੁਰਬਾਣੀ ਦਾ ਅਸਰ** - ਆਪਣੇ ਮਨ ਨੂੰ ਗੁਰਬਾਣੀ ਦੇ ਮਗਰ ਚਲਾਣਾ ਚਾਹੀਦਾ ਹੈ, ਗੁਰਬਾਣੀ ਦੀ ਰੰਗਣ

ਮਨ ਉਤੇ ਚੜ੍ਹਨ ਦੇਣੀ ਚਾਹੀਦੀ ਹੈ। ਮਨ ਵਿਚੋਂ ਆਪਣੀਆਂ ਸਭ ਵਿਚਾਰਾਂ ਰਾਵਾਂ, ਖਿਆਲ ਕੱਢ ਕੇ ਮਨ ਨੂੰ ਸ਼ੁੱਧ ਤੇ ਸਾਫ ਕਰਕੇ ਗੁਰਬਾਣੀ ਦੇ ਖਿਆਲਾਂ ਨੂੰ ਮਨ ਉਤੇ ਅਸਰ ਕਰਨ ਦੇਣਾ ਚਾਹੀਦਾ ਹੈ। ਗੁਰ ਸ਼ਬਦ ਦੀ ਚੋਟ ਮਨ ਤੇ ਲਗਣ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦਿਲ ਤੇ ਦਿਮਾਗ ਸਾਫ ਕਰਕੇ ਪਾਠ ਕੀਤਿਆਂ ਗੁਰਮਤਿ ਦੀ ਰੰਗਣ ਮਨ ਤੇ ਛੇਤੀ ਚੜ੍ਹਦੀ ਹੈ। ਆਤਮਕ ਤਰੱਕੀ ਦੀ ਰਫਤਾਰ ਤੇਜ਼ ਰਹਿੰਦੀ ਹੈ। ਗੁਰਬਾਣੀ ਦਾ ਨੁਕਤਾ-ਨਿਗਾਹ ਛੇਤੀ ਸਮਝ ਵਿਚ ਆਉਂਦਾ ਹੈ। ਇਸ ਤਰ੍ਹਾਂ ਗੁਰਬਾਣੀ ਪੜ੍ਹਨ ਵਾਲਾ ਗੁਰਬਾਣੀ ਦੀਆਂ ਅੱਖਾਂ ਵਿਚੋਂ ਸੰਸਾਰ ਦੀ ਖੇਡ ਨੂੰ ਦੇਖਣ ਲਗ ਜਾਂਦਾ ਹੈ, ਹਰ ਚੀਜ਼ ਉਸਨੂੰ ਆਪਣੀ ਅਸਲ ਹਾਲਤ ਵਿਚ ਦਿੱਸਣ ਲਗ ਪੈਂਦੀ ਹੈ।

**ਗੁਰਬਾਣੀ ਦੀ ਜ਼ਾਹਿਰਾ ਜ਼ਹੂਰ ਕਲਾ –** ਉਪਰ ਲਿਖੇ ਤਰੀਕਿਆਂ ਅਨੁਸਾਰ ਪਾਠ ਕੀਤਿਆਂ ਸ੍ਰੀ ਗੁਰੂ ਗ੍ਰੰਥ ਜੀ ਦੀ ਇਸ ਮਾਦਾ ਪ੍ਰਸਤੀ ਦੇ ਜ਼ਮਾਨੇ (Materual age) ਵਿਚ ਜ਼ਾਹਿਰਾ ਜ਼ਹੂਰ ਕਲਾ ਦੇਖੀ ਜਾ ਸਕਦੀ ਹੈ। ਸੱਚੇ ਖੋਜੀ ਨੂੰ ਸਭ ਦੀ ਭਾਲ ਵਿਚ ਭਰਮ ਪੈਦਾ ਹੋਣੇ ਜ਼ਰੂਰੀ ਹਨ, ਇਹ ਕੋਈ ਮਾੜੀ ਜਾਂ ਸ਼ਰਮ ਦੀ ਗੱਲ ਨਹੀਂ, ਬਲਕਿ ਕੁਦਰਤੀ ਅਤੇ ਕਈ ਹਾਲਤਾਂ ਵਿਚ ਜ਼ਰੂਰੀ ਹੈ, ਪਰ ਸੱਚੇ ਦਿਲ ਨਾਲ ਗੁਰਬਾਣੀ ਦੀ ਸ਼ਰਨ ਪਕੜਿਆਂ ਹਰ ਜਾਇਜ਼ ਤੇ ਜ਼ਰੂਰੀ ਸਵਾਲ ਦਾ ਜਵਾਬ ਅਤੇ ਸ਼ੰਕਿਆਂ ਦੀ ਨਵਿਰਤੀ ਗੁਰਬਾਣੀ ਵਿਚੋਂ ਹੀ ਹੁੰਦੀ ਰਹਿੰਦੀ ਹੈ। ਗੁਰਬਾਣੀ ਦਾ ਨਿਸ਼ਚੇ ਨਾਲ ਪੱਲਾ ਫੜਿਆਂ ਸਿੱਖ ਆਤਮਕ ਮਾਰਗ ਵਿਚ ਦਿਨ ਦੂਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਹੋਇਆ ਆਪਣੀ ਯਾਤਰਾ ਨੂੰ ਸਫਲ ਬਣਾਂਦਾ ਹੈ।

***ਸਤਿਗੁਰ ਬਚਨ ਬਚਨ ਹੈ***
***ਸਤਿਗੁਰ ਪਾਧਰੁ ਮੁਕਤਿ ਜਨਾਵੈਗੋ ॥***

***ਅੰਗ – ੧੩੦੯***

## ਸੰਗਤ

**ਇਨਸਾਨ ਦਾ ਸੁਭਾਉ** – ਇਨਸਾਨ ਦਾ ਸੁਭਾਉ ਹੈ ਕਿ ਉਹ ਜਿਸ ਸੁਸਾਇਟੀ ਜਾਂ ਸੰਗਤ ਵਿਚ ਬੈਠੇ, ਉਹੋ ਜੇਹਾ ਹੀ ਹੋ ਜਾਂਦਾ ਹੈ। ਆਲੇ-ਦੁਆਲੇ ਦਾ, ਆਬੋ ਹਵਾ ਦਾ, ਵਿਦਿਆ ਦਾ, ਇਨਸਾਨ ਦੀ ਬਨਾਵਟ ਉਤੇ ਬੜਾ ਅਸਰ ਪੈਂਦਾ ਹੈ। ਇਸੇ ਵਾਸਤੇ ਕਿਹਾ ਗਿਆ ਹੈ Man is the result of his enviornments. ਇਨਸਾਨ ਜੋ ਵੀ ਹੈ, ਆਪਣੇ ਆਲੇ-ਦੁਆਲੇ ਦੇ ਹਾਲਾਤ ਦਾ ਨਤੀਜਾ ਹੈ। ਚੋਰਾਂ, ਡਾਕੂਆਂ, ਵਿਸ਼ਈਆਂ, ਬਦਮਾਸ਼ਾਂ ਦੀ ਸੰਗਤ ਵਿਚ ਰਹਿਣ ਵਾਲੇ ਪੁਰਸ਼ ਚੋਰ, ਡਾਕੂ, ਵਿਸ਼ਈ ਤੇ ਬਦਮਾਸ਼ ਬਣ ਜਾਣਗੇ। ਵਿਦਵਾਨਾਂ, ਸੂਰਮਿਆਂ ਤੇ ਦਾਤਿਆਂ ਦੇ ਨਾਲ ਰਹਿਣ ਵਾਲੇ ਵਿਦਵਾਨ, ਸੂਰਮੇ ਤੇ ਦਾਤਾ ਬਣ ਜਾਂਦੇ ਹਨ। ਇਸੇ ਤਰ੍ਹਾਂ ਮਹਾਤਮਾ ਦਾ ਸੰਗ ਕਰਨ ਵਾਲੇ ਭਜਨੀਕ, ਬੰਦਗੀ ਕਰਨ ਵਾਲੇ ਮਹਾਂਪੁਰਸ਼ ਹੋ ਜਾਂਦੇ ਹਨ। ਸੰਗਤ ਵਿਚ ਮਹਾਨ ਤਾਕਤ ਹੈ, ਪਰ ਹਰ ਤਾਕਤ ਦੀ ਤਰ੍ਹਾਂ ਉਹ ਵੀ ਚੰਗੇ ਜਾਂ ਮਾੜੇ ਪਾਸੇ ਵਰਤੀ ਜਾ ਸਕਦੀ ਹੈ। ਇਨਸਾਨ ਦੇ ਢਾਲਣ ਵਿਚ ਸੰਗਤ ਦਾ ਅਸਰ ਬੜਾ ਜ਼ਰੂਰੀ ਹਿੱਸਾ ਲੈਂਦਾ ਹੈ, ਇਸ ਕਰਕੇ ਬੁਰੀ ਸੰਗਤ ਤੋਂ ਬਚਣਾ ਤੇ ਚੰਗੀ ਸੰਗਤ ਦੀ ਤਲਾਸ਼ ਵਿਚ ਰਹਿਣਾ ਆਤਮ ਮਾਰਗ ਦੇ ਪਾਂਧੀ ਲਈ ਬੜਾ ਜ਼ਰੂਰੀ ਹੈ।

ਉਤਮ ਸੰਗਤ ਤਿੰਨ ਤਰੀਕਿਆਂ ਵਿਚ ਹੋ ਸਕਦੀ ਹੈ –

੧. ਉਤਮ ਪੁਸਤਕਾਂ ਦੀ ਸੰਗਤ।

੨. ਉੱਤਮ ਪੁਰਸ਼ਾਂ ਦੀ ਸੰਗਤ।

੩. ਆਤਮਾ, ਪ੍ਰਮਾਤਮਾ (ਪਰਮ-ਆਤਮਾ) ਦੀ ਸੰਗਤ।

ਇਹ ਗੱਲ ਸ਼ੁਰੂ ਤੋਂ ਯਾਦ ਰਖਣੀ ਚਾਹੀਦੀ ਹੈ ਕਿ ਉਤਮ ਕਿਤਾਬਾਂ ਤੇ ਉਤਮ ਪੁਰਸ਼ਾਂ ਦੀ ਸੰਗਤ, ਆਤਮਾ, ਪ੍ਰਮਾਤਮਾ ਦੀ ਸੰਗਤ ਦਾ ਜ਼ਰੀਆਂ ਜਾਂ ਤਿਆਰੀ ਹੁੰਦੀ ਹੈ। ਹਰ ਇਕ ਖੋਜੀ ਦਾ, ਗੁਰਸਿੱਖ ਦਾ, ਅਖੀਰੀ ਨਿਸ਼ਾਨਾ ਅਕਾਲ ਪੁਰਖ ਦੀ ਸੰਗਤ ਹੋਣਾ ਚਾਹੀਦਾ ਹੈ।

**ਪੁਸਤਕਾਂ ਦੀ ਸੰਗਤ –** ਛਪਾਈ ਵਿਚ ਸਹੂਲਤਾਂ ਹੋ ਜਾਣ ਕਰਕੇ ਵਿਚਾਰ, ਇਖਲਾਕ, ਆਚਰਨ ਤੇ ਜੀਵਨ ਨੂੰ ਉਚਿਆਂ ਕਰਨ ਵਾਲੀਆਂ ਪੁਸਤਕਾਂ ਅੱਜਕੱਲ੍ਹ ਆਮ ਮਿਲ ਸਕਦੀਆਂ ਹਨ। ਆਪਣੀ ਅਵਸਥਾ ਅਨੁਸਾਰ ਚੰਗੀਆਂ ਪੁਸਤਕਾਂ ਭਾਲ ਕੇ ਪੜ੍ਹਨੀਆਂ ਚਾਹੀਦੀਆਂ ਹਨ। ਆਤਮਕ ਤਰੱਕੀ ਵਾਸਤੇ ਇਹ ਤਰੀਕਾ ਬੜਾ ਲਾਭਦਾਇਕ ਹੈ। ਪੁਸਤਕਾਂ ਦੀ ਚੋਣ ਬੜੇ ਖਿਆਲ ਨਾਲ ਕਰਨੀ ਚਾਹੀਦੀ ਹੈ। ਚੰਗੀਆਂ ਪੁਸਤਕਾਂ ਲਾਭ ਤੇ ਮਾੜੀਆਂ ਪੁਸਤਕਾਂ ਨੁਕਸਾਨ ਪੁਚਾ ਸਕਦੀਆਂ ਹਨ। ਇਕ ਅੰਮ੍ਰਿਤ ਅਤੇ ਦੂਸਰੀਆਂ ਜ਼ਹਿਰ ਸਾਬਤ ਹੋ ਸਕਦੀਆਂ ਹਨ।

ਪੁਸਤਕਾਂ ਪੜ੍ਹਨ ਦਾ ਰਿਵਾਜ ਸਾਡੇ ਦੇਸ਼ ਵਿਚ ਬਹੁਤ ਘੱਟ ਹੈ, ਇਸ ਕਰਕੇ ਸਾਡੇ ਦਿਮਾਗ ਆਮ ਤੌਰ ਤੇ ਬੰਦ ਅਤੇ ਵਿਚਾਰਹੀਨ ਰਹਿੰਦੇ ਹਨ। ਖੁਦ ਸੋਚਣ ਦਾ ਮਾਦਾ ਸਾਡੇ ਵਿਚ ਪੈਦਾ ਨਹੀਂ ਹੁੰਦਾ। ਚੰਗੀਆਂ ਕਿਤਾਬਾਂ ਪੜ੍ਹਨ ਦੇ ਅਨੇਕ ਫਾਇਦੇ ਹਨ। ਕਿਤਾਬਾਂ ਦੀ ਸੰਗਤ ਮਹਾਂਪੁਰਖਾਂ ਦੀ ਸੰਗਤ ਨਾਲੋਂ ਵੀ ਕਈ ਤਰ੍ਹਾਂ ਵਿਸ਼ੇਸ਼ ਹੁੰਦੀ ਹੈ। ਕਿਤਾਬਾਂ ਵਿਚ ਲਿਖਾਰੀ ਦੀ ਜ਼ਿੰਦਗੀ ਦਾ ਉਚੇਰਾ ਤੇ ਚੰਗੇਰਾ ਪਹਿਲੂ ਹੀ ਨਜ਼ਰ ਆਉਂਦਾ ਹੈ। ਲਿਖਾਰੀ ਦੀ ਖੋਜ ਦਾ ਸਿੱਟਾ, ਉਸ ਦੇ ਜ਼ਿੰਦਗੀ ਸੰਬੰਧੀ ਖਿਆਲ, ਤਜਰਬੇ, ਉਸ ਦੀ ਸ਼ਖਸੀਅਤ ਸਭ ਉਸ ਦੀ ਕਿਤਾਬ ਵਿਚ ਦਿਸਦੇ ਹਨ। ਕਿਤਾਬਾਂ ਰਾਹੀਂ ਅਸੀਂ ਮਨੁੱਖ ਦੇ ਐਬਾਂ ਨੂੰ ਛੱਡਦੇ ਹੋਏ ਕੇਵਲ ਉਸ ਦੇ ਗੁਣਾਂ ਨਾਲ ਸਬੰਧ ਰਖਦੇ ਹਾਂ ਅਤੇ ਮਨੁੱਖੀ ਚੰਗਿਆਈ ਦਾ ਵੱਧ ਤੋਂ ਵੱਧ ਲਾਭ ਉਠਾਂਦੇ ਹਾਂ। ਨੁਕਸਬੀਨ ਇਨਸਾਨ ਦੇ ਆਲੇ-ਦੁਆਲੇ ਨੁਕਸ ਤੇ ਐਬ ਹੀ ਚੱਕਰ ਲਗਾਂਦੇ ਰਹਿੰਦੇ ਹਨ, ਜੋ ਆਤਮਕ ਉਨਤੀ ਵਾਸਤੇ ਬੜੀ ਹਾਨੀਕਾਰਕ ਗੱਲ ਹੈ। ਇਸ ਦੇ ਉਲਟ ਜੋ ਮਨੁੱਖ ਹਰ ਚੀਜ਼ ਦੇ ਗੁਣ ਹੀ ਸਦਾ ਅੱਗੇ ਦਸਦਾ ਹੈ, ਉਸ ਦੀ ਬਿਰਤੀ ਗੁਣਾਂ ਵਿਚ ਹੀ ਲੀਨ ਰਹਿੰਦੀ ਹੈ, ਉਹ ਸਾਰੇ ਸੰਸਾਰ ਵਿਚ ਗੁਣ ਹੀ ਗੁਣ, ਖੂਬਸੂਰਤੀ ਹੀ ਖੂਬਸੂਰਤੀ ਪ੍ਰਤੀਤ ਕਰਦਾ ਹੈ। ਉਤਮ ਕਿਤਾਬਾਂ ਦੇ ਪੜ੍ਹਨ ਨਾਲ ਮਨੁੱਖੀ ਸੁਭਾਅ ਦੇ ਮੈਲੇ, ਕੰਡਿਆਲੇ ਤੇ ਅਧੂਰੇ ਪਾਸੇ ਤੋਂ ਪਰੇ ਰਹਿੰਦੇ ਹੋਏ ਉਸ ਦੇ ਚੰਗੇਰੇ, ਪਵਿੱਤਰ ਤੇ ਫੁੱਲਾਂ ਵਾਲੇ ਹਿੱਸੇ ਦੀ ਹੀ ਸੰਗਤ ਕਰੀਦੀ ਹੈ।

ਪੁਸਤਕਾਂ ਨੂੰ ਦੇਹਧਾਰੀ ਮਹਾਂਪੁਰਸ਼ਾਂ ਦੀ ਸੰਗਤ ਉਤੇ ਹੋਰ ਵਿਸ਼ੇਸ਼ਤਾ ਇਹ ਹੈ ਕਿ ਕਿਤਾਬਾਂ ਦੀ ਰਾਹੀਂ ਸਭ ਪਿਛੇ ਹੋ ਗੁਜ਼ਰੇ ਮਹਾਂਪੁਰਖਾਂ ਦੇ ਜਦ ਦਿਲ ਕਰੇ ਦਰਸ਼ਨ ਹੋ ਸਕਦੇ ਹਨ ਅਤੇ ਮੌਜੂਦਾ ਮਹਾਂਪੁਰਖਾਂ ਨਾਲ ਵੀ ਭਾਵੇਂ ਉਹ ਦੁਨੀਆਂ ਦੇ ਕਿਸੇ ਹਿੱਸੇ ਵਿਚ ਕਿਉਂ ਨਾ ਰਹਿੰਦੇ ਹੋਣ, ਜਦ ਜੀ ਕਰੇ ਉਨ੍ਹਾਂ ਦੀਆਂ ਪੁਸਤਕਾਂ ਆਤਮਕ ਉੱਨਤੀ ਦਾ ਬੜਾ ਭਾਰਾ ਵਸੀਲਾ ਸਾਬਤ ਹੋ

ਸਕਦੀਆਂ ਹਨ। ਇਨ੍ਹਾਂ ਤੋਂ ਯੋਗ ਲਾਭ ਉਠਾਣਾ ਆਤਮਕ ਖੋਜੀਆਂ ਦਾ ਫਰਜ਼ ਹੈ।

***ਸਚੀ ਬੈਸਕ ਤਿਨ੍ਹਾ ਸੰਗਿ ਜਿਨ ਸੰਗਿ ਜਪੀਐ ਨਾਉ ॥***
***ਤਿਨ੍ ਸੰਗਿ ਸੰਗੁ ਨ ਕੀਚਈ***
***ਨਾਨਕ ਜਿਨਾ ਆਪਣਾ ਸੁਆਉ ॥ ਅੰਗ - ੫੨●***

## ਉਤਮ ਪੁਰਸ਼ਾਂ ਦੀ ਸੰਗਤ

**ਮਹਾਂਪੁਰਸ਼ਾਂ ਦੀ ਸੰਗਤ ਦੇ ਲਾਭ –** ਮਹਾਂਪੁਰਸ਼ਾਂ ਦੀ ਜ਼ਬਰਦਸਤ ਸ਼ਖ਼ਸੀਅਤ ਦਾ ਫੌਰਨ ਦਿਲ ਤੇ ਅਸਰ ਹੁੰਦਾ ਹੈ। ਕਈਆਂ ਹਾਲਤਾਂ ਵਿਚ ਇਹ ਅਸਰ ਜ਼ਿੰਦਗੀ ਪਲਟਾ ਦਿੰਦਾ ਹੈ, ਕਈ ਜ਼ਿੰਦਗੀਆਂ ਮਹਾਤਮਾ ਦੀ ਛੋਹ ਨਾਲ ਸੁਧਰ ਗਈਆਂ ਦੇਖੀਆਂ ਹਨ। ਸੰਗਤ ਦਾ ਵੱਡਾ ਮੰਤਵ, ਜੀਵਨ ਨੂੰ ਉਚਿਆਂ ਕਰਨਾ ਹੁੰਦਾ ਹੈ। ਮਹਾਂਪੁਰਖਾਂ ਦੀ ਜੀਉਂਦੀ ਜਾਗਦੀ, ਬੋਲਦੀ ਹਸਤੀ ਜੀਵਨ ਵਿਚ ਹੁਲਾਰਾ ਪੈਦਾ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭਾਵੇਂ ਮੈਂ ਆਪਣਾ ਇਸ਼ਟ-ਦੇਵ ਮੰਨਦਾ ਹਾਂ, ਪਰ ਮਹਾਤਮਾ ਦੀ ਸੇਵਾ ਵਿਚ ਵੀ ਬੜੀ ਸ਼ਰਧਾ, ਸਤਿਕਾਰ ਤੇ ਪ੍ਰੇਮ ਨਾਲ ਹਾਜ਼ਰ ਹੁੰਦਾ ਰਿਹਾ ਹਾਂ। ਮਹਾਂਪੁਰਖ ਕਿਸੇ ਵੇਲੇ ਬੜੀਆਂ ਗੁੰਝਲਦਾਰ, ਭੇਦ ਵਾਲੀਆਂ, ਡੂੰਘੀਆਂ ਗੱਲਾਂ ਬੜੇ ਸੌਖੇ ਤਰੀਕੇ ਨਾਲ ਸਮਝਾ ਦਿੰਦੇ ਹਨ।

ਜਿਸ ਅਵਸਥਾ ਦਾ ਮਨੁੱਖ ਹੋਵੇ, ਮਹਾਂਪੁਰਖ ਉਸੇ ਅਵਸਥਾ ਮੁਤਾਬਿਕ ਹੀ ਉਪਦੇਸ਼ ਦੇ ਕੇ ਮਦਦ ਕਰ ਦਿੰਦੇ ਹਨ। ਪੁਸਤਕਾਂ ਵਿਚ ਇਹ ਘਾਟਾ ਹੁੰਦਾ ਹੈ ਕਿ ਉਥੇ ਆਪ ਖੋਜ ਕਰਨੀ ਪੈਂਦੀ ਹੈ, ਆਪਣੀ ਅਵਸਥਾ ਅਨੁਸਾਰ ਆਪਣਾ ਰਸਤਾ ਆਪ ਲੱਭਣਾ ਪੈਂਦਾ ਹੈ, ਇਸ ਵਾਸਤੇ ਤਰੱਕੀ ਦੀ ਰਫਤਾਰ ਮੱਧਮ ਰਹਿੰਦੀ ਹੈ। ਮਹਾਂਪੁਰਖ ਵਿਚੋਂ ਅਸੀਂ ਆਦਰਸ਼ਕ ਮਨੁੱਖ (ideal man) ਦਾ ਝਲਕਾਰਾ ਲੈ ਸਕਦੇ ਹਾਂ। ਆਦਰਸ਼ ਅਨੁਸਾਰ ਅਗਰ ਕੋਈ ਸ਼ਖਸ ਜ਼ਿੰਦਗੀ ਬਤੀਤ ਕਰਦਾ ਦੇਖੀਏ, ਤਾਂ ਸਾਡਾ ਆਪਣਾ ਉਤਸ਼ਾਹ ਤੇ ਹੌਸਲਾ ਵਧ ਜਾਂਦਾ ਹੈ, ਸਾਨੂੰ ਆਦਰਸ਼ ਦੇ ਅਨੁਸਾਰ ਜੀਵਨ ਬਤੀਤ ਕਰਨਾ ਸੌਖਾ ਮਾਲੂਮ ਹੋਣ ਲਗ ਪੈਂਦਾ ਹੈ।

***ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ***
***ਮਿਤ੍ਰ ਅਸਾਡੜੇ ਸੇਈ ॥***
***ਹਉ ਢੂਢੇਦੀ ਜਗੁ ਸਬਾਇਆ***
***ਜਨ ਨਾਨਕ ਵਿਰਲੇ ਕੇਈ ॥ ਅੰਗ - ੫੨●***

**ਮਹਾਂਪੁਰਖਾਂ ਦੀ ਮਹਿਮਾ –** ਮਹਾਂਪੁਰਖ ਕਈ ਐਸੀਆਂ ਉਚੀਆਂ ਆਤਮਕ ਅਵਸਥਾਵਾਂ ਨੂੰ ਅਨੁਭਵ ਕਰਨ ਲਗ ਜਾਂਦੇ ਹਨ, ਜਿਨ੍ਹਾਂ ਦਾ ਜ਼ਿਕਰ ਕਿਤਾਬਾਂ ਵਿਚ ਆ ਹੀ ਨਹੀਂ ਸਕਦਾ, ਜਿਹੜੀਆਂ ਇਨਸਾਨੀ ਬੋਲੀ ਵਿਚ ਬਿਆਨ ਨਹੀਂ ਹੋ ਸਕਦੀਆਂ।

***ਬੇਦ ਪੁਰਾਣ ਸਿਮ੍ਰਿਤਿ ਭਨੇ ॥***
***ਸਭ ਊਚ ਬਿਰਾਜਿਤ ਜਨ ਸੁਨੇ ॥ ਅੰਗ - ੨੧੧***
***ਸਾਧ ਕੀ ਮਹਿਮਾ ਬੇਦ ਨ ਜਾਨਹਿ ॥***
***ਜੇਤਾ ਸੁਨਹਿ ਤੇਤਾ ਬਖਿਆਨਹਿ ॥ ਅੰਗ - ੨੭੨***

ਇਨ੍ਹਾਂ ਗੁਰਵਾਕਾਂ ਵਿਚ ਸਾਧੂ ਦੀ ਉਚੀ ਅਨੁਭਵ ਸ਼ਕਤੀ ਵਲ ਇਸ਼ਾਰਾ ਹੈ। ਸਾਧੂ ਉਚੀ ਅਵਸਥਾ ਵਿਚ ਵਾਹਿਗੁਰੂ ਨਾਲ ਅਭੇਦ ਹੁੰਦਾ ਹੈ ਅਤੇ ਜਿਸ ਤਰ੍ਹਾਂ ਵਾਹਿਗੁਰੂ ਅਲਖ ਤੇ ਬਿਆਨ ਤੋਂ ਬਾਹਰ ਹੈ, ਉਚੇ ਦਰਜੇ ਦੇ ਸਾਧੂ ਦੀ ਮਹਿਮਾ ਵੀ ਕਥਨ ਤੋਂ ਬਾਹਰ ਹੋ ਜਾਂਦੀ ਹੈ। ਮਹਾਤਮਾ ਦੀ ਸੰਗਤ ਸਬੰਧੀ ਸਵਾਮੀ ਵਿਵੇਕਾਨੰਦ ਜੀ ਲਿਖਦੇ ਹਨ –

The soul can only receive impulses from another soul and from nothing else. We may study books all our lives, we may become very intellectual, but in the end we find, that we have not devoloped at all spiritually, Is it not true that a high order of intellectual development goes hand in hand with a proprotionate development of the spiritual side of man. In studying books we are sometimes deluded into thinking that thereby we are being spiritually helped, but if we analyse the effect of that study on ourselves we shall find that, at the utmost, is only out intellect that has derived profit from such studies but not our inner spirit. This in sufficiency of books to quicken spiritual growth is the reason why although every one of us can speak most wonderfully on spiritual matters, when it comes to action and the living of a truely spiritual life, we find ourselves so awfully deficient, To quicken the spirit, the impulse must come from another soul.

ਉਲਥਾ :

ਇੱਕ ਆਤਮਾ, ਆਤਮਕ ਹੁਲਾਰਾ ਦੂਸਰੀ ਆਤਮਾ ਤੋਂ ਹੀ ਲੈ ਸਕਦੀ ਹੈ, ਹੋਰ ਕਿਸੇ ਕੋਲੋਂ ਨਹੀਂ। ਅਸੀਂ ਸਾਰੀ ਉਮਰ ਪੁਸਤਕਾਂ ਪੜ੍ਹਦੇ ਰਹੀਏ, ਅਸੀਂ ਬੜੇ ਵਿਚਾਰਵਾਨ ਹੋ ਜਾਈਏ, ਪਰ ਅਖੀਰ ਅਸੀਂ ਦੇਖਾਂਗੇ ਕਿ ਸਾਡੀ ਆਤਮਕ ਤਰੱਕੀ ਕੁਝ ਵੀ ਨਹੀਂ ਹੋਈ। ਇਹ ਸੱਚ ਹੈ ਕਿ ਵਿਚਾਰ ਸ਼ਕਤੀ ਦੇ ਵਧਣ ਨਾਲ ਆਦਮੀ ਦੀ ਆਤਮਕ ਸ਼ਕਤੀ ਵੀ ਓਨੀ ਵਧ ਜਾਂਦੀ ਹੈ। ਪੁਸਤਕਾਂ ਪੜ੍ਹਨ ਨਾਲ ਸਾਨੂੰ ਕਿਸੇ ਵੇਲੇ ਟਪਲਾ ਲਗਦਾ ਹੈ ਕਿ ਸਾਡੀ ਆਤਮਕ ਮਦਦ ਵੀ ਹੋ ਰਹੀ ਹੈ, ਪਰ ਜੇ ਅਸੀਂ ਪੜ੍ਹਾਈ ਦੇ ਆਪਣੇ ਉਤੇ ਅਸਰ ਨੂੰ ਵਿਸਥਾਰਪੂਰਵਕ ਵਿਚਾਰੀਏ ਤਾਂ ਅਸੀਂ ਦੇਖਾਂਗੇ ਕਿ ਜ਼ਿਆਦਾ ਤੋਂ ਜ਼ਿਆਦਾ ਸਾਡੀ ਬੁੱਧੀ ਨੇ ਹੀ ਪੜ੍ਹਾਈ ਤੋਂ ਕੁਛ ਫਾਇਦਾ ਉਠਾਇਆ ਹੈ, ਸਾਡੀ ਅੰਦਰਲੀ ਆਤਮਾ ਨੇ ਨਹੀਂ। ਆਤਮਕ ਤਰੱਕੀ ਦੇ ਵਧਾਣ ਵਿਚ ਪੁਸਤਕਾਂ ਦੀ ਊਣਤਾਈ ਦਾ ਹੀ ਸਬੱਬ ਹੈ ਕਿ ਭਾਵੇਂ ਸਾਡੇ ਵਿਚੋਂ ਹੀ ਇਕ ਆਤਮਕ ਵਿਸ਼ਿਆਂ ਤੇ ਬੜੀ ਖੂਬੀ ਨਾਲ ਬੋਲ ਸਕਦਾ ਹੈ, ਪਰ ਜਦ ਅਮਲਾਂ ਦਾ ਜਾਂ ਆਤਮਕ ਜੀਵਨ ਦਾ ਸਮਾਂ ਆਉਂਦਾ ਹੈ, ਅਸੀਂ ਆਪਣੇ ਆਪ ਨੂੰ ਬਿਲਕੁਲ ਊਣੇ ਦੇਖਦੇ ਹਾਂ। ਆਤਮਾ ਵਿਚ ਆਤਮਕ ਹੁਲਾਰੇ ਕਿਸੇ ਦੂਸਰੀ ਆਤਮਾ ਦੀ ਛੋਹ ਤੋਂ ਹੀ ਪ੍ਰਾਪਤ ਹੋ ਸਕਦੇ ਹਨ।

***'ਚਲਦਾ....................।'***

# ਸਤਵੰਤ ਕੌਰ

***ਭਾਈ ਵੀਰ ਸਿੰਘ***

*(ਲੜੀ ਜੋੜਨ ਲਈ ਦੇਖੋ, ਫਰਵਰੀ ਅੰਕ, ਪੰਨਾ - 59)*

## ਕਾਂਡ ਅਠਾਰ੍ਹਵਾਂ

ਸਮੇਂ ਦਾ ਫੇਰਵਾਂ ਚੱਕਰ ਫੇਰ ਰਾਤ ਲੈ ਆਇਆ। ਅੱਜ ਕਾਫਲੇ ਵਿਚ ਉਹ ਰੰਜ, ਦੁੱਖ, ਬੇਚੈਨੀ ਤੇ ਘਬਰਾ ਨਹੀਂ ਹੈ, ਜੋ ਕੱਲ੍ਹ ਰਾਤ ਸੀ। ਸਾਰੇ ਖੁਸ਼ੀ-ਖੁਸ਼ੀ ਅੰਨ ਪਾਣੀ ਛਕ ਛਕਾ ਰਹੇ ਹਨ। ਸਵੇਰੇ ਕੂਚ ਦਾ ਨਗਾਰਾ ਵੱਜੇਗਾ ਤੇ ਘੜਿਆਲ ਤਿਆਰੀ ਦੀ ਟਨ ਟਨ ਸੁਣਾਏਗਾ, ਪਰ ਦੇਖੋ ਆਗਾ ਖਾਂ ਬੇਚੈਨ ਹੈ। ਕਾਫਲੇ ਤੋਂ ਮੀਲ ਕੁ ਵਾਟ ਦੂਰ ਇਕ ਰੁੱਖ ਨਾਲ ਘੋੜਾ ਬੱਧਾ ਹੋਇਆ ਹੈ ਤੇ ਆਪ ਇੱਕ ਉੱਚੇ ਜਿਹੇ ਪੱਥਰ ਤੇ ਬੈਠਾ ਹੈ। ਅੱਗੇ ਇਕ ਸਿਲ ਤੇ ਜਸਵੰਤ ਸਿੰਘ ਸਾਈਸ ਦੇ ਰੂਪ ਵਿੱਚ ਬੈਠਾ ਹੈ।

ਆਗਾ ਖਾਂ - ਫੇਰ ਜਸਵੰਤ ਸਿੰਘ! ਅਸਲ ਭੇਤ ਤੇਰੇ ਤਲਾਸ਼ੀ ਤੋਂ ਝੇਪਣ ਦਾ ਕੀਹ ਸੀ?

ਜਸਵੰਤ - ਖਾਂ ਸਾਹਿਬ, ਸੱਚੀ ਤੇ ਨਿਰਭੈ ਗੱਲ ਇਹ ਹੈ ਕਿ ਤੁਸਾਂ ਤੇ ਮੈਂ ਪਰਸਪਰ ਸਹਾਇਤਾ ਦਾ ਕੌਲ ਕੀਤਾ ਹੈ, ਪਰ ਪਰਸਪਰ ਭੇਤ ਖੋਲ੍ਹਣ ਦਾ ਨਹੀਂ ਕੀਤਾ। ਜੇ ਆਪ ਮੇਰਾ ਭੇਤ ਲੈਣਾ ਚਾਹੁੰਦੇ ਹੋ ਤਾਂ ਮੇਰੇ ਮਨ ਉਤੇ ਆਪਣੇ ਇਤਬਾਰ ਦਾ ਅਸਰ ਪਾਓ, ਜਿਸ ਤੋਂ ਮੈਂ ਸਮਝਾਂ ਕਿ ਤੁਸੀਂ ਮੇਰੇ ਤੇ ਭਰੋਸਾ ਕਰਦੇ ਹੋ। ਹਾਂ, ਇਹ ਮੈਂ ਨਿਸ਼ਚਾ ਕਰਾਉਂਦਾ ਹਾਂ ਕਿ ਆਪ ਦਾ ਭੇਤ ਕਦੇ ਨਹੀਂ ਖੁਲ੍ਹੇਗਾ ਅਰ ਆਪ ਨੂੰ ਮੈਂ ਪੂਰੀ ਪੂਰੀ ਮਦਦ ਦੇਵਾਂਗਾ। ਬਾਕੀ ਰਹੀ ਇਹ ਗੱਲ ਕਿ ਸਿੱਖ ਬਚਨ ਦੇ ਪੂਰੇ ਹੁੰਦੇ ਹਨ ਕਿ ਨਹੀਂ, ਇਹ ਗੱਲ ਤੁਸੀਂ ਇੱਥੋਂ ਦੇ ਸਿੱਖਾਂ ਤੋਂ ਪੁੱਛ ਲਓ, ਉਨ੍ਹਾਂ ਪਠਾਣਾਂ ਤੋਂ, ਜੋ ਕਦੀ ਹਿੰਦੁਸਤਾਨ ਗਏ ਹਨ ਯਾ ਇਥੋਂ ਦੇ ਸਿੱਖਾਂ ਨਾਲ ਜਿਨ੍ਹਾਂ ਨੂੰ ਵਾਹ ਪਿਆ ਹੋਵੇ, ਉਨ੍ਹਾਂ ਤੋਂ ਪੁੱਛ ਲਵੋ।

ਆਗਾ ਖਾਂ - ਇਹ ਮੈਨੂੰ ਪਤਾ ਹੈ, ਜੇ ਮੈਨੂੰ ਸਿੱਖਾਂ ਦੀ ਕੌਮ ਦੇ ਸਤਿਵਾਦੀ ਹੋਣ ਦਾ ਪੱਕਾ ਪਤਾ ਨਾ ਹੁੰਦਾ ਤਾਂ ਮੇਰੇ ਹੋਠਾਂ ਦੀ ਮੁਹਰ ਕੌਣ ਤੋੜ ਸਕਦਾ ਸੀ?

ਜਸਵੰਤ - ਫੇਰ ਦੱਸੋ ਕੀਹ ਬਾਤ ਹੈ ਜਿਸ ਵਿਚ ਮੈਂ ਮਦਦ ਕਰਾਂ?

ਆਗਾ ਖਾਂ - ਮੈਂ, ਹੇ ਸਿੱਖ! ਤੇਰੇ ਤੇ ਪੂਰੀ ਮਿਤ੍ਰਤਾ ਦਾ ਇਤਬਾਰ ਕਰਕੇ ਭੇਤ ਦੱਸਦਾ ਹਾਂ। ਅੱਲਾਹ ਮੇਰਾ ਸਹਾਈ ਹੋਵੇ। ਅਮਾਨਤ ਹੈ ਇਹ ਭੇਤ ਮੇਰਾ ਤੇਰੇ ਪਾਸ, ਕਹੁ ਅੱਲਾ ਜ਼ਾਮਨ ਹੈ।

ਜਸਵੰਤ - ਮੇਰਾ ਵਾਹਿਗੁਰੂ ਧਰਮ ਨਿਭਾਵੇਗਾ।

ਆਗਾ ਖਾਂ - ਮੈਂ ਪਿਸ਼ੌਰ ਤੱਕ ਜਾਣਾ ਹੈ, ਇਸ ਕਾਫਲੇ ਦੀ ਰਾਖੀ ਦਾ ਕੰਮ ਮੇਰੇ ਸਪੁਰਦ ਹੈ, ਪਰ ਮੈਨੂੰ ਇੱਕ ਔਕੜ ਹੈ। ਮੇਰੀ ਇਕ ਦਾਈ ਹੈ ਜਿਸ ਨੇ ਮੈਨੂੰ ਪਾਲਿਆ ਤੇ ਖਿਡਾਇਆ ਹੈ, ਉਹ ਵਿਚਾਰੀ ਕੈਦ ਹੈ ਅਰ ਉਸ ਬੇਗੁਨਾਹ ਨੇ ਬੇਗੁਨਾਹੀ ਵਿਚ ਕਤਲ ਹੋ ਜਾਣਾ ਹੈ। ਮੈਨੂੰ ਉਹ ਅਤਿ ਪਿਆਰੀ ਹੈ, ਇਸ ਕਰਕੇ ਮੈਂ ਉਸ ਦੀ ਜਾਨ ਬਚਾਉਣੀ ਚਾਹੁੰਦਾ ਹਾਂ। ਕਾਫਲੇ ਨੇ ਕੱਲ੍ਹ ਟੁਰ ਪੈਣਾ ਹੈ ਤੇ ਮੈਂ ਅਜੇ ਤੱਕ ਉਸ ਦੇ ਬਚਾਉ ਦਾ ਕੋਈ ਬਾਨ੍ਹਣੂੰ ਨਹੀਂ ਬੰਨ੍ਹ ਸਕਿਆ, ਮੈਨੂੰ ਇਸ ਨੌਕਰੀ ਤੇ ਖਾਸ ਇਸੇ ਮਤਲਬ ਲਈ ਏਥੋਂ ਟੋਰਿਆ ਗਿਆ ਹੈ ਕਿ ਮੇਰੇ ਪਿਛੋਂ ਉਸ ਨੂੰ ਮਾਰ ਕੇ ਦਫਾ ਕਰ ਛਡਿਆ ਜਾਵੇ ਅਰ ਮੁੜ ਕੇ ਆਉਂਦੇ ਨੂੰ ਕੋਈ ਪਤਾ ਨਾ ਲੱਗੇ। ਮਾਰਨ ਦੇ ਸੰਕਲਪ ਵਾਲੇ ਸਮਝਦੇ ਹਨ ਕਿ ਮੈਂ ਜਦੋਂ ਮੁੜ ਕੇ ਆਊਂ ਰੋ ਧੋ ਕੇ ਆਪੇ ਚੁੱਪ ਕਰ ਰਹੂੰ।

ਜਸਵੰਤ - ਐਸੀ ਕੌਣ ਜ਼ਬਰਦਸਤ ਤਾਕਤ ਹੈ ਜੋ ਆਪ ਦੀ ਦਾਈ ਨੂੰ ਆਪ ਦੀ ਮਰਜ਼ੀ ਤੋਂ ਉਲਟ ਮਾਰ ਸਕਦੀ ਹੈ:

ਆਗਾ ਖਾਂ - ਮੇਰਾ ਆਪਣਾ ਪਿਤਾ।

ਜਸਵੰਤ - ਕੁਛ ਖੋਟ।

ਆਗਾ - ਉਨ੍ਹਾਂ ਦਾ ਕੋਈ ਭੇਤ ਦਾਈ ਪਾਸ ਹੈ, ਦਾਈ ਨਾਲ ਮੇਰੀ ਮਤ੍ਰੇਈ ਮਾਂ ਦੀ ਕੁਛ ਖਟਪਟ ਹੋ ਗਈ ਹੈ, ਮੇਰੇ ਨਾਲ ਬੀ ਕਿਸੇ ਗੱਲੋਂ ਵਿਗਾੜ ਹੋਇਆ ਹੈ। ਉਨ੍ਹਾਂ ਨੇ ਦੋ ਵੇਰ ਦਾਈ ਨੂੰ ਮੇਰੇ ਨਾਲ ਕੁਛ ਗੱਲਾਂ ਕਰਦੇ ਡਿੱਠਾ ਹੈ, ਉਸ ਤੋਂ ਉਨ੍ਹਾਂ ਨੂੰ ਸ਼ੱਕ ਪੈ ਗਿਆ ਕਿ ਮਤਾਂ ਦਾਈ ਉਹ ਭੇਤ ਮੈਨੂੰ ਦੱਸ ਦੇਵੇ, ਇਸ ਕਰਕੇ ਮੈਨੂੰ ਉਸ ਤੋਂ ਜੁਦਾ ਕੀਤਾ ਗਿਆ ਹੈ। ਫਿਰ ਮੇਰੀ ਗੈਰਹਾਜ਼ਰੀ ਉਸ ਦੀ ਮੌਤ ਦਾ ਪੜਦਾ ਹੈ ਕਿ ਉਸ ਦੇ ਮਰਨ ਦੇ ਕਾਰਨ ਦਾ ਮੈਨੂੰ ਪਤਾ ਨਾ ਲੱਗਸੀ, ਪਰ ਉਹ ਨਹੀਂ ਜਾਣਦੇ ਕਿ ਜਿਸ ਭੇਤ ਦੇ ਮੈਨੂੰ ਪਤਾ ਲਗਣ ਤੋਂ ਉਹ ਡਰਦੇ ਹਨ, ਉਹ ਮੈਨੂੰ ਮੇਰੀ ਦਾਈ ਹੁਣ ਤਕ ਦੱਸ ਚੁੱਕੀ ਹੋਈ ਹੈ। ਹੁਣ ਉਸ ਦੇ ਮਰ ਜਾਣ ਨਾਲ ਮੇਰੇ ਪਿਤਾ ਨੂੰ ਕੋਈ ਲਾਭ ਨਹੀਂ ਹੈ। ਪਿਆਰ ਮੇਰੇ ਨਾਲ ਬਾਪ ਦਾ ਇਤਨਾ ਅਤੁੱਟ ਹੈ ਕਿ ਉਹ ਮੈਥੋਂ ਜੁਦਾ ਨਹੀਂ ਹੋ ਸਕਦੇ, ਪਰ ਏਸ ਕੰਮ ਦੀ ਖਾਤਰ ਉਨ੍ਹਾਂ ਨੂੰ ਇਹ ਜੁਦਾਈ ਬੀ ਝੱਲਣੀ ਪਈ ਹੈ। ਬੱਸ ਏਤਨਾ ਹੀ ਖੋਟ ਹੈ।

ਜਸਵੰਤ - ਤੁਹਾਡੀ ਆਪਣੀ ਮਤ੍ਰੇਈ ਮਾਂ ਨਾਲ ਕਿਉਂ ਅਣਬਣ ਹੋਈ?

ਆਗਾ - ਏਸ ਦਾ ਕੀਹ ਪੁਛਣਾ ਹੋਇਆਂ? ਮੇਰਾ ਜੀ ਕੁਦਰਤੋਂ ਹੀ ਆਪਣੇ ਪਰਿਵਾਰ ਦੇ ਉਲਟ ਹੈ। ਧੱਕਾ ਕਰਨਾ, ਮਾਰਨਾ, ਪਾਪ ਕਰਨੇ ਮੈਨੂੰ ਬੁਰੇ ਲਗਦੇ ਹਨ ਤੇ ਸਮੇਂ ਦਾ ਹਾਲ ਇਹ ਹੈ ਕਿ ਉਤੋਂ ਰੰਗ ਹੋਰ, ਅੰਦਰੋਂ ਹੋਰ। ਅਸਲ ਵਿਚ ਮੈਨੂੰ ਕੀਹ ਥਹੁ ਲੱਗਣਾ ਸੀ, ਮੇਰੀ ਦਾਈ ਨੇ ਹੀ ਮੈਨੂੰ ਭਿਣਕ ਪਾ ਦਿੱਤੀ ਸੀ ਕਿ ਮਤ੍ਰੇਈ ਮਾਂ ਦੇ ਬਹੁਤੇ ਪਿਆਰ ਤੋਂ ਸੰਭਲ ਕੇ ਰਹੀਂ, ਇਹ ਪਿਆਰ ਕੁਛ ਖੋਟਾ ਹੈ।

ਜਸਵੰਤ - ਤਦ ਤਾਂ ਦਾਈ ਦੀ ਸ਼ਾਮਤ ਆਪੇ ਸਿਰ ਚੜ੍ਹ ਕੇ ਆਈ ਸੀ? ਅੱਛਾ ਹੁਣ.......।

ਆਗਾ - (ਕਾਹਲਾ ਹੋ ਕੇ) - ਫੇਰ ਹੁਣ ਕੀਕੂੰ ਕਰੀਏ?

ਆਗਾ - ਘਰੋਂ ਕੱਢਣਾ ਤਾਂ ਕੀਹ ਔਖਾ ਹੈ? ਅੱਗੋਂ

ਸੰਭਾਲਣਾ ਔਖਾ ਹੈ। ਮੇਰਾ ਕੋਈ ਦਰਦੀ ਨਹੀਂ ਹੈ ਕਿ ਜਿਥੇ ਮੈਂ ਉਸਨੂੰ ਲੁਕਾਵਾਂ। ਪਿਤਾ ਜੀ ਨੇ ਮੈਨੂੰ ਪਿਆਰ ਕੀਤਾ ਹੈ ਕਿ ਕਿਸੇ ਦੀ ਬੈਠਕ ਕੇ ਬੈਠਣ ਹੀ ਨਹੀਂ ਦਿੱਤਾ। ਜੇ ਮੈਂ ਨਾਲ ਲੈ ਟੁਰਾਂ ਤਾਂ ਛਿਪਾਉ ਹੋ ਨਹੀਂ ਸਕਦਾ, ਜੇ ਵਖਰਿਆਂ ਟੋਰਾਂ ਤਾਂ ਖੈਨਰ ਦਾ ਦੱਰਾ ਐਸਾ ਇਲਾਕਾ ਹੈ ਕਿ ਉਥੋਂ ਕੌਣ ਇਕੱਲਾ ਲੰਘ ਸਕਦਾ ਹੈ? ਇਸ ਦੇ ਦੁਵੱਲੀ ਉਚੇ ਉਚੇ ਪਹਾੜ ਹਨ ਤੇ ਐਸੀਆਂ ਖੂੰਖਾਰ ਕੌਮਾਂ ਦਾ ਵਾਸ ਹੈ ਕਿ ਇਕੱਲਾ ਟੁਰਦਾ ਮਿਲਿਆ ਨਹੀਂ ਤੇ ਮਾਰਿਆਂ ਨਹੀਂ।

ਜਸਵੰਤ - ਜੇਕਰ ਤੁਸੀਂ ਐਥੇ ਲੈ ਆਓ, ਤਦ ਕਾਫਲੇ ਵਿੱਚ ਛਿਪਾ ਕੇ ਨਿਬਾਹੀ ਲਈ ਚੱਲਣਾ ਮੇਰੇ ਜਿੰਮੇ ਛੱਡ ਦਿਓ।

ਆਗਾ - ਕੀਕੂੰ?

ਜਸਵੰਤ - ਮਰਦਾਨਾ ਲਿਬਾਸ ਸਿੱਖਾਂ ਵਾਲਾ ਪਹਿਨਾ ਕੇ ਸਾਡੇ ਸਪੁਰਦ ਕਰ ਦੇਣਾ, ਅਸੀਂ ਆਪਣੇ ਅਸਬਾਬ ਦੀ ਰਾਖੀ ਲਈ ਨੌਕਰ ਦੇ ਬਹਾਨੇ ਲਈ ਚੱਲਾਂਗੇ। ਆਪਣੇ ਸਾਥੀਆਂ ਨੂੰ ਮੈਂ ਨਜਿੱਠ ਲਵਾਂਗਾ। ਮਜਾਲ ਹੈ ਜੋ ਉਨ੍ਹਾਂ ਨੂੰ ਭੇਤ ਮਿਲੇ ਯਾ ਕੋਈ ਗੱਲ ਬਾਹਰ ਨਿਕਲ ਸਕੇ। ਖਾਤਰ ਜਮਾ ਰੱਖੀਓ।

ਆਗਾ - (ਅਚਰਜ ਹੋ ਕੇ) - ਤੇ ਜੇ ਗੱਲ ਨਿਕਲ ਗਈ, ਤਦ ਮੇਰੇ ਇਸ ਗੋਰੇ ਬਦਨ ਦਾ ਫੀਤਾ ਫੀਤਾ ਹੋ ਉਡੇਗਾ।

ਜਸਵੰਤ - ਗੱਲ ਨਿਕਲੇ ਹੀ ਕੀਕੂੰ? ਤੇ ਜੇ ਨਿਕਲੇ ਤਾਂ ਆਪਣੇ ਬਦਨ ਦੇ ਫੀਤਾ ਫੀਤਾ ਹੋਣ ਤੋਂ ਪਹਿਲਾਂ ਤੁਸੀਂ ਮੇਰੇ ਬਦਨ ਦਾ ਫੀਤਾ ਫੀਤਾ ਕਰਵਾ ਸਕਦੇ ਹੋ, ਸਮਝਦੇ ਹੋ। ਫਿਰ ਸੋਚੋ ਤੁਹਾਡੇ ਵਲ ਤੱਕਣ ਵਾਲਾ ਜੰਮਿਆਂ ਕੌਣ ਹੈ? ਕੁਛ ਆਪਣੇ ਤੇ ਭਰੋਸਾ ਬੀ ਕਰੋ। ਅਕਲ ਸਾਰੀ ਵਰਤੋ, ਪਰ ਤਕੜੇ ਬੀ ਹੋਵੋ।

ਆਗਾ - ਉਹ ਪਿਆਰਾ ਪਿਤਾ ਐਸਾ ਕਠੋਰ ਚਿੱਤ ਹੈ ਕਿ ਕ੍ਰੋਧ ਵਿਚ ਆਇਆ ਪਿਆਰੇ ਤੋਂ ਪਿਆਰੇ ਨੂੰ ਉਡਾ ਦੇਣ ਵਾਲਾ ਹੈ। ਅੱਠ ਨੌਂ ਵੇਰ ਹਿੰਦੁਸਤਾਨ ਜਾ ਕੇ ਲੱਖਾਂ ਰੁਪਏ ਲੈ ਕੇ ਹੈ ਤੇ ਬੇਗੁਨਾਹਾਂ ਦੇ ਲਹੂ ਪੀ ਪੀ ਕੇ ਭੂਤ ਹੋ ਚੁੱਕਾ ਹੈ।

ਜਸਵੰਤ - ਕੀ ਹੋਇਆ, ਤੁਸੀਂ ਬੀ ਕੁਛ ਹਿੰਮਤ ਕਰੋ। ਜਦੋਂ ਇਨਸਾਨ ਔਕੜਾਂ ਵਿਚ ਫਸੇ ਤਾਂ ਸਿੱਖੀ ਸਿਖਾਲਦੀ ਹੈ ਕਿ ਇਕ ਰੱਬ ਤੇ ਭਰੋਸਾ ਕਰੋ ਤੇ ਇਕ ਆਪਣੀ ਹਿੰਮਤ ਦੇ ਦਾਈਏ ਤੇ। ਢਿੱਲਾਂ ਤੇ ਨਿਰਾਸ਼ ਨਾ ਹੋਵੇ।

ਆਗਾ - ਫੇਰ ਜੇ ਮੈਂ ਲੈ ਆਵਾਂ ਤਾਂ ਨਿਬਾਹ ਲਵੋਗੇ, ਇਸ ਗੱਲ ਦੀ ਜ਼ਮਾਨਤ?

ਜਸਵੰਤ - ਵਾਹਿਗੁਰੂ ਨਿਬਾਹੇਗਾ, ਜ਼ਮਾਨਤ ਇਕ ਸਿੱਖ ਦੇ ਮੂੰਹ ਦਾ ਬਚਨ ਸਚਾਈ ਨਾਲ ਦਿੱਤਾ ਕੌਲ।

ਇਹ ਸੁਣਦੇ ਹੀ 'ਹਵਾ ਰਫਤਾਰ' ਘੋੜੇ ਦੀਆਂ ਰਕਾਬਾਂ ਵਿਚ ਸੁਹਣੇ ਆਗਾ ਖਾਂ ਨੇ ਪੈਰ ਰੱਖ ਕੇ ਚਾਬਕ ਕੜਕਾਇਆ, ਜੋ ਅੱਖ ਦੇ ਫੋਰ ਵਿਚ ਉਡੰਤ ਹੋ ਗਿਆ।

ਸਤਵੰਤ ਉਥੇ ਹੀ ਬੈਠੀ ਕਰਤਾਰ ਦੇ ਰੰਗਾਂ ਨੂੰ ਦੇਖਦੀ ਹੈ ਕਿ ਮੇਰੇ ਨਸੀਬਾਂ ਵਿਚ ਮਾਮਲੇ ਦੇ ਬਾਅਦ ਮਾਮਲਾ ਲਿਖਿਆ ਹੈ। ਕੋਈ ਚਾਰ ਦਿਨ ਚੈਨ ਦੇ ਨਹੀਂ ਆਉਂਦੇ ਕਿ ਹੋਰ ਤੋਂ ਹੋਰ ਚੱਕਰ ਆ ਪੈਂਦਾ ਹੈ, ਪਰ ਧੰਨ ਹੈ ਕਰਤਾਰ! ਹਰ ਦੁੱਖ 'ਚੋਂ ਕੱਢ ਲੈਂਦਾ ਹੈ। ਇਹ ਹੁਣ ਨਵਾਂ ਕੰਮ ਹੈ, ਹੈ ਤਾਂ ਪਰਉਪਕਾਰ ਦਾ ਪਰ ਦੇਖੀਏ ਕੀ ਹੋ ਸਕਦਾ ਹੈ? ਉਸ ਨੇ ਕਈ ਜੋੜ ਤੋੜ ਲਾਏ, ਪਰ ਛੇਕੜ ਆਪਣੇ ਤੇ ਗੁੱਸਾ ਆਇਆ ਕਿ ਮੈਂ ਆਪਣਾ ਸਮਾਂ ਕਿਸ ਪਾਸੇ ਲਾਇਆ। ਗੁਰਮੁਖ ਪਿਆਰੇ ਜੀ ਦੀ ਕੀਹ ਆਗਿਆ ਸੀ ਤੇ ਮੇਰਾ ਮਨ ਕਿੱਥੇ ਨੂੰ ਟੁਰ ਪਿਆ ਹੈ। ਜੋ ਹੋ ਰਿਹਾ ਹੈ, ਸੋ ਹੋ ਰਿਹਾ ਹੈ, ਜੋ ਗੁਰੂ ਕਰੇਗਾ ਸੋ ਭਲਾ ਕਰੇਗਾ 'ਬੈਠ ਰੇ ਮਨ ਸਬਰ ਕੇ ਹੁਜਰੇ, ਜੇਹੀ ਜੇਹੀ ਆਵੇ ਤੇਹੀ ਤੁਹੀ ਗੁਜਰੇ' ਤੂੰ ਵਾਹਿਗੁਰੂ ਦੇ ਨਾਲ ਰਹੁ, ਸਦਾ ਨਾਲ ਰਹੁ, ਤੇਰੇ ਕੰਮ ਆਪੇ ਸਾਈਂ ਸੁਆਰੇਗਾ।

ਰਾਤ ਅੱਧੀ ਤੋਂ ਵੱਧ ਲੰਘ ਗਈ, ਆਕਾਸ਼ ਦਾ ਚੱਕਰ ਭੌਂ ਗਿਆ, ਸਤਵੰਤ ਕੌਰ ਦੇ ਕੰਨਾਂ ਵਿਚ ਘੋੜੇ ਦੀਆਂ ਟਾਪਾਂ ਦੀ ਆਵਾਜ਼ ਆਈ। ਪੱਥਰਾਂ ਵਿਚ ਲੁਕੀ ਹੋਈ ਨੇ ਧਿਆਨ ਕੀਤਾ, ਅਗਲੀ ਪਲ ਨੂੰ 'ਜਸਵੰਤ' ਦੀ ਆਵਾਜ਼ ਕੰਨੀਂ ਪਈ ਤੇ ਆਗਾ ਖਾਂ ਦਾਈ ਸਣੇ ਆ ਗਿਆ।

ਇਹ ਇਕ ਲੰਮੀ ਪਤਲੀ ਪੰਜਤਾਲੀ ਕੁ ਵਰ੍ਹੇ ਦੀ ਢਲਵੀਂ ਪਰ ਸਡੌਲ ਤੇ ਮਜ਼ਬੂਤ ਜ਼ਨਾਨੀ ਸੀ। ਚਿਹਰਾ ਪਠਾਣੀਆਂ ਵਾਗੂੰ ਗੋਲ ਨਹੀਂ ਸੀ ਸਗੋਂ ਕੁਛ ਲੰਮਾਂ ਤੇ ਪਤਲਾ ਸੀ। ਅੱਖਾਂ ਵਿਚ ਕੁਛ ਉਦਾਸੀ ਤੇ ਬੇਚੈਨੀ ਸੀ, ਪਰ ਇਹ ਸਾਫ ਦਿੱਸਦਾ ਸੀ ਕਿ ਇਹ ਅੱਖਾਂ ਸਮੇਂ ਦੇ ਕਈ ਪਰਤੇ ਦੇਖ ਕੇ ਕੁਛ ਕਰੜੀਆਂ ਹੋ ਚੁੱਕੀਆਂ ਹਨ।

ਜਸਵੰਤ - ਬੜੀ ਫੁਰਤੀ ਨਾਲ ਕੰਮ ਹੋ ਗਿਆ।

ਆਗਾ ਖਾਂ - ਕੁਛ ਅੱਲਾ ਨੇ ਮਦਦ ਕੀਤੀ। ਇਹ ਤਾਂ ਆਪੇ ਆਪਣੇ ਘਰੋਂ ਕਿਸੇ ਹਿੰਮਤ ਹੀਲੇ ਨਾਲ ਤੜਕਸਾਰ ਦੀ ਨਿਕਲ ਤੁਰੀ ਹੋਈ ਸੀ, ਦਿਨ ਭਰ ਲੁਕੀ ਰਹੀ ਤੇ ਟੁਰੀ ਰਹੀ ਸੀ। ਹੁਣ ਕਾਫਲੇ ਦੇ ਮਗਰ ਆ ਰਹੀ ਸੀ ਕਿ ਮੈਨੂੰ ਰਸਤੇ ਵਿਚ ਮਿਲ ਪਈ। ਇਸ ਨੂੰ ਮੇਰੇ ਟੁਰਦੇ ਸਾਰ ਹੀ ਭਿਣਕ ਪੈ ਗਈ ਸੀ ਕਿ ਮੇਰੇ ਪਿਛੋਂ ਕਤਲ ਹੋ ਜਾਏਗੀ, ਇਸ ਲਈ ਇਸ ਨੇ ਉਸ ਘਰ ਦੀ ਬੰਦ ਤੋਂ ਨਿਕਲ ਪੈਣ ਦਾ ਕੋਈ ਰਾਹ ਆਪੇ ਕੱਢ ਲਿਆ ਸੀ। ਸੋ ਹੁਣ ਇਸ ਦੇ ਘਰੋਂ ਗੁੰਮ ਹੋ ਜਾਣ ਕਰਕੇ ਘਰ ਵਾਲੇ ਜਾਣਦੇ ਹਨ ਕਿ ਇਹ ਸਾਥੋਂ ਨਿਕਲ ਗਈ ਹੈ ਅਰ ਸੌ ਵਿਸਵਾ ਸ਼ੱਕ ਏਥੇ ਹੀ ਪੈਣਾ ਹੈ। ਕਾਫਲਾ ਦੋ ਦਿਨ ਅਟਕਿਆ ਰਿਹਾ ਹੈ, ਉਨ੍ਹਾਂ ਨੇ ਸਮਝਣਾ ਹੈ ਕਿ ਦੋ ਦਿਨਾਂ ਵਿਚ ਤਾਂ ਇਹ ਟੁਰ ਕੇ ਬੀ ਪਹੁੰਚ ਪਈ ਹੋਵੇਗੀ। ਸੋ ਖਤਰਾ ਹੈ ਕਿ ਸਵੇਰ ਤੋਂ ਪਹਿਲੇ ਉਹ ਏਥੇ ਆ ਵੱਜਣਗੇ। ਹੁਣ ਜਸਵੰਤ ਸਿੰਘ ਜੀ! ਨਿਤਰਨ ਦਾ ਸਮਾਂ ਹੈ।

ਇਸ ਤਰ੍ਹਾਂ ਗੱਲਾਂ ਕਰਦੇ ਇਹ ਮਲਕੜੇ ਜਿਹੇ ਆਪਣੇ ਤਵੇਲੇ ਵਾਲੇ ਡੇਰੇ ਪਹੁੰਚੇ। ਜਸਵੰਤ ਸਿੰਘ ਨੇ ਏਥੇ ਆ ਕੇ ਆਪਣੀ ਸਿੱਖਾਂ ਵਾਲੀ ਪੁਸ਼ਾਕ ਪਾਈ ਤੇ ਆਪਣੇ ਡੇਰੇ ਜਾ ਕੇ ਆਪਣੇ ਅਸਬਾਬ ਵਿਚੋਂ ਆਪਣੀ ਦੂਜੀ ਮਰਦਾਵੀਂ ਪੁਸ਼ਾਕ ਲਿਆ ਕੇ ਦਾਈ ਨੂੰ ਪਹਿਨਾਈ ਤੇ ਫੇਰ ਡੇਰੇ ਲੈ ਆਈ। ਬ੍ਰਿਧ ਜੀ ਨੂੰ ਜਗਾ ਕੇ ਸਮਝਾਇਆ ਕਿ ਇਹ ਸਾਥੀ ਇਕ ਸੱਜਣ ਹੈ ਕਿਸੇ ਕਾਰਨ ਨੌਕਰ ਕਰਕੇ ਨਾਲ ਰੱਖਣਾ ਹੈ ਤੇ ਇਸ ਦੇ ਰੱਖਣ ਵਿਚ ਫੌਜਦਾਰ

ਆਗਾ ਖਾਂ ਦਾ ਗੁਪਤ ਹੁਕਮ ਹੈ ਸੋ ਪ੍ਰਗਟ ਨਹੀਂ ਕਰਨਾ ਤੇ ਗੱਲ ਨੂੰ ਨਿਬਾਹੁਣਾ ਹੈ, ਮੈਂ ਖਾਲਸੇ ਵਾਲਾ ਬਚਨ ਦੇ ਆਇਆ ਹਾਂ।

ਬਿਰਧ ਪੁਰਖ ਨੇ ਕਿਹਾ ਸਤਿ ਬਚਨ। ਹੁਣ ਬਾਕੀ ਰਾਤ ਮਲਕੜੇ ਬੀਤ ਗਈ। ਦਿਨ ਹੋਣ ਤੋਂ ਪਹਿਲਾਂ ਹੀ ਆਗਾ ਖਾਂ ਦਾ ਭਿਆਨਕ ਪਿਤਾ ਆ ਪਹੁੰਚਾ, ਕਾਫਲੇ ਦੇ ਅਟਕ ਜਾਣ ਕਰਕੇ ਮਿਲਣੇ ਦਾ ਬਹਾਨਾ ਆਪਣੇ ਆਉਣ ਦਾ ਕਾਰਨ ਦੱਸਿਆ। ਫੇਰ ਸਰਸਰੀ ਗੱਲ ਦਾਈ ਦੇ ਗੁੰਮ ਹੋ ਜਾਣ ਦੀ ਚਾਲੀ। ਇਧਰ ਪਿਤਾ ਪੁੱਤਰ ਗੱਲ ਕਰਦੇ ਰਹੇ ਉਧਰ ਉਸ ਦੇ ਸਾਥੀਆਂ ਨੇ ਕਾਫਲੇ ਵਿਚ ਢੂੰਡ ਭਾਲ ਕਰ ਲਈ, ਪੱਤ ਪੱਤ ਫਿਰ ਕੇ ਵੇਖ ਲਿਆ। ਇਸ ਗਰੀਬ ਪੁੱਤਰ ਦਾ ਡੇਰਾ ਫੁਲਵਾ ਲੈਣਾ ਤਾਂ ਚੰਚਲ ਪਿਤਾ ਦਾ ਇਕ ਮਾਮੂਲੀ ਕੰਮ ਸੀ, ਜੋ ਬੇਮਲੂਮ ਹੋ ਗਿਆ।

ਹੁਣ ਦਿਨ ਚੋਖਾ ਚੜ੍ਹ ਪਿਆ ਸੀ, ਲੋਕੀਂ ਆਗਾ ਖਾਂ ਦੀ ਆਗਿਆ ਮੰਗ ਰਹੇ ਸੀ ਕਿ ਕੂਚ ਦੀ ਆਗਿਆ ਦੇ ਦਿੱਤੀ। ਜਿਉਂ-ਜਿਉਂ ਲੋਕੀਂ ਟੁਰੇ, ਨਾਕੇ ਤੇ ਖੜ੍ਹ ਕੇ ਆਗਾ ਖਾਂ ਦੇ ਪਿਤਾ ਦੇ ਸੂੰਹੀਆਂ ਨੇ ਇਕ-ਇਕ ਆਦਮੀ ਤੇ ਤ੍ਰੀਮਤ ਨੂੰ ਡਿੱਠਾ ਜਸਵੰਤ ਦੀ ਵਾਰੀ ਵੀ ਆਈ, ਦਾਈ ਤੇ ਉਹ ਦੋਵੇਂ ਬੇਝੱਕ ਹੱਸਦੇ ਖੇਡਦੇ ਲੰਘ ਗਏ। ਅਹਿਦੀਆਂ ਨੇ ਵੱਟੇ ਹੋਏ ਭੇਸ ਵਿਚ ਕੁਛ ਨਾ ਦਸਿਆ ਕਿ ਕੀ ਹੋ ਗਿਆ ਹੈ। ਹੁਣ ਪਿਆਰ ਦਾ ਕੁੱਠਾ, ਪਰ ਨਿਰਦਈ ਪਿਤਾ, ਪੁੱਤਰ ਨੂੰ ਗਲ ਲਾ ਕੇ ਮਿਲਦਾ ਤੇ ਅਸੀਸਾਂ ਦਿੰਦਾ ਵਿਦਾ ਹੋ ਗਿਆ, ਪਰ ਨੌਕਰਾਂ ਦੇ ਟੋਲੇ ਵਿਚੋਂ ਦੋ ਚਾਰ ਸੂੰਹੀਏ ਛੱਡ ਗਿਆ, ਜੋ ਸੂੰਧਕ ਰੱਖਣ ਕਿ ਪਾਪਣ ਦਾਈ ਕਿਤੇ ਅੱਗੇ ਜਾ ਕੇ ਆਗਾ ਖਾਂ ਦੇ ਕਾਫਲੇ ਨੂੰ ਨਾ ਆ ਮਿਲੇ ਅਰ ਪਿਤਾ ਪੁੱਤਰ ਵਿਚ ਦੁਫੇੜ ਨਾ ਪੁਆ ਦੇਵੇ।

ਖੈਰ, ਸਿੱਕਾਂ ਸਿਕਦਿਆਂ ਤੇ ਦੁੱਖਾਂ ਦੇ ਬਨ ਝੀਲਦਿਆਂ ਗਰੀਬ ਸਤਵੰਤ ਦੀਆਂ ਵਾਗਾਂ ਵਤਨ ਨੂੰ ਪਰਤੀਆਂ ਤੇ ਲੱਗਾ ਕਾਫਲਾ ਟੁਰਨ। ਹੁਣ ਉਸ ਦੀ ਕੈਦ ਦੀ ਭੂਮੀ ਵੱਲ ਪਿੱਠ ਹੈ ਤੇ ਪਿਆਰੇ ਵਤਨ ਵੱਲ ਰੁਖ ਹੋਇਆ ਹੈ। ਸ਼ੁਕਰ ਹੈ ਮੁਹਾੜਾ ਪਰਤਾ ਦੇਣ ਵਾਲੇ ਅਰਸ਼ੀ ਮਾਲਕ ਦਾ।

ਤੀਸਰੀ ਮੰਜ਼ਲ ਆਈ। ਕਾਫਲੇ ਨੇ ਡੇਰੇ ਕੀਤੇ। ਸਭ ਲੋਕ ਆਪੇ ਆਪਣੇ ਆਹਰਾਂ ਵਿੱਚ ਲੱਗੇ। ਇਸ ਵੇਲੇ ਜਸਵੰਤ ਜੀ ਤੇ ਨਵੇਂ ਸਾਥੀ, ਜਿਸ ਦਾ ਨਾਉਂ 'ਸਾਂਈਂ' ਜੀ ਕਰਕੇ ਰੱਖਿਆ ਸੀ, ਇਕਲਵਾਂਜੇ ਬੈਠੇ ਗੱਲੀਂ ਬਾਤੀਂ ਲਗ ਰਹੇ ਹਨ -

ਸਾਂਈਂ - ਤੁਸੀਂ ਮੇਰੇ ਆਗਾ ਦੇ ਕਦ ਕੁ ਦੇ ਜਾਣੂ ਹੋ, ਜੋ ਉਨ੍ਹਾਂ ਨੇ ਤੁਸਾਂ ਉਤੇ ਇਤਨਾ ਇਤਬਾਰ ਕਰ ਲੀਤਾ ਹੈ?

ਜਸਵੰਤ - ਵਾਕਵੀ ਤਾਂ ਪੁਰਾਣੀ ਨਹੀਂ, ਪਰ ਸ਼ਾਇਦ ਸਿੱਖ ਜਾਣ ਕੇ ਭਰੋਸਾ ਕਰ ਲੀਤਾ ਨੇ।

ਸਾਈਂ - ਹਾਂ ਠੀਕ ਹੈ! ਮੈਨੂੰ ਖਿਆਲ ਨਹੀਂ ਆਇਆ। ਸਿੱਖ ਤੇ ਸੱਚ ਦੋਵੇਂ ਇਕ ਸ਼ੈ ਤੇ ਇਕ ਰੂਪ ਹਨ।

ਜਸਵੰਤ - ਗੁਰੂ ਜੀ ਦਾ ਪ੍ਰਤਾਪ ਹੈ।

ਸਾਂਈਂ - ਤੁਸੀਂ ਪਿਸ਼ੌਰ ਤਕ ਜਾਸੋ?

ਜਸਵੰਤ - ਨਹੀਂ ਅਗੇਰੇ ਜਾਣਾ ਹੈ। (ਛਾਤੀ ਨਾਲ) ਪਰ ਤੁਸੀਂ ਹੁਣ ਕੀ ਕਰੋਗੇ?

ਸਾਈਂ - ਕਿਉਂ?

ਜਸਵੰਤ - ਤੁਸੀਂ ਦੋਵੇਂ ਮਾਂ ਪੁੱਤ੍ਰ (ਆਖਾਂ, ਹੋਰ ਕੀ ਆਖਾਂ) ਐਸ ਤਰ੍ਹਾਂ ਟੁਰੇ ਹੋ ਕੇ ਮੁੜ ਕੇ ਇਸ ਧਰਤੀ ਵਿਚ ਆਉਣ ਜੋਗੇ ਨਹੀਂ ਹੋ, ਖਾਸ ਕਰ ਤੂੰ ਤਾਂ ਨਹੀਂ ਆ ਸਕਦੀ।

ਸਾਂਈਂ - ਹੈ ਤਾਂ ਠੀਕ, ਪਰ ਆਗਾ ਖਾਂ ਵਾਪਸ ਆ ਸਕਦਾ ਹੈ।

ਜਸਵੰਤ - ਠੀਕ ਹੈ, ਪਰ ਤੁਹਾਡਾ ਦੁਹਾਂ ਦਾ ਪਿਆਰ ਵਿਛੜਨ ਵਾਲਾ ਨਹੀਂ ਜਾਪਦਾ।

ਸਾਂਈਂ - ਇਹ ਬੀ ਸੱਚ ਹੈ ਤੇ ਹੋਵੇ ਬੀ ਕੀਕੂੰ ਨਾ। ਇਹ ਅਜੇ ਬੱਚਾ ਹੀ ਸੀ, ਤ੍ਰੈ ਵਰ੍ਹੇ ਦਾ ਕਿ ਮਾਂ ਮਰ ਗਈ, ਫੇਰ ਮੈਂ ਹੀ ਇਸਨੂੰ ਪਾਲਿਆ। ਉਂਵ ਨਿਕੇ ਹੁੰਦੇ ਨੂੰ ਬੀ ਮੈਂ ਹੀ ਦੁੱਧ ਚੁੰਘਾਉਂਦੀ ਤੇ ਖਿਡਾਉਂਦੀ ਸਾਂ, ਮਾਂ ਤਾਂ ਵਿਚਾਰੀ ਅਤਿ ਸੁਹਲ ਜਿੰਦ ਸੀ, ਰਤਾ ਕੁ ਹਵਾ ਦਾ ਹੁਲਾਰਾ ਆਵੇ ਤਾਂ ਸਰੀਰ ਨਿਫਰ ਹੋ ਜਾਂਦਾ ਸਾਸੁ। ਸੋ ਇਹ ਲਾਲ ਮੇਰੇ ਹੀ ਥਣਾਂ ਤੇ ਪਲਿਆ ਤੇ ਮੇਰੀ ਹੀ ਗੋਦ ਖੇਲਿਆ ਹੈ। ਮੇਰੀਆਂ ਹੀ ਆਂਦਰਾਂ ਨੂੰ ਪੁੱਤਰਾਂ ਵਾਲੀ ਧ੍ਰੂ ਹੈ ਤੇ ਉਸ ਦੀਆਂ ਆਂਦਰਾਂ ਨੂੰ ਮਾਂ ਵਾਲੀ ਮਮਤਾ ਮੇਰੇ ਨਾਲ ਹੈ, ਦੇਖੋ ਵਿਚਾਰੇ ਨੇ ਮੇਰੇ ਪਿਛੇ ਹੁਣ ਤਕ ਕਿਤਨਾ ਦੁੱਖ ਝੱਲਿਆ ਹੈ। ਅਜੇ ਜੀਕੂੰ ਤੁਸਾਂ ਕਿਹਾ ਹੈ, ਕੀ ਪਤਾ ਹੈ ਕਿ ਦੇਸ਼ ਬੀ ਛੱਡਣਾ ਪੈ ਜਾਵੇ ਸੁ। ਅੰਗ ਪਾਲ, ਬਚਨ ਦਾ ਪੂਰਾ ਸੱਚ ਤੇ ਭਰੋਸਾ ਕਰਨ ਵਾਲਾ ਹੈ। ਏਸ ਧਰਤੀ ਦੇ ਲੋਕ ਤਾਂ ਡਾਢੇ ਵਲਦਾਰ ਹਨ, ਪਰ ਏਸ ਨੂੰ ਵਲ ਛਲ ਨਹੀਂ ਹੈ।

ਜਸਵੰਤ - ਇਨ੍ਹਾਂ ਦੀ ਮਾਤਾ ਜੀ (ਸੁਰਗਵਾਸ ਹੋ ਗਏ ਨੇ) ਕਿਸ ਔਹਰ ਨਾਲ ਗੁਜ਼ਰੇ ਸੇ?

ਸਾਈਂ - ਔਹਰ ਕਾਹਦੀ ਸੀ, ਇਸੇ ਕੋਰੜ ਪਠਾਣ ਦਾ, ਜੋ ਸਵੇਰੇ ਪੁੱਤ-ਪੁੱਤ ਕਰਦਾ ਮੱਥੇ ਸੁੰਘਦਾ ਤਲਾਸ਼ੀਆਂ ਲੈ ਗਿਆ ਹੈ, ਗੁੱਸਾ ਵਿਚਾਰੀ ਨੂੰ ਖਾ ਗਿਆ।

ਜਸਵੰਤ - ਡਾਢੀ ਕੋਮਲ ਹੋਣੀ ਹੈ, ਜੋ ਗੁੱਸੇ ਨਾਲ ਮਰ ਗਈ, ਕੁੜ੍ਹ ਕੁੜ੍ਹ ਕੇ ਕਿਸੇ ਖਈ ਰੋਗ ਨਾਲ ਟੁਰ ਗਈ ਹੋਊ?

ਸਾਂਈਂ - (ਜ਼ਹਿਰ ਭਰੇ ਹਾਸੇ ਨਾਲ) - ਖਈ ਨਹੀਂ, ਹੈਜ਼ੇ ਨਾਲੋਂ ਬੀ ਛੇਤੀ ਨਾਲ।

ਜਸਵੰਤ - ਉਹ ਕੀਕੂੰ?

ਸਾਂਈਂ - ਤਲਵਾਰ ਦੀ ਆਬਦਾਰ ਧਾਰ ਨਾਲ।

ਜਸਵੰਤ - (ਤ੍ਰਬਕ ਕੇ) ਇਸਤ੍ਰੀ ਪਰ ਤਲਵਾਰ ਦਾ ਵਾਰ! (ਰੋਕੇ) ਕਿਹੇ ਕਠੋਰ ਤੇ ਜਾਂਗਲੀ ਲੋਕ ਹਨ। (ਪਰਮੇਸ਼ੁਰ ਤਰਸ ਕਰੇ ਉਸ ਦੀ ਰੂਹ ਉਤੇ) ਗਰੀਬਣੀ ਵਿਚ ਦੋਸ਼ ਸੀ?

ਸਾਂਈਂ - ਸੁੱਚਾ ਹੀਰਾ, ਨਿਰੀ ਨਿਰਦੋਸ਼। ਨਿਰਦੋਸ਼ ਹੋਣਾ ਹੀ ਤਾਂ ਕਤਲ ਦਾ ਕਾਰਨ ਸੀ, ਦੋਸ਼ੀ ਹੁੰਦੀ ਤਾਂ ਕੌਣ ਮਾਰਦਾ? ਏਸ ਧਰਤੀ ਵਿਚ ਧਰਮੀਆਂ ਲਈ ਕਤਲ ਹੈ। ਤੁਸੀਂ ਲੋਕ ਸਾਨੂੰ

ਰਾਖਸ਼ ਏਸੇ ਅਧਰਮ ਕਰਨ ਕਰਕੇ ਆਖਦੇ ਹੋ।

ਜਸਵੰਤ - ਨਿਰਦੋਸ਼ ਨੂੰ ਕਿਉਂ ਮਾਰਿਆਂ? ਗੁੱਸਾ ਕਿਸ ਗੱਲੇ ਭੜਕਿਆਂ?

ਸਾਂਈਂ ਹੱਸ ਪਿਆ ਤੇ ਜਸਵੰਤ ਦੇ ਹੱਥ ਘੁੱਟ ਕੇ ਕਹਿਣ ਲੱਗਾ ਆਓ ਕੁਛ ਕੰਮ ਕਰੀਏ, ਡੇਰੇ ਵਿਚ ਮਦਦ ਦੀ ਲੋੜ ਹੋਣੀ ਹੈ, ਗੱਲਾਂ ਫੇਰ ਕਰਾਂਗੇ। ਹਾਂ ਇੱਕ ਗੱਲ ਹੈ, ਮੇਰਾ ਬੱਚਾ ਡਾਢਾ ਸਿੱਧਾ ਹੈ, ਉਸ ਨੇ ਹੁਣ ਮੈਨੂੰ ਮਿਲਣ ਆਉਣਾ ਹੈ। ਚੰਗਾ ਹੋਵੇ ਜੇ ਤੂੰ ਕਿਸੇ ਬਹਾਨੇ ਮਿਲ ਆਵੇਂ ਸੁ ਕਿ ਕੁਛ ਦਿਨ ਮੈਨੂੰ ਨਾ ਮਿਲੇ। ਉਸ ਦਾ ਕਪਟੀ ਪਿਤਾ ਜ਼ਰੂਰ ਸੂੰਹੀਏ ਛੱਡ ਗਿਆ ਹੋਣਾ ਹੈ, ਜਿਨ੍ਹਾਂ ਨੇ ਮੇਰੀ ਢੂੰਡ ਭਾਲ ਰੱਖਣੀ ਹੈ। ਜੇ ਕਿਤੇ ਉਨ੍ਹਾਂ ਨੇ ਇਧਰ ਬਹੁਤ ਆਉਂਦਾ ਜਾਂਦਾ ਤੇ ਮਿਲਦਾ ਗਿਲਦਾ ਤੱਕ ਲਿਆ, ਸ਼ੱਕ ਪੈ ਗਿਆ, ਖੋਜ ਨਿਕਲ ਗਿਆ ਤਾਂ ਮੇਰਾ ਤਾਂ ਤੱਤੜੀ ਦਾ ਕੀਹ ਹੈ, ਪਾਪੀ ਪਿਤਾ ਨੇ ਮੇਰੇ ਲਾਲ ਨੂੰ ਤੂੰਬਾ-ਤੂੰਬਾ ਕਰਕੇ ਉਡਾ ਦੇਣਾ ਹੈ। ਲਾਲ ਨੂੰ ਮੇਰੀ ਜ਼ਬਾਨੀ ਕਹਿ ਆ ਕਿ ਆਂਪਣੇ ਚਾਰ ਚੁਫੇਰੇ ਖਿਆਲ ਰੱਖੇ ਅਰ ਬਹੁਤ ਮਿਹਨਤ ਕਰੇ ਤਾਂ ਉਸ ਨੂੰ ਜ਼ਰੂਰ ਆਪਣੇ ਉਤੇ ਛੱਡੇ ਹੋਏ ਜਸੂਸ ਇਸ ਕਾਫਲੇ ਵਿੱਚ ਲੱਭ ਪੈਣਗੇ।

ਜਸਵੰਤ ਸਿੰਘ ਨੇ ਸਮਝ ਲਿਆਂ ਕਿ ਦਾਈ ਗੱਲ ਵਲਾ ਗਈ ਹੈ ਅਰ ਅਸਲ ਭੇਤ ਨਹੀਂ ਦਸਿਆ ਸੁ, ਪਰ ਖੈਰ ਕੀਹ ਹੋਇਆ, ਸਹਿਜੇ ਸਹਿਜੇ ਗੱਲ ਖੁਲ੍ਹ ਜਾਏਗੀ ਤੇ ਉਂਝ ਪਰਾਏ ਭੇਤ ਪਾੜਨ ਲਈ ਮੈਂ ਕਿਉਂ ਜ਼ੋਰ ਲਾਵਾਂ। ਹੁਣ ਮੈਂ ਇਸ ਦਾ ਕੰਮ ਕਰ ਆਵਾਂ। ਇਹ ਸੋਚ ਕੇ ਕੁਛ ਆਪਣੇ ਸਫਰ ਸਬੰਧੀ ਕੰਮ ਲੈ ਕੇ ਆਗਾ ਖਾਂ ਨੂੰ ਜਾ ਮਿਲਿਆ ਅਰ ਉਚੀ ਉਚੀ ਉਹ ਕੰਮ ਦੱਸ ਕੇ ਉਸ ਨੂੰ ਮੌਕੇ ਦੇ ਦਿਖਾਉਣ ਲਈ ਕਿ ਜਿਥੋਂ ਦਾ ਕੰਮ ਦੱਸਿਆ ਸੀ ਨਾਲ ਲੈ ਆਂਦਾ ਤੇ ਰਸਤੇ ਵਿਚ ਹੌਲੇ ਹੌਲੇ ਦਾਈ ਦਾ ਸੁਨੇਹਾ ਸੁਣਾ ਦਿੱਤਾ। ਆਗਾ ਇਹ ਸੁਣ ਕੇ ਅਚੰਭਾ ਰਹਿ ਗਿਆ, ਪਰ ਗੱਲ ਉਸ ਦੇ ਦਿਲ ਲੱਗੀ। ਉਹ ਆਪਣੀ ਪਾਲਕ ਮਾਂ ਦੀ ਅਕਲ ਦਾ ਬੜਾ ਕਦਰ ਪਾਉਣ ਵਾਲਾ ਸੀ, ਕਿਉਂਕਿ ਉਹ ਜਦ ਬੋਲਦੀ ਪਤੇ ਦੀ ਬੋਲਦੀ ਹੁੰਦੀ ਸੀ। ਉਸਨੂੰ ਸੁਣਦੇ ਸਾਰ ਤਸੱਲੀ ਆ ਗਈ ਕਿ ਅੰਮਾਂ ਸੱਚ ਆਖਦੀ ਹੈ। ਸੋ ਗੱਲਬਾਤ ਕਰਦੇ ਉਹ ਡੇਰੇ ਨੂੰ ਮੁੜ ਗਿਆ ਅਰ ਚੁੱਪ ਚਾਪ ਏਸੇ ਤਲਾਸ਼ ਭਾਲ ਵਿੱਚ ਲਗ ਪਿਆ ਕਿ ਕਿਹੜਾ ਕਿਹੜਾ ਆਦਮੀ ਮੇਰੇ ਹੀ ਕਾਫਲੇ ਵਿਚ ਮੇਰੇ ਤੇ ਹੀ ਸੂੰਹੀਆਂ ਹੋ ਸਕਦਾ ਹੈ।

ਰਾਤ ਫੇਰ ਆ ਗਈ ਤੇ ਕਾਫਲੇ ਨੇ ਉਤਾਰਾ ਕੀਤਾ। ਜਸਵੰਤ ਤੇ ਸਾਂਈਂ ਰੋਟੀ ਖਾ ਕੇ ਇਕਲਵੰਜੇ ਜਾ ਬੈਠੇ ਤੇ ਕਈ ਗੱਲਾਂ ਬਾਤਾਂ ਛਿੜ ਪਈਆਂ।

ਸਾਂਈਂ - ਇਸ ਧਰਤੀ ਵਿਚ ਹਜ਼ਾਰਾਂ ਲੱਖਾਂ ਲੋਕ ਪਠਾਣ ਹੀ ਨਹੀਂ ਹਨ, ਪਰ ਹਿੰਦੁਸਤਾਨ ਤੋਂ ਫੜ ਕੇ ਆਂਦੇ ਹਿੰਦੂ ਵਿਚੇ ਹੀ ਰਲ ਮਿਲ ਜਾਂਦੇ ਹਨ।

ਜਸਵੰਤ - ਫੜ ਕੇ ਆਂਦੇ, ਚੁੱਪ ਕੀਤੇ ਰਲ ਜਾਂਦੇ ਹਨ?

ਸਾਂਈਂ - ਤੇ ਹੋਰ ਕਰਨ ਬੀ ਕੀਹ? ਤਲਵਾਰ ਸਿਰ ਤੇ ਸ਼ੂਕਦੀ ਹੈ, ਬਣ ਕੁਛ ਸਕਦਾ ਨਹੀਂ। ਆਪਣੇ ਦੇਸ਼ ਵਿਚ ਕੁਝ ਸਾਹਸ ਨਹੀਂ ਜੋ ਕਿਸੇ ਦੀ ਆਸ ਰੱਖੀ ਜਾਵੇ ਕਿ ਕੋਈ ਆਪਣਾ ਪਾਤਸ਼ਾਹ ਆਵੇਗਾ ਜੋ ਕਦੇ ਛੁਡਾਵੇਗਾ। ਨਿਰਾਸ, ਦੁੱਖੀ, ਭੁੱਖਾਂ, ਦੁਖਾਂ ਦੇ ਮਾਰੇ ਕਲਿਆਨ ਕਲਮੇ ਵਿਚ ਹੀ ਸਮਝਦੇ ਹਨ।

ਜਸਵੰਤ - ਪਰ ਮੁਸਲਮਾਨ ਹੋ ਕੇ ਕੁਛ ਅਰਸ਼ ਤੇ ਤਾਂ ਨਹੀਂ ਚੜ੍ਹ ਜਾਂਦੇ ਹੋਣੇ?

ਸਾਂਈਂ - ਇਹ ਤਾਂ ਠੀਕ ਹੈ, ਪਰ ਪੇਟ ਭਰ ਰੋਟੀ ਤਾਂ ਲੱਭ ਜਾਂਦੀ ਹੈ ਤੇ ਮੌਤ ਦਾ ਭੈ ਦੂਰ ਹੋ ਜਾਂਦਾ ਹੈ।

ਜਸਵੰਤ - ਇਹ ਗੱਲ ਮੰਨੀ, ਪਰ ਜੇ ਕਤਲ ਹੀ ਹੋ ਜਾਣ ਤਾਂ ਗੁਲਾਮੀ ਦੀ ਜ਼ਿੰਦਗੀ ਤੋਂ ਤਾਂ ਛੁੱਟ ਜਾਣ। ਧਰਮ ਤੇ ਖੁੱਲ੍ਹ ਗੁਆ ਕੇ ਜੀਉਣਾ ਬੀ ਕੀਹ ਜੀਉਣਾ ਹੈ?

ਸਾਂਈਂ - ਹਿੰਦੂਆਂ ਵਿਚ ਤਾਂ ਇਤਨਾ ਬਲ ਨਹੀਂ ਰਿਹਾ। ਹਾਂ, ਸਿੱਖ ਹਨ ਜੋ ਕੈਦ ਨਹੀਂ ਪੈਂਦੇ, ਜੇ ਕਦੇ ਕੋਈ ਫਸੇ ਤਾਂ ਰਸਤੇ ਵਿਚ ਹੀ ਇਨ੍ਹਾਂ ਨਾਲ ਲੜ ਭਿੜਕੇ ਮਰ ਜਾਂਦਾ ਹੈ। ਜੇ ਕਿਤੇ ਕੋਈ ਬੁਰੇ ਹਾਲੀਂ ਆ ਹੀ ਪਹੁੰਚੇ, ਤਾਂ ਉਹ ਜ਼ਰੂਰ ਮਰਨਾ ਹੀ ਪਸੰਦ ਕਰਦਾ ਹੈ। ਅਜੇ ਤੱਕ ਕਿਸੇ ਸਿੱਖ ਇਸਤ੍ਰੀ ਯਾ ਪੁਰਖ ਨੇ ਏਥੇ ਆ ਕੇ ਧਰਮ ਨਹੀਂ ਦਿੱਤਾ ਤੇ ਨਾ ਹੀ ਗੁਲਾਮੀ ਸਿਰ ਚਾਈ ਹੈ। ਖੁੱਲ੍ਹ ਦਾ ਪਿਆਰ ਤੇ ਧਰਮ ਦੀ ਆਣ ਇਨ੍ਹਾਂ ਵਿਚ ਜ਼ਰੂਰ ਹੈ। ਹਨ ਸਿੱਖ ਹਿੰਦੀ ਤੇ ਅਕਸਰ ਹਿੰਦੂ ਕੁਲ ਵਿਚੋਂ ਪਰ ਅੰਮ੍ਰਿਤ ਛਕਦੇ ਸਾਰ ਹੋਰ ਦੇ ਹੋਰ ਹੋ ਜਾਂਦੇ ਹਨ। ਤੁਸੀਂ ਇਹ ਗੱਲ ਬੜੀ ਹੈਰਾਨੀ ਨਾਲ ਸੁਣ ਰਹੇ ਹੋ, ਕੀ ਤੁਸਾਂ ਕਦੇ ਸਿੱਖ ਦੀ ਏਥੇ ਕਤਲ ਦੀ ਚਰਚਾ ਆਪ ਨਹੀਂ ਸੁਣੀ? ਐਹ ਥੋੜ੍ਹਾ ਹੀ ਚਿਰ ਹੋਇਆ ਇੱਕ ਸਿੱਖ ਮੁਟਿਆਰ ਅਮੀਰ ਦੇ ਮਹਿਲਾਂ ਵਿਚ ਜਾਂਦੀ ਹੀ ਆਪਣੇ ਕਮਰੇ ਨੂੰ ਅੱਗ ਲਾ ਕੇ ਸੜ ਮੋਈ, ਧਰਮੋਂ ਨਹੀਂ ਡਿੱਗੀ। ਸੁਣਿਆਂ ਸਾ ਜੇ ਕਿ ਨਹੀਂ?

ਜਸਵੰਤ ਸਿੰਘ - ਹਾਂ, ਇਸ ਮਾਮਲੇ ਦੀ ਮੈਨੂੰ ਖਬਰ ਹੈ। ਸਿੱਖ ਐਸੇ ਹੀ ਹੁੰਦੇ ਹਨ। ਮੈਂ ਆਪ ਬੀ ਸਿੱਖ ਹੀ ਜਾਂ।

ਸਾਈਂ - ਪਰ ਗੁੱਸਾ ਨਾ ਕਰਨਾ, ਜੋ ਸਿੱਖ ਏਥੋਂ ਦੇ ਰਹਿਣ ਵਾਲੇ ਹਨ, ਉਹ ਜ਼ਰਾ ਲਾਂਭੇ ਰਹਿ ਕੇ ਵਕਤ ਕੱਟਦੇ ਹਨ, ਪਰ ਜੋ ਦੇਸ਼ ਤੋਂ ਫੜੇ ਆਉਂਦੇ ਹਨ ਉਹ ਤਾਂ ਸਜਰੇ ਬਨੋਂ ਫੜ ਕੇ ਆਂਦੇ ਸ਼ੇਰ ਵਾਂਙ ਡਾਢੇ ਰੋਹ ਭਰੇ ਤੇ ਜੋਸ਼ ਵਾਲੇ ਹੁੰਦੇ ਹਨ। ਪਠਾਣ ਬੀ ਉਨ੍ਹਾਂ ਦਾ ਲੋਹਾ ਮੰਨਦੇ ਹਨ। ਪਰ ਸਿੱਖ ਫੜਿਆ ਆਵੇ? ਇਹ ਗੱਲ ਬੜੀ ਹੀ ਘੱਟ ਹੁੰਦੀ ਹੈ।

ਜਸਵੰਤ - ਤੁਸੀਂ ਠੀਕ ਆਖਦੇ ਹੋ। ਪੰਜਾਬ ਵਿਚ ਸਿੱਖ ਫਖਰ ਕਰਦੇ ਹਨ ਕਿ ਉਨ੍ਹਾਂ ਦਾ ਇੱਕ ਬੱਚਾ ਵੀ ਕੈਦ ਵਿਚ ਪੈ ਕੇ ਗੁਲਾਮ ਨਹੀਂ ਬਣਿਆ। ਯਾ ਤਾਂ ਕਤਲ ਹੋਇਆ ਹੈ ਯਾ ਕਿਵੇਂ ਨਾ ਕਿਵੇਂ ਦੇਸ਼ ਵਾਪਸ ਪਹੁੰਚਾ ਹੈ।

ਸਾਈਂ - ਠੀਕ ਹੈ। ਇਨ੍ਹਾਂ ਵਿਚ ਕੁਝ ਐਸਾ ਅੱਗ ਦਾ ਚੁਆੜਾ ਲੁਕਿਆ ਹੋਇਆ ਹੈ ਕਿ ਜੰਮਦੇ ਨੂੰ ਮੁਸਲਮਾਨ ਕਰ ਘੱਤੋ, ਵਰਿਹਾਂ ਬੱਧੀ ਮੁਸਲਮਾਨ ਘਰਾਂ ਵਿਚ ਪਾਲੋ, ਜਦੋਂ ਕੰਨ ਵਿਚ ਫੂਕ ਦਿਓ ਕਿ ਤੂੰ ਸਿੱਖ ਦੀ ਓਲਾਦ ਹੈਂ, ਬੱਸ ਕੋਇਲ ਦੇ ਬੱਚੇ ਵਾਂਙੂ ਉਡਾਰੀ ਮਾਰੀ ਤੇ ਆਪਣੀ ਮਾਂ ਕੋਲ।

ਜਸਵੰਤ - (ਇਕ ਲੰਮਾ ਸਾਹ ਲੈ ਕੇ ਸਾਈਂ ਵੱਲ ਨੀਝ

ਲਾ ਕੇ) ਤੁਸੀਂ ਤਾਂ ਪਠਾਣ ਹੋ, ਸਿੱਖਾਂ ਦੀ ਐਡੀ ਮਹਿਮਾ ਕਿਉਂ?

ਸਾਂਈਂ - ਮੈਂ ਸੱਚ ਕਹਿੰਦੀ ਹਾਂ, ਝੂਠੀ ਮਹਿਮਾ ਨਹੀਂ ਕਰਦੀ। ਨਾ ਕੁਸ਼ਾਂਮਤ ਕਰਦੀ ਹਾਂ ਕਿ ਚਾਰ ਦਿਨ ਤੁਹਾਡੇ ਨਾਲ ਵਾਹ ਪਿਆ ਹੈ, ਇਸ ਕਰਕੇ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਲੁਭਾ ਲਵਾਂ। ਮੈਂ ਤਾਂ ਤੋਲਵੀਂ ਗੱਲ ਆਖਦੀ ਹਾਂ ਅਰ ਰਤਾ ਭਰ ਵਾਧਾ ਨਹੀਂ ਕਰਦੀ।

ਜਸਵੰਤ - ਸ੍ਰੀ ਵਾਹਿਗੁਰੂ! ਤੁਹਾਡਾ ਖਿਆਲ ਕਿੱਧਰ ਗਿਆ ਹੈ? ਮੈਂ ਤਾਂ ਇਸ ਕਰਕੇ ਪੁੱਛਿਆ ਹੈ ਕਿ ਜਰਵਾਣਿਆਂ ਦਾ ਸੁਭਾਵ ਹੁੰਦਾ ਹੈ ਕਿ ਸੱਚ ਦਾ ਬੀ ਇਕਰਾਰ ਨਹੀਂ ਕਰਦੇ, ਜੇ ਕਰਨ ਤਾਂ ਸਾਨੂੰ ਸੱਚਿਆਂ ਨੂੰ ਸਾਡੇ ਦੇਸ਼ ਵਿਚ ਜਾ ਕੇ ਕਿਉਂ ਮਾਰਨ? ਤੁਸੀਂ ਸਾਡੇ ਲੋਹੇ ਨੂੰ ਮੰਨਦੇ ਹੋ, ਇਸ ਕਰਕੇ ਪਿਆਰ ਦੀ ਹੈਰਾਨੀ ਵਿਚ ਮੈਂ ਇਹ ਪ੍ਰਸ਼ਨ ਪੁੱਛਿਆ ਸੀ।

ਸਾਈਂ - ਨਹੀਂ ਜੀ, ਰੰਜ ਦੀ ਗੱਲ ਨਹੀਂ ਹੈ, ਮੈਂ ਸਮਝਦੀ ਹਾਂ ਕਿ ਤੁਸੀਂ ਲੋਕ, ਜੋ ਕਹਿੰਦੇ ਹੋ, ਝੂਠ ਕਦੇ ਨਹੀਂ ਹੁੰਦਾ। ਤੁਹਾਡੇ ਗੁਣ ਐਸੇ ਹਨ ਕਿ ਦੁਸ਼ਮਣ ਬੀ ਮਹਿਮਾ ਕਰਨੋਂ ਨਹੀਂ ਰੁਕਦਾ। ਭਲਾ ਨਾਦਰਸ਼ਾਹ ਵਰਗਾ ਜ਼ਾਲਮ ਪਾਤਸ਼ਾਹ ਹੋਵੇ, ਦੇਸ਼ ਵਿਚ ਲਹੂ ਦੇ ਦਰਿਆ ਵਗਾ ਕੇ ਤੇ ਉਹ ਥਲਕਾ ਮਚਾ ਕੇ ਆਇਆ ਹੋਵੇ ਕਿ ਸਦੀਆਂ ਤੱਕ ਦੁਨੀਆਂ ਨਾ ਭੁੱਲੇਗੀ; ਓਸ ਜ਼ਾਲਮ ਪਾਸੋਂ ਅਟਕ ਤੇ ਆ ਕੇ ਆਪਣੇ ਦੇਸ਼ ਦੀਆਂ 2100 ਹਿੰਦੂ ਜ਼ਨਾਨੀਆਂ ਖੋਹ ਕੇ ਵਾਪਸ ਲੈ ਜਾਣਾ ਇਹ ਇਨ੍ਹਾਂ ਹੀ ਮਰਦਾਂ ਦਾ ਕੰਮ ਹੈ। ਕੇਵਲ ਇੱਕ ਸਿੱਖ ਜ਼ਨਾਨੀ ਹੱਥ ਪੈਰ ਬੱਧੇ ਨਾਦਰਸ਼ਾਹ ਨਾਲ ਏਥੇ ਆਈ ਸੀ, ਸੋ ਬੀ ਉਸ ਹਿੰਦੀਆਂ ਦੇ ਟੋਲੇ ਵਿਚ ਸੀ ਜੋ ਪਹਿਲੇ ਅੱਗੇ ਲੰਘ ਚੁੱਕਾ ਸੀ, ਪਰ ਉਸ ਬਹਾਦਰ ਸਿੰਘਣੀ ਦੇ ਸ਼ਾਬਾਸ਼! ਸਿਰ ਦਿੱਤਾ ਪਰ ਧਰਮ ਨਹੀਂ ਦਿੱਤਾ।

ਜਸਵੰਤ - ਕੀਹ ਤੁਸੀਂ ਉਸਨੂੰ ਡਿੱਠਾ ਸੀ?

ਸਾਂਈਂ - ਡਿੱਠਾ ਕੀਹ ਮੈਂ ਉਸ ਦੇ ਨਾਲ ਸਾਂ?

ਇਹ ਕਹਿ ਕੇ ਸਾਂਈਂ ਦੀਆਂ ਅੱਖਾਂ ਤੋਂ ਪਾਣੀ ਵਗ ਟੁਰਿਆ ਤੇ ਚਿਹਰਾ ਗਮ ਨਾਲ ਉਡ ਗਿਆ।

ਜਸਵੰਤ - ਇਸ ਸਿੰਘਣੀ ਦੀ ਮੌਤ ਦੀ ਯਾਦ ਨੇ ਤੁਹਾਨੂੰ ਬਹੁਤ ਉਦਾਸ ਕੀਤਾ ਹੈ, ਹੋਰ ਗੱਲ ਹੁਣ ਮੈਂ ਨਾਂਹ ਪੁੱਛਦਾ, ਫੇਰ ਸਹੀ। ਤੁਸੀਂ ਜੇਰਾ ਕਰੋ, ਜੀਓ ਜੀਓ ਜੇਰਾ ਕਰੋ।

ਪਰ ਸਾਈਂ ਦਾ ਗੱਲ ਰੁਕ ਗਿਆ ਸੀ ਅਰ ਜਵਾਬ ਦੇਣ ਦੀ ਤਾਕਤ ਨਹੀਂ ਜਾਪਦੀ ਸੀ। ਰਾਤ ਹੁਣ ਰਤਾ ਡੂੰਘੀ ਹੋ ਗਈ ਸੀ ਤੇ ਲੋਕ ਸੌਂ ਰਹੇ ਸੇ। ਇਸ ਵੇਲੇ ਫਿਰਦੇ ਟੁਰਦੇ ਆਗਾਂ ਖਾਂ ਜੀ ਆ ਗਏ ਅਰ ਚਾਰ ਚੁਫੇਰੇ ਨਜ਼ਰ ਬਚਾ ਕੇ ਜਸਵੰਤ ਹੁਰਾਂ ਦੇ ਤੰਬੂ ਦੇ ਪਿਛਲੇ ਪਾਸੇ ਸਾਂਈਂ ਕੋਲ ਆ ਬੈਠੇ। ਜਸਵੰਤ ਨੇ ਇਸ਼ਾਰਾ ਸਮਝ ਲਿਆ ਅਰ ਉਸ ਨੇ ਤੰਬੂ ਦੇ ਉਦਾਲੇ ਟਹਿਲਣਾ ਸ਼ੁਰੂ ਕਰ ਦਿੱਤਾ ਜੋ ਮਤਾਂ ਕੋਈ ਆਗਾ ਖਾਂ ਦਾ ਸੂੰਹੀਆਂ ਨਾ ਫਿਰ ਰਿਹਾ ਹੋਵੇ ਉਧਰ ਮਾਂ ਪੁੱਤ ਗੱਲੀਂ ਜੁੱਟ ਗਏ।

ਆਗਾ ਖਾਂ - ਅੰਮੀਂ ਜੀ! ਮੈਂ ਸੂੰਹੀਏ ਲੱਭ ਲਏ ਹਨ, ਚਾਰ ਆਦਮੀ ਹਨ, ਦਿਨ ਰਾਤ ਮੇਰੇ ਮਗਰ ਰਹਿੰਦੇ ਹਨ।

ਸਾਈਂ - ਤੁਸੀਂ ਹੁਣ ਕਿੱਕੂੰ ਆ ਗਏ? ਕਿਤੇ ਉਹ ਮਗਰ ਨਾ ਹੋਣ। ਮੈਨੂੰ ਆਪਣਾ ਤਾਂ ਫਿਕਰ ਨਹੀਂ ਹੈ, ਤੁਹਾਡੀ ਜਾਨ ਦਾ ਤੌਖਲਾ ਹੈ। ਮੇਰੇ ਵਰਗੀਆਂ ਤਾਂ ਲੱਖਾਂ ਹਜ਼ਾਰਾਂ ਇਸ ਲਹੂ ਪੀਣੀ ਧਰਤੀ ਵਿਚ ਮਰ ਚੁੱਕੀਆਂ ਹਨ।

ਆਗਾ ਖਾਂ - ਫਿਕਰ ਨਾ ਕਰੋ, ਮੈਂ ਪ੍ਰਬੰਧ ਕਰਕੇ ਆਇਆ ਹਾਂ ਉਨ੍ਹਾਂ ਦੇ ਉਤੇ ਹੁਣ ਮੇਰੇ ਪਹਿਰੇ ਲਗਾਏ ਗਏ ਹਨ। ਇਸ ਵੇਲੇ ਚਾਰੇ ਸ਼ਰਾਬ ਪੀ ਕੇ ਮਸਤ ਪਏ ਹਨ ਤੇ ਸਿਰ ਉਤੇ ਪਹਿਰਾ ਖੜ੍ਹਾ ਹੈ।

ਸਾਂਈਂ - ਸ਼ੁਕਰ ਹੈ?

ਆਗਾ - ਜਸਵੰਤ ਦਾ ਕੈਸਾ ਹਾਲ ਹੈ।

ਸਾਂਈਂ - ਬਹੁਤ ਨੇਕ ਨੌਜਵਾਨ ਹੈ। ਖਾਤਰ ਵਿਚ ਰਤਾ ਫਰਕ ਨਹੀਂ ਕਰਦਾ। ਪਿਆਰ ਐਨਾ ਕਰਦਾ ਹੈ ਕਿ ਮੱਲੋ ਮੱਲੀ ਇਤਬਾਰ ਕਰਨ ਨੂੰ ਜੀ ਕਰਦਾ ਹੈ।

ਆਗਾ - ਪਵਿੱਤ੍ਰ ਖ਼ੂਨ ਹੈ। ਭਲਾ ਏਹ ਪਤਾ ਕੱਢੋ ਖਾਂ, ਰਹਿਣ ਵਾਲਾ ਕਾਬਲ ਦਾ ਹੈ ਕਿ ਪੰਜਾਬ ਦਾ? ਲੱਛਣ ਸਾਰੇ ਪੰਜਾਬੀ ਦੇ ਹਨ।

ਸਾਂਈਂ - ਮੈਂ ਪੁੱਛਿਆ ਤਾਂ ਨਹੀਂ, ਪਰ ਇਹ ਬਿਰਧ ਪੁਰਖ ਜੋ ਹੈ, ਇਸ ਦਾ ਅਤਿ ਸਤਿਕਾਰ ਕਰਦਾ ਹੈ, ਇਹ ਜਾਣਦੇ ਹਨ ਕਿ ਮੈਂ ਪੰਜਾਬੀ ਨਹੀਂ ਸਮਝਦੀ, ਪਰ ਤਦ ਵੀ ਮੇਰੇ ਸਾਮ੍ਹਣੇ ਗੱਲ ਬਾਤ ਘੱਟ ਕਰਦੇ ਹਨ, ਪਰ ਜਿੰਨੀ ਕਰਦੇ ਹਨ ਉਸ ਤੋਂ ਇਹ ਮੈਂ ਸਮਝ ਚੁੱਕੀ ਹਾਂ, ਕਿ ਇਹ ਨੌਜਵਾਨ ਪੰਜਾਬੀ ਹੈ ਅਰ ਕਿਸੇ ਗੁਰਮੁਖ ਖਾਨਦਾਨ ਵਿਚੋਂ ਹੈ, ਕਿਉਂਕਿ ਡੇਰੇ ਦੇ ਤੇ ਹੋਰ ਹਿੰਦੂ ਤੇ ਸਿੱਖ ਲੋਕ ਇਸ ਨੂੰ ਬੜੇ ਅਦਬ ਆਦਰ ਨਾਲ ਮਿਲਦੇ ਹਨ।

ਆਗਾ ਖਾਂ - ਬੇਸ਼ੱਕ ਪੰਜਾਬੀ ਹੈ। ਗੁਣ ਸਾਰੇ ਦੱਸਦੇ ਹਨ।

ਸਾਂਈਂ - ਮੇਰੇ ਨਾਲ ਬਹੁਤ ਪਿਆਰ ਦੀਆਂ ਤੇ ਡੂੰਘੀਆਂ ਗੱਲਾਂ ਛਿੜ ਪੈਂਦੀਆਂ ਹਨ। ਮੈਨੂੰ ਡਰ ਹੈ ਕਿਸੇ ਵੇਲੇ ਸਾਰਾ ਭੇਤ ਖੁਲ੍ਹ ਜਾਏਗਾ। ਤੁਸੀਂ ਦੱਸੋ ਲੁਕੋ ਰੱਖਾਂ ਕਿ ਨਾ?

ਆਗਾ ਖਾਂ - ਤੁਸੀਂ ਮੈਥੋਂ ਵਧੀਕ ਸਿਆਣੇ ਹੋ। ਸਿੱਖ ਬਚਨ ਦੇ ਪੂਰੇ ਹਨ, ਜੇਕਰ ਕੁਛ ਕਿਹਾ ਗਿਆ ਤਾਂ ਡਰ ਕੋਈ ਨਹੀਂ, ਸਗੋਂ ਇਤਬਾਰ ਵਧ ਜਾਏਗਾ ਕਿਉਂਕਿ ਪੰਜਾਬ ਪਹੁੰਚ ਕੇ ਸਾਨੂੰ ਫੇਰ ਏਸ ਦੀ ਬਹੁਤ ਹੀ ਲੋੜ ਪੈਣੀ ਹੈ।

ਸਾਈਂ - ਜਦ ਤੁਸੀਂ ਇਕੱਲੇ ਜਾ ਰਹੇ ਸੇ, ਤਦੋਂ ਤੁਹਾਨੂੰ ਪੰਜਾਬ ਜਾ ਕੇ ਲੋੜ ਬਹੁਤ ਸੀ, ਹੁਣ ਤਾਂ ਮੈਂ ਨਾਲ ਹਾਂ, ਪੰਜਾਬ ਦੇ ਪੱਤ ਪੱਤ ਤੋਂ ਵਾਕਫ ਹਾਂ, ਇਸ ਗੱਲ ਦਾ ਖਿਆਲ ਤਾਂ ਠੀਕ ਨਹੀਂ। ਉਂਵ ਜਿੰਨਾਂ ਵਾਹ ਪਿਆ ਹੈ, ਉਸ ਤੋਂ ਬੰਦਾ ਮਿੱਤ੍ਰਤਾ ਦੇ ਲਾਇਕ ਦੀਹਦਾ ਹੈ, ਇਸ ਕਰਕੇ ਮਿੱਤ੍ਰਤਾ ਦੀ ਕਾਤਰ ਮਿੱਤ੍ਰ ਬਣਾ ਲੈਣਾ ਬਹੁਤ ਚੰਗਾ ਹੈ ਤੇ ਮੈਂ ਇਹ ਬੀ ਡਿੱਠਾ ਹੈ ਕਿ ਓਸ ਨੂੰ ਤੁਹਾਡੇ ਨਾਲ ਕੁਛ ਪਿਆਰ ਪੈ ਗਿਆ ਹੈ ਅਤੇ ਮੇਰਾ ਸ਼ੁਭਹ ਹੈ ਕਿ ਸਾਡੇ ਭੇਤ ਦੇ ਕੁਛ ਨਾ ਕੁਛ ਉਹ ਬੀ ਸਿਰ ਹੈ।

ਆਗਾ ਖਾਂ - ਮੈਂ ਤਾਂ ਕੁਛ ਦੱਸਿਆ ਨਹੀਂ, ਪਰ ਨਾਮ ਸਾਰੇ ਉਸ ਦੇ ਕੰਨੀਂ ਪੈ ਚੁੱਕੇ ਹਨ। ਉਹ ਚੀਜ਼ਾਂ ਬੀ ਵੇਖ ਚੁੱਕਾ ਹੈ।

ਸਾਂਈਂ - ਤਦੇ ਹੀ, ਆਦਮੀ ਬਹੁਤ ਸਿਆਣਾ ਤੇ ਸੋਚ ਵਾਲਾ ਹੈ। ਰੱਬ ਨੂੰ ਯਾਦ ਕਰਨ ਵਾਲਾ ਹੈ, ਅਕਲ ਤਾਂ ਸਾਫ ਹੋਣੀਓਂ ਹੋਈ। ਫੇਰ ਕੀ ਮਰਜ਼ੀ ਹੈ?

ਆਗਾ ਖਾਂ - ਮੇਰੀ ਜਾਚੇ ਕੁਛ ਮੰਜ਼ਲ ਲੰਘ ਕੇ ਗੱਲਬਾਤ ਖੋਲ੍ਹ ਦੇਣੀ।

## ਕਾਂਡ ਉਨੀਵਾਂ

ਪਹਾੜਾਂ ਵਿਚ ਕਣਕਾਂ ਉੱਗ ਪੈਂਦੀਆਂ ਹਨ ਤਾਂ ਉਤੇ ਬਰਫਾਂ ਪੈ ਜਾਂਦੀਆਂ ਹਨ। ਫੱਗਣ ਤੱਕ ਇਹ ਨਿਆਣੀ ਖੇਤੀ ਬਰਫ ਦੇ ਹੇਠ ਗੁੰਮ ਰਹਿੰਦੀ ਹੈ, ਜਦ ਸੂਰਹ ਤਪਿਆ ਤੇ ਬਰਫ ਪੰਘਰੀ ਤਦ ਖੇਤੀ ਹੇਠੋਂ ਉਸੇ ਤਰ੍ਹਾਂ ਨਿਕਲਦੀ ਹੈ। ਪਰ ਹੁਣ ਜਦ ਰੌਸ਼ਨੀ, ਹਵਾ ਤੇ ਨਿੱਘ ਖੁਲ੍ਹੀ ਮਿਲਦੀ ਹੈ, ਤਾਂ ਉਹ ਝਿਜਕਾਉ, ਉਦਾਸੀ, ਰੁਕਾਵਟ ਦੂਰ ਹੋ ਜਾਂਦੀ ਹੈ, ਨਿਸਰਾਉ, ਖਿੜਾਉ, ਲਹਿਲਹਾਉ ਆ ਜਾਂਦਾ ਹੈ, ਦਿਨਾਂ ਵਿਚ ਹੀ ਬੂਟੇ ਸਿੱਟਿਆਂ ਤਕ ਆ ਜਾਂਦੇ ਹਨ। ਇਸੇ ਤਰ੍ਹਾਂ ਮੁੱਦਤਾਂ ਦੀ ਕਲੇਸ਼ਾਂ ਤੇ ਦੁੱਖਾਂ ਹੇਠ ਦੱਬੀ ਸਤਵੰਤ ਦੇ ਸਿਰੋਂ ਮਾਨੋਂ ਬਰਫ ਢਲੀ ਹੈ। ਇਸ ਕੰਨਿਆਂ ਦੇ ਸੁਭਾਵ ਵਿਚ ਖੁਸ਼ੀ, ਬੇਖਿਆਲੀ, ਵੀਚਾਰ ਪਰ ਵਹਿਮ ਤੋਂ ਖਾਲੀ, ਜੁਗਤ ਕਰਨੀ ਪਰ ਚੋਭ ਤੋਂ ਖਾਲੀ ਹਰਨੋਟੇ ਵਾਂਗ ਬੇਪਰਵਾਹ ਫਿਰਨਾ, ਐਸੇ ਐਸੇ ਗੁਣ ਸਨ ਪਰ ਜਦ ਤੋਂ ਇਕ ਦਮ ਕੈਦ ਪਈ ਤੇ ਦੁੱਖਾਂ ਦੇ ਮੂੰਹ ਆਈ, ਡਾਢੀ ਡੂੰਘੀ ਸੋਚ ਵਾਲੀ, ਫੂਕ-ਫੂਕ ਕੇ ਕਦਮ ਧਰਨ ਵਾਲੀ ਹੋ ਗਈ। ਚਾਹੇ ਚੜ੍ਹਦੀਆਂ ਕਲਾਂ ਦੇ ਭੇਤ ਤੋਂ ਜਾਣੂੰ ਸੀ, ਪਰ ਦੁੱਖਾਂ ਨੇ ਵਰਤਣ ਦਾ ਖਿੜਾਉ ਸੋਚ ਦੇ ਹਿੱਸੇ ਪਾ ਛੱਡਿਆ ਸੀ। ਇਸੇ ਗੱਲ ਦਾ ਪ੍ਰਤਾਪ ਸੀ ਕਿ ਸਤਵੰਤ ਕਦੇ ਦਿਲ ਤੋੜ ਕੇ ਨਹੀਂ ਸੀ ਬੈਠੀ। ਨਾਮ ਦੇ ਅਭਿਆਸੀਆਂ ਨੂੰ ਜਦ ਕਲੇਸ਼ ਤੇ ਬਿਪਤਾ ਪੈਂਦੀਆਂ ਹਨ ਤਾਂ ਸੁਰਤ ਅੰਦਰ ਨੂੰ ਵਧੀਕ ਰੁਖ ਕਰਦੀ ਤੇ ਇਕੱਠੀ ਹੋ ਜਾਂਦੀ ਹੈ। ਉਸ ਵੇਲੇ ਵੀਚਰਾ, ਧੀਰਜ ਤੇ ਸਹਾਰਾ ਬਹੁਤ ਵਧ ਜਾਂਦੇ ਹਨ, ਖਿੜਾਉ ਤੇ ਬੇਪਰਵਾਰੀ ਘਰ ਜਾਂਦੇ ਹਨ। ਸੋ ਹੁਣ ਜਦ ਉਹ ਦਬਾਉ ਦੇ ਕਾਰਨ ਜ਼ਰਾ ਹਟੇ ਤਾਂ ਸਤਵੰਤ ਦੇ ਅਸਲੀ ਸੁਭਾਉ ਨੇ ਪਲਟਾ ਖਾਣਾ ਸ਼ੁਰੂ ਕੀਤਾ। ਆਪਣੇ ਡੇਰੇ ਵਿਚ ਉਸ ਦੇ ਅਸਲੀ ਹਸਮੁਖ ਸੁਭਾਉ ਨੇ ਇਕ ਹੋਰ ਤਰ੍ਹਾਂ ਦੀ ਰੌਣਕ ਪੈਦਾ ਕਰ ਦਿੱਤੀ। ਸਾਈਂ ਉਤੇ ਇਸ ਸੁਭਾਵ ਦਾ ਉਸ ਦੇ ਸੱਚ ਅਰ ਨਿਰੋਲ ਪਿਆਰ ਦੇ ਨਾਲ ਡੂੰਘਾ ਪ੍ਰੇਮ ਹੋ ਗਿਆ, ਪਰ ਅਜੇ ਤੱਕ ਸਾਈਂ ਨੂੰ ਇਹ ਪਤਾ ਨਹੀਂ ਸੀ ਕਿ ਇਹ ਗੁਣਾਂ ਦਾ ਪੁਤਲਾ ਇਸਤ੍ਰੀ ਜਾਤ ਹੈ। ਸਫਰ ਆਨੰਦਪੂਰਬਕ ਹੁੰਦਾ ਰਿਹਾ। ਤਦੋਂ ਅੱਜ ਕੱਲ ਵਾਂਗੂੰ ਸੁਖੱਲੇ ਸਫਰ ਨਹੀਂ ਸਨ, ਸੁਖੱਲੀਆਂ ਰਾਹਾਂ ਨਹੀਂ ਸਨ, ਮੁਸ਼ਕਲਾਂ ਨਾਲ ਸਫਰ ਹੁੰਦੇ ਸੇ, ਪਰ ਰਲੇ ਸਰਬੰਧ ਗੁਜ਼ਾਰਾ ਲੰਘ ਜਾਂਦਾ ਸੀ। ਕਾਫਲਿਆਂ ਦਾ ਦਸਤੂਰ ਬੀ ਤਦੋਂ ਹੋਰ ਸੀ। ਕਾਫਲੇ ਦੇ ਲੋਕ ਮਿਲ ਕੇ ਕਈ ਵੇਰ ਆਪਣੀ ਰਾਖੀ ਦਾ ਪ੍ਰਬੰਧ ਕਰਦੇ ਸੇ, ਪਰ ਅਕਸਰ ਵੇਰ ਕਿਸੇ ਵੱਡੇ ਨਾਮੀ ਧਾਕ ਵਾਲੇ ਆਦਮੀ ਵਲੋਂ ਰਾਖੀ ਦਾ ਪ੍ਰਬੰਧ ਹੋ ਜਾਇਆ ਕਰਦਾ ਸੀ। ਸਭ ਤੋਂ ਵਧੀਕ ਖਤਰਨਾਕ ਹਿੱਸਾ ਖੈਬਰ ਦਾ ਸਾਰਾ ਦਰਾ ਹੁੰਦਾ ਸੀ। ਪਰ ਏਥੇ ਬੀ ਕਈ ਨਾਵਾਂ ਦਾ ਡਰ ਐਸਾ ਹੁੰਦਾ ਸੀ ਕਿ ਖੈਬਰ ਵਿਚ ਧਾੜਵੀ ਤਕ ਡਰਦੇ ਸਨ। ਅਜੇ ਬਹੁਤ ਸਮਾਂ ਨਹੀਂ ਲੰਘਿਆ ਕਿ ਇਕ ਸਿੱਖ ਨਾਮ ਦੀ ਬੜੀ ਇੱਜ਼ਤ ਸੀ। ਮਿੱਠਾ ਸਿੰਘ ਦਾ ਨਾਮ ਲਵੋ ਤਾਂ ਧਾੜਵੀ ਲੁਟਦਿਆਂ ਛੱਡ ਕੇ ਪਰ੍ਹੇ ਹਟ ਜਾਂਦੇ ਸਨ। ਤਦੋਂ ਇਸ ਤਰ੍ਹਾਂ ਆਗਾ ਖਾਂ ਦੇ ਬਾਪੂ ਦੀ ਬੀ ਖੈਬਰ ਵਿਚ ਧਾਕ ਸੀ, ਜਿਸ ਦੇ ਕਾਰਨ ਇਹ ਬਰਖੁਰਦਾਰ ਇੰਨੇ ਵੱਡੇ ਕਾਫਲੇ ਨੂੰ ਨਿਰਭੈ ਲਈ ਜਾ ਰਿਹਾ ਸੀ। ਕਾਬਲ ਦੇ ਅਮੀਰ ਆਪਣੇ ਰਾਜ ਵਿਚ ਜਾਣ ਵਾਲਿਆਂ ਤੋਂ ਮਸੂਲ ਲੈਂਦੇ ਅਏ ਸਨ ਪਰ ਰਾਖੀ ਨਹੀਂ ਕਰਦੇ ਸਨ ਤੇ ਕਈ ਜਿਨ੍ਹਾਂ ਨੂੰ ਵਪਾਰ ਤੋਂ ਵਧੀਕ ਲਾਭ ਦਾ ਖਿਆਲ ਹੁੰਦਾ ਸੀ, ਉਹ ਪ੍ਰਬੰਧ ਬੀ ਕਰਦੇ ਹੁੰਦੇ ਸਨ। ਜਿਸ ਸਮੇਂ ਦੇ ਅਸੀਂ ਹਾਲ ਲਿਖ ਰਹੇ ਹਾਂ ਇਸ ਤੋਂ ਕੁਛ ਚਿਰ ਪਹਿਲੇ ਅਫਗਾਨਿਸਤਾਨ ਦਿੱਲੀ ਦੇ ਤਖਤ ਦੀ ਤਾਬਿਆ ਸੀ। ਅਕਬਰ ਤੋਂ ਲੈ ਕੇ ਮੁਗਲ ਪਾਤਸ਼ਾਹ ਇਸ ਪਰ ਆਪਣਾ ਸਿੱਕਾ ਟੋਰਦੇ ਰਹੇ ਹਨ। ਪਰ ਮੁਗਲੀਆਂ ਸਲਤਨਤ ਦੇ ਅਖੀਰਲੇ ਕਮਜ਼ੋਰ ਪਾਤਸ਼ਾਹ ਦੇ ਹੱਥੋਂ ਇਹ ਦੇਸ਼ ਨਿਕਲ ਗਿਆ ਅਰ ਨਾਦਰਸ਼ਾਹ ਦੇ ਹਮਲੇ ਨੇ ਤਾਂ ਇਸਨੂੰ ਪੂਰਾ ਸੁਤੰਤਰ ਕਰ ਦਿੱਤਾ। ਅਬਦਾਲੀ ਦੇ ਹਮਲੇ ਪੰਜਾਬ ਨੂੰ ਬੀ ਦਿੱਲੀ ਤੋਂ ਤੋੜ ਕੇ ਕਾਬਲ ਨਾਲ ਜੋੜ ਰਹੇ ਸਨ, ਪਰ ਸਿੱਖਾਂ ਨੇ ਇਸ ਵਿਚ ਸਫਲਤਾ ਨਾ ਹੋਣ ਦਿੱਤੀ। ਸੋ ਨਵਾਂ ਰਾਜ ਪੱਕਾ ਕਰਕੇ ਅਬਦਾਲੀ ਪੰਜਾਬ ਤੇ ਕਾਬਲ ਦੇ ਵਪਾਰ ਨੂੰ ਪੱਕਾ ਕਰਨਾ ਲੋਚਦਾ ਸੀ। ਭਾਵੇਂ ਲੁਟੇਰਾ ਸੀ, ਪਰ ਚਿੱਤੋਂ ਅਫਗਾਨਿਸਤਾਨ ਬੈਠ ਕੇ ਬੰਗਾਲੇ ਤਕ ਰਾਜ ਦੀਆਂ ਧੁਨਾਂ ਰੱਖਦਾ ਸੀ, ਸ਼ਾਇਦ ਕਾਮਯਾਬ ਹੋ ਜਾਂਦਾ, ਪਰ ਪੰਜਾਬ ਵਿਚ ਸਿੱਖ ਇਸ ਦੇ ਮਨਸੂਬੇ ਪੂਰੇ ਨਹੀਂ ਸੀ ਹੋਣ ਦਿੰਦੇ। ਜਦੋਂ ਇਹ ਹਮਲਾ ਕਰਕੇ ਆਉਂਦਾ, ਸਿੱਖ ਬਨਾਂ ਪਹਾੜਾਂ ਵਿਚ ਜਾ ਵੜਦੇ। ਜਦੋਂ ਇਹ ਦਿੱਲੀ ਨੂੰ ਟੁਰ ਜਾਂਦਾ ਤਾਂ ਉਹ ਆਪਣੇ ਲੁਕੇਵਿਆਂ ਵਿਚੋਂ ਨਿਕਲ ਪੈਂਦੇ ਤੇ ਥਾਂ-ਥਾਂ ਕਬਜ਼ੇ ਕਰ ਲੈਂਦੇ; ਅਹਿਮਦ ਸ਼ਾਹ ਨੂੰ ਦਿੱਲੀ ਜਾ ਕੇ ਪੰਜਾਬ ਵਿਚ ਸਿੱਖਾ ਦੇ ਰੌਲੇ ਦੀ ਖਬਰ ਪਹੁੰਚਦੀ। ਤਦ ਉਸਨੂੰ ਫਿਕਰ ਪੈ ਜਾਂਦਾ ਕਿ ਕਿਤੇ ਇਹ ਜ਼ੋਰ ਪਾ ਕੇ ਅਫਗਾਨਿਸਤਾਨ ਤੇ ਉਸ ਦੇ ਵਿਚਾਲੇ ਉਹ ਰੋਕ ਨਾ ਪਾ ਦੇਣ ਕਿ ਜਿਸ ਕਰਕੇ ਉਸ ਨੂੰ ਦੇਸ ਅੱਪੜਨ ਦੇ ਕਿਸੇ ਲੋੜ ਵੇਲੇ ਕਰੜੀ ਔਕੜ ਪੇਸ਼ ਆ ਜਾਵੇ ਤੇ ਉਸ ਦਾ ਪਿੱਛਾ ਚੌੜ ਹੋ ਜਾਵੇ। ਇਉਂ ਉਹ ਜਦ ਪੰਜਾਬ ਨੂੰ ਮੁੜਦਾ ਕਿ ਇਨ੍ਹਾਂ ਨੂੰ ਮੁਕਾ ਦਿਆਂ ਤਦ ਉਹ ਫੇਰ ਛੁਪ ਜਾਂਦੇ। ਪਰ ਦਾਉ ਪਾ ਪਾ ਕੇ ਸਿੱਖ ਉਸ ਦੇ ਪਿਛੇ ਤੇ ਹੱਲੇ ਕਰਦੇ ਅਰ ਲੁੱਟ ਦਾ ਮਾਲ ਜੋ ਉਹ ਲੈ ਜਾ ਰਿਹਾ ਹੁੰਦਾ ਸੀ ਉਸ ਵਿਚੋਂ ਕੁਛ ਨਾ ਕੁਛ ਹਿੱਸਾ ਮੋੜ ਲੈਂਦੇ ਤੇ ਕਈ ਬੰਦੀ ਛੁਡਾ ਲੈਂਦੇ। ਜਦੋਂ ਉਹ ਦੇਸ਼ ਜਾ ਵੜਦਾ ਸਿੱਖ ਫੇਰ ਥਾਓ ਥਾਈਂ ਕਬਜ਼ੇ ਜਮਾਉਣ ਦੀ ਕਰਦੇ। ਵੱਡਾ ਘੱਲੂਘਾਰਾ ਉਸ ਨੇ ਕੇਵਲ ਸਿੱਖਾਂ ਨੂੰ ਮੁਕਾ ਦੇਣ ਵਾਸਤੇ ਰਚਾਇਆ ਸੀ। ਸਾਲ ਕੁ ਪਹਿਲਾਂ ਜਿਹੜਾ ਅਬਦਾਲੀ ਪਾਣੀਪਤ ਦੇ ਮੈਦਾਨ ਤੇ ਮਰਹੱਟਿਆਂ ਨੂੰ ਉਹ ਮਾਰ ਕਰ ਗਿਆ ਸੀ ਕਿ ਉਨਾਂ ਦਾ ਹਿੰਦੂ ਰਾਜ ਦਾ ਸੁਪਨਾ ਸਾਰਾ ਤ੍ਰਟ ਗਿਆ, ਉਹ ਅਬਦਾਲੀ ਦੱਬੀ ਗਿਆ, ਪਰ ਸਾਰਾ ਤਾਣ ਲਾ ਕੇ ਬੀ ਉਨ੍ਹਾਂ ਦੀਆਂ ਸਫਾਂ ਨਾ ਤੋੜ ਸਕਿਆ ਅਰ ਪੈਂਤੜਾ ਨਾ ਹਿਲਾ ਸਕਿਆ। ਚਾਹੇ ਹਜ਼ਾਰਾਂ ਸਿੱਖ ਮਾਰੇ ਗਏ; ਪਰ ਉਨ੍ਹਾਂ ਦੀ ਮਰਦਾਨਗੀ ਤੇ ਜੰਗੀ ਵਿਚਾਰ ਦੀ ਪ੍ਰਬੀਨਤਾ ਦਾ ਅਬਦਾਲੀ ਵੀ ਕਾਇਲ ਹੋ ਗਿਆ।

***'ਚਲਦਾ.................'।***

# ਉਤਸ਼ਾਹ ਭਰਪੂਰ ਸਹਿਜ ਮਾਰਗ
# (PATH OF FIRE AND LIGHT) Vol. 1

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

## ਮੁਖ ਬੰਧ

ਇਸ ਪੁਸਤਕ ਦਾ ਵਿਸ਼ੇ ਵਸਤੂ ਯੋਗ ਦੀਆਂ ਬਹੁਤ ਹੀ ਵਿਕਸਿਤ ਅਭਿਆਸ ਹਨ ਜਿਹੜੇ ਪੁਰਾਤਨ ਗ੍ਰੰਥਾਂ ਵਿਚ ਦਿੱਤੇ ਹੋਏ ਹਨ, ਉਸ ਵਿਸ਼ੇ ਨੂੰ ਇਸ ਪੁਸਤਕ ਵਿਚ ਸੰਖੇਪ ਕਰਕੇ ਦਿੱਤਾ ਗਿਆ ਹੈ। ਇਨ੍ਹਾਂ ਸਾਰੇ ਅਭਿਆਸਾਂ ਦੀਆਂ ਸਾਰੀਆਂ ਸਾਧਨਾ ਨੂੰ ਮੈਂ ਆਪ ਯੋਗੀਆਂ ਨੂੰ ਮਿਲਕੇ ਉਨ੍ਹਾਂ ਦੇ ਚਰਨਾਂ ਵਿਚ ਬੈਠ ਕੇ ਪ੍ਰਮਾਣਿਤ ਕੀਤਾ ਹੈ, ਉਨ੍ਹਾਂ ਨੇ ਪੂਰਾ ਜੀਵਨ ਹੀ ਯੋਗ ਦੀ ਪ੍ਰਾਪਤੀ ਇਨ੍ਹਾਂ ਉਚਾਈਆਂ ਦੀ ਪ੍ਰਾਪਤੀ ਤੇ ਲਗਾਈ ਹੈ। ਮੈਂ ਵਡਭਾਗਾ ਹਾਂ ਜਿਹੜਾ ਉਨ੍ਹਾਂ ਦੇ ਦਰਸ਼ਨ ਕਰ ਸਕਿਆ, ਉਨ੍ਹਾਂ ਦੇ ਦਰਸ਼ਨ ਦੇ ਅਵਸਰ ਪ੍ਰਾਪਤ ਹੋਏ ਜਿਹੜੇ ਇਸ ਮਾਰਗ ਤੇ ਚੱਲੇ ਹਨ ਜਿਹੜੇ ਚਾਨਣ ਦੇ ਮਾਰਗ ਤੇ ਚੱਲੇ ਹਨ ਜਿਨ੍ਹਾਂ ਨੇ ਇਸ ਗੱਲ ਨੂੰ ਸਵੀਕਾਰਿਆ ਹੀ ਨਹੀਂ ਕਿ ਹਨ੍ਹੇਰਾ ਹੈ ਕਿਉਂਕਿ ਚਾਨਣ ਨੇ ਕਦੀ ਹਨ੍ਹੇਰੇ ਨੂੰ ਵੇਖਿਆ ਹੀ ਨਹੀਂ। ਕੇਵਲ ਅਗਿਆਨੀ ਹੀ ਹਨ੍ਹੇਰੇ ਨੂੰ ਵੇਖਿਆ ਹੀ ਨਹੀਂ। ਕੇਵਲ ਅਗਿਆਨੀ ਹੀ ਹਨ੍ਹੇਰੇ ਨੂੰ ਵੇਖਿਆ ਹੀ ਨਹੀਂ। ਕੇਵਲ ਅਗਿਆਨੀ ਹੀ ਹਨ੍ਹੇਰੇ ਵਿਚ ਰਹਿੰਦੇ ਹਨ, ਜਿਹੜੇ ਗਿਆਨ ਪ੍ਰਾਪਤ ਕਰ ਲੈਂਦੇ ਹਨ, ਜਾਗ੍ਰਿਤ ਹੋ ਜਾਂਦੇ ਹਨ ਉਹ ਤਾਂ ਚਾਨਣ ਵਿਚ ਗਿਆਨ ਵਿਚ ਰਹਿੰਦੇ ਹਨ। ਪ੍ਰਸ਼ਨ ਉਠਦਾ ਹੈ ਉਹ ਜਾਗ੍ਰਤ ਕੌਣ ਹਨ, ਕਿਹੜੇ ਹਨ?

ਸਾਰੇ ਸਭਿਆਚਾਰਾਂ ਅੰਦਰ ਵੱਡੇ-ਵੱਡੇ ਲੋਕ ਹੋਏ ਹਨ ਚਾਨਣ ਮੁਨਾਰੇ ਹੋਏ ਹਨ, ਜਿਨ੍ਹਾਂ ਨੇ ਆਪਣੇ ਗਿਆਨ ਰਾਹੀਂ ਸੱਚ ਦਾ ਮਾਰਗ, ਸੱਚ ਦਾ ਰਾਹ ਦੱਸਿਆ ਹੈ। ਉਨ੍ਹਾਂ ਦੀ ਹੋਂਦ ਮਨੁਖਤਾ ਨੂੰ ਬੜਾ ਭਰੋਸਾ ਦਿਵਾਇਆ ਹੈ ਕਿ ਮਨੁਖਤਾ ਚਾਨਣ ਦੇ ਮਾਰਗ ਤੇ ਗਿਆਨ ਦੇ ਮਾਰਗ ਤੇ ਚੱਲਣ ਦੀ ਯੋਗਤਾ ਰੱਖਦੀ ਹੈ ਜੇਕਰ ਉਹ ਭਾਵ ਮਨੁਖਤਾ ਗਿਆਨ ਪ੍ਰਾਪਤ ਮਹਾਂਪੁਖਾਂ ਦੀ ਸਿੱਖਿਆ ਨੂੰ ਸੁਣਾਉਣ ਅਪਨਾਉਣ।

ਅੰਦਰ ਦੀ ਖੋਜ ਬਾਹਰੀ ਸੰਸਾਰਕ ਖੋਜ ਤੋਂ ਬਿਲਕੁਲ ਅਲੱਗ ਹੈ, ਵੱਖਰੀ ਹੈ, ਬਾਹਰੀ ਸੰਸਾਰਕ ਖੋਜ ਲਈ ਖੋਜੀ ਆਪਣੀ ਖੋਜ ਲਈ ਤਾਂ ਖੋਜੀ ਆਪ ਹੀ ਵਿਸ਼ੇ ਹੈ, ਉਸਨੂੰ ਆਪਣੇ ਆਪ ਨੂੰ ਹੀ ਖੋਜੀ ਤੇ ਖੋਜ ਦਾ ਵਿਸ਼ਾ ਬਣਨਾ ਪੈਂਦਾ ਹੈ। ਇਹ ਕੰਮ ਅਤੀਅੰਤ ਔਖਾ ਹੈ, ਕਾਰਣ ਅੰਤਰ ਦੇ ਖੋਜੀ ਨੂੰ ਇਹ ਰੁਖ ਇਹ ਮਨੋ-ਵ੍ਰਿਤੀ ਬਨਾਉਣੀ ਪੈਂਦੀ ਹੈ, ਮੈਂ ਖੋਜੀ ਹਾਂ, ਮੈਂ ਪ੍ਰਯੋਗਸ਼ਾਲਾ ਹਾਂ, ਮੈਂ ਹੀ ਵਿਸ਼ੇ ਹਾਂ ਇਸ ਖੋਜ ਨੂੰ ਕਰਨ ਲਈ, ਸਫਲਤਾ ਪੂਰਵਕ ਕਰਨ ਲਈ ਪ੍ਰਤੀਤ ਹੋਣੀ ਚਾਹੀਦੀ ਹੈ, ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਪੂਰੀ-ਪੂਰੀ ਸੂਚੀ ਹੋਣੀ ਚਾਹੀਦੀ ਹੈ, ਗ੍ਰੰਥਾਂ ਦਾ ਗਿਆਨ ਹੋਣਾ ਚਾਹੀਦਾ ਹੈ, ਉਨ੍ਹਾਂ ਪ੍ਰਚਾਰਕਾਂ ਕੋਲ ਉਨ੍ਹਾਂ ਅਧਿਆਪਕਾਂ ਕੋਲ ਜਾਣਾ ਚਾਹੀਦਾ ਹੈ ਜਿਹੜੇ ਇਸ ਸਿਧਾਂਤ ਦਾ ਅਭਿਆਸ ਕਰਦੇ ਹੋਣ।

ਜੇਕਰ ਸਤਿ ਦੀ ਪ੍ਰਾਪਤੀ ਕਰਨੀ ਹੈ, ਉਸ ਲਈ ਸਤਿ ਪ੍ਰਾਪਤੀ ਲਈ ਅੰਦਰ ਦੀ ਲਗਨ, ਅੰਦਰ ਦੀ ਅਗਨ, ਤਾਂਘ ਹਰ ਜਗਿਆਸੂ ਦੇ ਹਿਰਦੇ ਵਿਚ ਹੋਣੀ ਅਵੱਸ਼ਕ ਹੈ। ਇਹ ਤਾਂਘ ਇਹ ਅਭਿਲਾਸ਼ਾ ਉਦੋਂ ਹੀ ਪੈਦਾ ਹੁੰਦੀ ਹੈ ਜਦੋਂ ਜਗਿਆਸੂ ਬਾਹਰੀ ਸੰਸਾਰ ਨੂੰ ਪੂਰੀ ਤਰ੍ਹਾਂ ਨਾਲ ਦੇਖ ਲੈਂਦਾ ਹੈ, ਜਾਂਚ ਲੈਂਦਾ ਹੈ, ਇਹ ਜਾਣ ਲੈਂਦਾ ਹੈ ਕਿ ਬਾਹਰੀ ਸੰਸਾਰ ਦਾ ਵਿਸ਼ਵ ਦਾ ਬ੍ਰਹਿਮੰਡ ਦਾ ਇਕ ਛੋਟਾ ਜਿਹਾ ਹਿੱਸਾ ਹੈ। ਵਾਸਤਵ ਵਿਚ ਜੋ ਕੁਝ ਵੀ ਬਾਹਰੀ ਸੰਸਾਰ ਵਿਚ ਹੁੰਦਾ ਹੈ, ਬਹੁਤ ਪਹਿਲਾਂ ਅੰਦਰ ਹੋ ਚੁੱਕਾ ਹੁੰਦਾ ਹੈ, ਇਹ ਗੱਲ ਵੱਖਰੀ ਹੈ ਕਿ ਕਾਰਣ ਗੁਪਤ ਹੀ ਰਹਿੰਦਾ ਹੈ। ਜਦੋਂ ਤੁਸੀਂ ਇਹ ਜਾਣ ਜਾਂਦੇ ਹੋ ਕਿ ਬਾਹਰੀ ਜੀਵਨ ਬਿਲਕੁਲ ਵੀ ਸੰਤੁਸ਼ਟੀ ਭਰਪੂਰ ਨਹੀਂ ਹੈ, ਉਸ ਤੋਂ ਬਾਅਦ ਹੀ ਤੁਸੀਂ ਅੰਦਰ ਜਾਂਦੇ ਹੋ, ਅੰਦਰ ਦੀ ਖੋਜ ਸ਼ੁਰੂ ਕਰਦੇ ਹੋ, ਸਤਿ ਜਾਨਣਾ ਚਾਹੁੰਦੇ ਹੋ। ਇੱਕ ਸੱਚਾ ਖੋਜੀ ਸਾਰੀ ਵਾਹ ਲਗਾ ਕੇ ਸਾਰੇ ਰਸਤੇ ਖੋਜ ਕੇ ਇਹ ਜਾਨਣ ਦੀ ਖੋਜ ਕਰਦਾ ਹੈ ਕਿ ਅੰਦਰ ਦੇ ਸੰਸਾਰ ਦੀਆਂ ਘਟਨਾਵਾਂ ਦਾ ਕਾਰਣ ਕੀ ਹੈ? ਉਹ ਸਤਿ ਜਾਨਣਾ ਚਾਹੁਮਦਾ ਹੈ, ਅੰਦਰ ਦਾ ਜੀਵਨ ਜਾਨਣਾ ਚਾਹੁੰਦਾ ਹੈ ਤੇ ਨਾਲ ਹੀ ਜੋ ਵੀ ਕੁਝ ਬਾਹਰ ਹੋ ਰਿਹਾ ਹੈ, ਉਸਨੂੰ ਵੀ ਸਮਝਣਾ ਚਾਹ ਰਿਹਾ ਹੈ।

ਬਾਹਰੀ ਸੰਸਾਰ ਨੂੰ ਜਾਨਣ ਦੇ ਤਰੀਕੇ ਬਿਲਕੁਲ ਵੱਖ ਹਨ, ਅੰਦਰ ਦੇ ਜੀਵਨ ਨੂੰ ਜਾਨਣ ਦੇ ਤਰੀਕੇ ਬਿਲਕੁਲ ਹੋਰ ਹਨ, ਅੰਦਰ ਦੇ ਜੀਵ ਨੂੰ ਜਾਨਣਾ ਬਿਲਕੁਲ ਵੱਖ ਹੈ। ਬਾਹਰੀ ਜੀਵਨ ਜਾਨਣ ਲਈ ਤੁਸੀਂ ਸਮੁੱਚੇ ਤੋਂ ਸਮੱਸਤ ਫੇਰ ਪੂਰਨਤਾ ਵਲ ਜਾਂਦੇ ਹੋ, ਕੋਈ ਵਿਰਲੇ ਹੀ ਦੂਸਰਾ ਮਾਰਗ ਚੁਣਦੇ ਹਨ ਕਿਉਂਕਿ ਅਣਜਾਣਿਆ ਮਾਰਗ ਹੈ। ਇਹ ਆਮ ਹੀ ਕਿਹਾ ਜਾਂਦਾ ਹੈ ਜਦੋਂ ਜਗਿਆਸੂ ਖੋਜਦਾ ਹੈ ਤਾਂ ਗੁਰੂ ਪ੍ਰਗਟ ਹੋ ਜਾਂਦਾ ਹੈ। ਇਹ ਕਹਿਣਾ ਸੱਚ ਵੀ ਹੈ ਜਦੋਂ ਤੁਸੀਂ ਸੱਚੇ ਮਨ ਨਾਲ ਖੋਜਦੇ ਹੋ, ਸੱਚੇ ਮਨ ਨਾਲ ਸਤਿ ਦੀ ਖੋਜ ਲਈ ਨਿਕਲਦੇ ਹੋ, ਆਪਣਾ ਮਨ, ਕਥਨੀ ਕਰਨੀ ਸਾਰੀ ਸਤਿ ਦੀ ਖੋਜ ਵਿੱਚ ਲਾ ਦਿੰਦੇ ਹੋ, ਤੁਹਾਨੂੰ ਪ੍ਰਾਪਤੀ ਹੋ ਹੀ ਜਾਂਦੀ ਹੈ।

ਸਭ ਤੋਂ ਪੁਰਾਤਨ ਵਿਗਿਆਨ ਯੋਗਾ ਵਿਗਿਆਨ ਹੈ। ਯੋਗਾ ਵਿਗਿਆਨ ਓਨਾ ਹੀ ਪੁਰਾਤਨ ਹੈ ਜਿੰਨਾਂ ਮਨੁੱਖ। ਪਰ ਅਫਸੋਸ ਇਸ ਗੱਲ ਦਾ ਹੈ ਕਿ ਯੋਗ ਦਾ ਅਭਿਆਸ ਕੇਵਲ ਬਹੁਤ ਥੋੜ੍ਹੇ ਲੋਕ ਹੀ ਕਰਦੇ ਰਹੇ, ਯੋਗਾ ਪੜ੍ਹੇ ਲਿਖੇ ਲੋਕਾਂ ਦੇ ਜੀਵਨ ਦਾ ਭਾਗ ਨਹੀਂ ਬਣ ਸਕਿਆ, ਪੜ੍ਹੇ ਲਿਖੇ ਸਮਾਜ ਦਾ ਅੰਗ ਨਹੀਂ ਬਣ ਸਕਿਆ। ਅੱਜ ਦਾ ਮਨੁੱਖ ਇਹ ਖੋਜ ਨੂੰ ਦੋ ਕਾਰਣਾਂ ਕਾਰਣ ਹੱਥ ਲਈ ਲਗਾਉਣਾ ਚਾਹੁੰਦਾ ਹੈ। ਪਹਿਲੀ ਗੱਲ ਇਹ ਕਿ ਯੋਗਾ ਅਭਿਆਸ ਲਈ ਸਮਾਂ ਵੱਖ ਰੱਖਣਾ ਪੈਂਦਾ ਹੈ, ਜੋ ਅੱਜ ਦੇ ਮਨੁੱਖ ਲਈ ਸੰਭਵ ਨਹੀਂ, ਉਹ ਤਾਂ ਆਪਣੇ ਹੀ ਚੱਕਰਾਂ ਵਿਚ ਫਸਿਆ

ਪਿਆ ਹੈ। ਉਸ ਦੀਆਂ ਆਸ਼ਾਵਾਂ ਹਨ, ਉਮੀਦਾਂ ਹਨ ਉਹ ਉਨ੍ਹਾਂ ਵਿਚ ਹੀ ਉਲਝਿਆ ਹੋਇਆ ਹੈ। ਜਿਹੜੇ ਜਗਿਆਸੂ ਹਨ ਉਹ ਵੀ ਕਹਿੰਦੇ ਹਨ, ਕੀ ਕਰੀਏ ਸਾਡੇ ਕੋਲ ਸਮਾਂ ਹੀ ਨਹੀਂ। ਦੂਸਰਾ ਕਾਰਣ ਹੈ ਅਣਡਿੱਠੇ ਦਾ ਭਉ, ਜਿਹੜੇ ਜਾਗ ਗਏ ਹਨ ਉਹ ਜਾਣ ਗਏ ਹਨ ਕਿ ਜੀਵਨ ਦਾ ਉਦੇਸ਼ ਬਾਹਰੀ ਜੀਵਨ ਜੀਉਣਾ ਨਹੀਂ ਹੈ, ਉਹ ਆਪਣੇ ਜੀਵਨ ਨੂੰ ਸੰਗਠਿਤ ਕਰ ਲੈਂਦੇ ਹਨ, ਨਿਯਮਬਧ ਕਰ ਲੈਂਦੇ ਹਨ ਆਪਣੇ ਆਪ ਨੂੰ ਇਸ ਤਰ੍ਹਾਂ ਨਾਲ ਸਮਾਯੋਗ ਕਰ ਲੈਂਦੇ ਹਨ ਤਾਂ ਜੋ ਉਨ੍ਹਾਂ ਨੂੰ ਅੰਦਰ ਦੀ ਪ੍ਰੇਰਨਾ ਦਾ ਅਨੁਭਵ ਹੋ ਜਾਏ ਅੰਦਰ ਦੇ ਸਤਿ ਦਾ ਪਤਾ ਲਗ ਜਾਏ, ਇਹੋ ਜਿਹੇ ਜਗਿਆਸੂ ਜਲਦੀ ਹੀ ਗਿਆਨ ਮਾਰਗ ਤੇ ਚਾਨਣ ਦੇ ਮਾਰਗ ਤੇ ਚੱਲਣ ਲਈ ਤਿਆਰ ਹੋ ਜਾਂਦੇ ਹਨ।

ਅੰਦਰ ਦੇ ਗਿਆਨ ਮਾਰਗ ਤੇ ਚੱਲਣ ਲਈ, ਜੀਵ ਇਧਰ ਉਧਰ ਆਲੇ-ਦੁਆਲੇ ਦੇਖਦਾ ਹੈ, ਹਰ ਥਾਂ ਭਾਲਦਾ ਹੈ, ਗਿਆਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਰਾਹ ਲੱਭਣ ਦੀ ਕੋਸ਼ਿਸ਼ ਕਰਦਾ ਹੈ, ਸਾਧਨ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਤੁਸੀਂ ਆਪਣੀਆਂ ਆਦਤਾਂ ਨੂੰ ਸੁਧਾਰਨ ਦੀ ਕੋਸ਼ਿਸ਼ ਕਰਦੇ ਹੋ ਤਾਂ ਆਪਣੇ ਆਪ ਨੂੰ ਉਚਿਤ ਨਹੀਂ ਮਹਿਸੂਸ ਕਰਦੇ, ਕਿਸੇ ਮਾਰਗ ਦਰਸ਼ਕ ਦੀ ਭਾਲ ਕਰਦੇ ਹੋ, ਕੋਈ ਮਿਲੇ ਜਿਹੜਾ ਮਾਰਗ ਦੱਸੇ। ਜਿਵੇਂ ਪਾਣੀ ਆਪਣਾ ਰਾਹ ਆਪ ਹੀ ਬਣਾ ਲੈਂਦਾ ਹੈ, ਲੱਭ ਲੈਂਦਾ ਹੈ, ਇਹੋ ਜਿਹੇ ਨੂੰ ਇਹੋ ਜਿਹਾ ਮਿਲ ਹੀ ਜਾਂਦਾ ਹੈ। ਜਦੋਂ ਦੀਵੇ ਅੰਦਰ ਤੇਲ ਪੈ ਜਾਂਦਾ ਹੈ, ਬੱਤੀ ਲਗਾ ਦਿੱਤੀ ਜਾਂਦੀ ਹੈ, ਦੀਵਾ ਜਲਾਣ ਵਾਲਾ ਮਿਲ ਹੀ ਜਾਂਦਾ ਹੈ, ਜਿਹੜਾ ਅਨੁਸ਼ਾਸਨ ਦੇ ਮਾਰਗ ਤੇ ਚਲਦਾ ਰਿਹਾ ਹੋਵੇ ਜਿਸ ਨੇ ਪ੍ਰਾਪਤੀ ਕਰ ਲਈ ਹੋਵੇ, ਜਿਹੜਾ ਮਾਰਗ ਦਰਸ਼ਨ ਕਰ ਸਕਦਾ ਹੋਵੇ। ਸੰਸਾਰ ਦੇ ਬਹੁਤ ਸਾਰੇ ਲੋਕ ਆਪਣੀ ਸਮਰੱਥਾ, ਆਪਣੀ ਯੋਗਤਾ ਨੂੰ ਨਹੀਂ ਜਾਣਦੇ ਨਾ ਹੀ ਉਨ੍ਹਾਂ ਦੇ ਅੰਦਰ ਆਤਮ ਵਿਸ਼ਵਾਸ਼ ਹੈ ਕਿ ਉਹ ਜੀਵਨ ਉਦੇਸ਼ ਦੀ ਪ੍ਰਾਪਤੀ ਕਰ ਸਕਣ। ਜਿਹੜੇ ਆਪਣਾ ਨਿਰਣੇ ਕਰ ਲੈਂਦੇ ਹਨ ਉਹ ਨਿਯਮਬੱਧ ਅਭਿਆਸ ਸ਼ੁਰੂ ਕਰ ਦਿੰਦੇ ਹਨ। ਅਨੁਸ਼ਾਸਨ ਦੀ ਪਹਿਲੀ ਪੌੜੀ ਸਰੀਰਕ ਅਨੁਸ਼ਾਸਨ ਹੈ, ਆਪਣੀ ਭੁੱਖ ਨੂੰ ਨਿਯਮਬੱਧ ਕਰਨਾ, ਆਪਣਾ ਆਹਾਰ ਠੀਕ ਰੱਖਣਾ, ਖੁਰਾਕ ਬਹੁਤ ਹੀ ਮਹੱਤਵਪੂਰਣ ਕੇਵਲ ਸਰੀਰ ਲਈ ਹੀ ਨਹੀਂ ਮਨ ਲਈ ਵੀ ਬਹੁਤ ਅਵੱਸ਼ਕ ਹੈ ਏਸੇ ਤਰ੍ਹਾਂ ਨੀਂਦ, ਸਵੈ ਸੰਭਾਲ, ਕਾਮ, ਇਹ ਸਾਰੇ ਹੀ ਅਤਿ ਮਹੱਤਵਪੂਰਣ ਹਨ। ਯੋਗਾ ਵਿਗਿਆਨ ਕਹਿੰਦਾ ਹੈ, ਨਾ ਤਾਂ ਉਹ ਜਿਹੜਾ ਬਿਲਕੁਲ ਨਹੀਂ ਸੌਂਦਾ, ਨਾ ਹੀ ਉਹ ਜਿਹੜਾ ਬਹੁਤ ਸੌਂਦਾ ਹੈ, ਨਾ ਉਹ ਜਿਹੜਾ ਬਹੁਤ ਕੰਮ ਕਰਦਾ ਹੈ, ਨਾ ਜਿਹੜਾ ਬਿਲਕੁਲ ਕੰਮ ਨਹੀਂ ਕਰਦਾ ਇਨ੍ਹਾਂ ਵਿਚੋਂ ਕੋਈ ਵੀ ਯੋਗ ਲਈ ਨਿਪੁੰਨ ਹੋ ਸਕਦਾ ਹੈ।

ਇਹ ਇਕ ਬਹੁਤ ਹੀ ਗਲਤ ਤੇ ਝੂਠੀ ਧਾਰਨਾ ਹੈ ਕਿ ਯੋਗਾ ਕਰਨ ਲਈ ਸੰਸਾਰ ਦਾ ਤਿਆਗ ਅਵਸ਼ੱਕ ਹੈ। ਲੋੜ ਹੈ ਆਪਣੇ ਆਪ ਨੂੰ ਅਨੁਸ਼ਾਸਨ ਵਿਚ ਲਿਆਉਣ ਦੀ ਕਰਮਬੱਧ ਕਰਨ ਦੀ, ਤਿਆਗ ਦੀ ਲੋੜ ਨਹੀਂ ਹੈ। ਇਸ ਤਰ੍ਹਾਂ ਨਾਲ ਜੀਵਨ ਨੂੰ ਨਿਯਮਬੱਧ ਕਰਨ ਤੋਂ ਪਸ਼ਚਾਤ ਇੱਕ ਐਸਾ ਦਿਨ ਆ ਜਾਂਦਾ ਹੈ, ਜਦੋਂ ਜਗਿਆਸੂ ਇਹ ਸਮਝ ਲੈਂਦਾ ਹੈ, ਜਾਣ ਜਾਂਦਾ ਹੈ ਕਿ ਤਿਆਗ ਤੇ ਨਿਰਸੁਆਰਥ ਹੋ ਕੇ ਸੇਵਾ ਕਰਨਾ ਇੱਕੋ ਹੀ ਗੱਲ ਹੈ, ਨਿਸ਼ਕਾਮ ਹੋ ਜਾਣਾ ਹੀ ਤਿਆਗ ਹੈ। ਉਹ ਜਾਣ ਜਾਂਦਾ ਹੈ ਕਿ ਸੰਸਾਰ ਵਿਚ ਰਹਿਣਾ ਨਿਰਲਿਪਤ ਹੋ ਕੇ ਰਹਿਣਾ, ਸੰਸਾਰ ਤਿਆਗਣਾ ਦੋਨਾਂ ਦਾ ਉਦੇਸ਼ ਇੱਕ ਹੀ ਹੈ, ਦੋਨਾਂ ਵਿਚ ਅੰਤਰ ਵੀ ਕੋਈ ਨਹੀਂ।

ਅਭਿਆਸ ਕਿਸ ਤਰ੍ਹਾਂ ਸ਼ੁਰੂ ਕੀਤਾ ਜਾਵੇ ਸਭ ਤੋਂ ਪਹਿਲਾਂ ਲੋੜ ਹੈ ਵਾਤਾਵਰਣ ਨੂੰ ਸਹਾਇਕ ਬਣਾਉਣਾ, ਭਾਵ ਅਨੁਕੂਲ ਬਣਾਉਣਾ। ਸਰੀਰ ਨੂੰ ਪੂਰਾ-ਪੂਰਾ ਧਿਆਨ ਦੇਣਾ, ਸਰੀਰ ਨੂੰ ਸਵੱਸਥ ਰੱਖਣਾ ਕਿਉਂਕਿ ਸਰੀਰ ਹੀ ਪ੍ਰਾਪਤੀ ਦਾ ਸਾਧਨ ਹੈ, ਸਰੀਰ ਨਾਲ ਹੀ ਖੋਜ ਹੈ, ਸਰੀਰ ਨਾਲ ਹੀ ਯੋਗਤਾ ਹੈ, ਨਿਪੁੰਨਤਾ ਹੈ। ਅਹਾਰ ਪ੍ਰਤੀ ਸਚੇਤਨ ਹੋਣਾ, ਵਿਸ਼ਾਮ ਕਰਨਾ, ਕਸਰਤ ਕਰਨੀ ਜੀਵਨ ਦਾ ਇੱਕ ਅਵੱਸ਼ਕ ਅੰਗ ਹੋਣਾ ਜ਼ਰੂਰੀ ਹੈ। ਹੌਲੀ-ਹੌਲੀ ਦੇਖਦਿਆਂ ਅਭਿਆਸ ਕਰਦਿਆਂ ਤੁਸੀਂ ਇਹ ਜਾਣ ਲੈਂਦੇ ਹੋ ਕਿ ਧਰਤੀ ਤੇ ਰਹਿਣ ਲਈ ਕੇਵਲ ਖਾਣਾ ਪੀਣਾ ਤੇ ਆਹਾਰ ਹੀ ਕਾਫੀ ਨਹੀਂ ਹੈ, ਪ੍ਰਾਣ ਜੋ ਕਿ ਇਕ ਜੀਵਨ ਸ਼ਕਤੀ ਹਨ, ਪ੍ਰਾਣ ਸ਼ਕਤੀ ਹਨ, ਜਿਹੜੀ ਅਸੀਂ ਆਪਣੇ ਅੰਦਰ ਲੈ ਕੇ ਜਾਂਦੇ ਹਾਂ, ਉਹ ਆਹਾਰ ਨਾਲੋਂ ਕਿਤੇ ਵੱਧ ਅਵੱਸ਼ਕ ਹੈ, ਭੋਜਨ ਬਾਅਦ ਦੀ ਗੱਲ ਹੈ, ਇਹ ਗੱਲ ਜ਼ਰੂਰ ਹੈ ਕਿ ਪ੍ਰਾਣ ਭੋਜਨ ਤੋਂ ਬਣਦੇ ਹਨ ਪਰ ਗੁਣ ਹੈ ਮਾਤਰਾ ਜਿਹੜੀ ਭੋਜਨ ਰਾਹੀਂ ਅਸੀਂ ਲੈਂਦੇ ਹਾਂ ਉਹ ਸਾਡੇ ਜੀਵਨ ਲਈ ਉਚਿਤ ਨਹੀਂ ਹੁੰਦੀ ਭਾਵ ਕਾਫੀ ਨਹੀਂ ਹੁੰਦਾ ਕੇਵਲ ਉਸੇ ਦੇ ਆਧਾਰ ਤੇ ਜੀਵਨ ਨਹੀਂ ਜੀਵਿਆ ਜਾ ਸਕਦਾ, ਨਾ ਹੀ ਉਸ ਨਾਲ ਜੀਵਨ ਵਿੱਚ ਵਾਧਾ ਹੋ ਸਕਦਾ ਹੈ। ਜਿਹੜੀ ਵਾਯੂ ਜਿਹੜੇ ਸੁਆਸ ਅਸੀਂ ਅੰਦਰ ਲੈ ਕੇ ਜਾਂਦੇ ਹਾਂ ਉਹ ਹੀ ਜੀਵਨ ਸ਼ਕਤੀ ਦਾ ਰੂਪ ਲੈ ਲੈਂਦੇ ਹਨ ਉਸੇ ਦੇ ਆਧਾਰ ਤੇ ਅਸੀਂ ਜੀਉਂਦੇ ਹਾਂ। ਵਾਸਤਵ ਵਿਚ ਸੁਆਸ ਹੀ ਜੀਵਨ ਹਨ।

ਪੁਰਾਤਨ ਯੋਗੀਆਂ ਨੇ ਬਹੁਤ ਸਾਰੇ ਤੀਰਕੇ ਸੂਖਮ ਸਾਧਨਾ ਕਰਨ ਦੇ ਵਿਯਾਮ ਕਰਨ ਦੇ ਸਰੀਰ, ਸੁਆਸ ਮਨ ਦੇ ਸਬੰਧ ਦੇ ਦਿੱਤੇ ਹਨ ਇਹ ਹੀ ਨਹੀਂ ਬਹੁਤ ਡੂੰਘੇ ਤੇ ਬਹੁਤ ਹੀ ਸੰਪੂਰਨ ਸਾਧਨ ਦਿੱਤੇ ਹਨ, ਉਨ੍ਹਾਂ ਨੇ, ਉਨ੍ਹਾਂ ਨੇ ਜੀਵਨ ਲਗਾਏ ਹਨ, ਇਨ੍ਹਾਂ ਸਾਧਨਾ ਤੇ। ਇਸ ਪੁਸਤਕ ਵਿਚ ਦਿੱਤੀਆਂ ਸਾਧਨਾ, ਪ੍ਰਯੋਗ ਪੁਰਾਤਨ ਗ੍ਰੰਥ ਵਿਚੋਂ ਹੀ ਹਨ ਉਨ੍ਹਾਂ ਮਹਾਨ ਯੋਗੀਆਂ ਦੀਆਂ ਸਿੱਖਿਆ ਵਿਚੋਂ ਹੀ ਹਨ, ਮੈਂ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਦਰਸ਼ਨ ਵੀ ਕੀਤੇ ਹੋਏ ਹਨ, ਜਦੋਂ ਜੁਆਨ ਅਵਸਥਾ ਵਿਚ ਮੈਂ ਸਵਾਮੀ ਜੀ ਨਾਲ ਗਿਆ ਸੀ। ਮੈਨੂੰ ਇਸ ਸਾਰੀ ਸਿੱਖਿਆ ਤੇ ਪੂਰਾ-ਪੂਰਾ ਭਰੋਸਾ ਹੈ, ਮੈਂ ਇੱਕ ਰੱਤੀ ਭਰ ਵੀ ਸ਼ੰਕਾ ਨਹੀਂ ਕਰ ਸਕਦਾ ਕਿ ਇਹ ਪ੍ਰਯੋਗ ਸਤਿ ਨਹੀਂ ਪਰ ਮੈਂ ਇਹ ਜ਼ਰੂਰ ਕਹਾਂਗਾ ਕਿ ਬਹੁਤ ਸਾਰੇ ਯੋਗੀ ਅਭਿਆਸੀ ਜ਼ਰੂਰ ਹਨ ਪਰ, ਪੂਰਨ ਰੂਪ ਵਿਚ ਉਸਤਾਦ ਨਿਪੁੰਨ ਕੋਈ ਹੀ ਹੈ। ਬਹੁਤ ਉਚੇ ਜਗਿਆਸੂ ਅਗਾਂਹ ਪਹੁੰਚ ਚੁੱਕੇ ਅਭਿਆਸੀਆਂ ਲਈ ਕੁਝ ਇਕ ਪ੍ਰਯੋਗ ਦਿੱਤੇ ਹਨ ਜਿਹੜੇ ਕਿ ਕੋਈ ਔਖੇ ਨਹੀਂ ਜਿਨ੍ਹਾਂ ਦਾ ਅਭਿਆਸ ਔਖਾ ਨਹੀਂ ਪਰ ਐਥੇ ਇਹ ਗੱਲ ਮੈਂ ਜ਼ਰੂਰ ਕਹਿਣੀ ਚਾਹਵਾਂਗਾ ਕਿ ਅੱਜ ਦੇ ਜਗਿਆਸੂਆਂ ਕੋਲ ਧੀਰਜ ਨਹੀਂ, ਸਮਾਂ ਨਹੀਂ, ਨਾ ਹੀ ਆਤਮ ਵਿਸ਼ਵਾਸ਼ ਹੈ, ਨਾ ਹੀ ਸਵੈ ਅਨੁਸ਼ਾਸਨ ਹੈ ਤਾਂ ਜੋ ਬਹੁਤ ਦੇਰ ਲਈ ਲੰਮੇ ਸਮੇਂ ਲਈ ਅਭਿਆਸ ਕਰ ਸਕਣ।

ਹਰੇਕ ਮਨੁੱਖ ਦੇ ਦਿਲ ਦਿਮਾਗ ਵਿਚ ਇਕ ਇਹੋ ਕਸ਼ਮਕਸ਼ ਚਲਦੀ ਰਹਿੰਦੀ ਹੈ ਕਿ ਮੈਂ ਸਤਿ ਨੂੰ ਜਾਨਣ ਦੇ ਰਾਹ ਤੇ ਚੱਲਾਂ ਕਿ ਮੈਂ ਸੰਸਾਰ ਭੋਗਾਂ। ਬਹੁਤ ਸਾਰੇ ਇੱਛਾਵਾਨ ਇਕਾਂਖੀ ਅਭਿਆਸ ਕਰਨਾ ਚਾਹੁੰਣਗੇ ਪਰ ਬਹੁਤ ਥੋੜੇ ਹੀ ਕਰ ਸਕਣਗੇ, ਉਨ੍ਹਾਂ ਵਿਚੋਂ ਵੀ ਥੋੜ੍ਹੇ ਹੀ ਇਸ ਮਾਰਗ ਤੇ ਚੱਲਣ ਲਈ ਨਿਯਮਬੱਧ ਹੋ ਸਕਣਗੇ। ਬਹੁਤ ਹੀ ਥੋੜਹੇ ਆਪਣੇ ਉਦੇਸ਼, ਗੋਲ ਪ੍ਰਾਪਤੀ ਕਰ ਸਕਦੇ ਹਨ। ਇਹ ਸੋਚਣਾ ਇਸ ਤੇ ਵਿਚਾਰ ਕਰਨਾ ਕੌਣ ਗਿਆਨ ਪ੍ਰਾਪਤ ਕਰ ਚੁੱਕਾ ਹੈ, ਕੌਣ ਨਹੀਂ ਕਰ ਚੁੱਕਾ, ਇਕ ਗੱਲ ਤਾਂ ਕਹੀ ਜਾ ਸਕਦੀ ਹੈ ਜਿਹੜੇ ਕਹਿੰਦੇ ਹਨ ਕਿ ਉਨ੍ਹਾਂ ਨੂੰ ਗਿਆਨ ਪ੍ਰਾਪਤੀ ਹੋ ਚੁੱਕੀ ਹੈ ਉਹ ਤਾਂ ਬਿਲਕੁਲ ਹੀ ਗਲਤ ਹੈ, ਹਾਂ ਜਿਹੜੇ ਇਸ ਮਾਰਗ ਤੇ ਚੱਲ ਰਹੇ ਹਨ, ਜਿਹੜੇ ਅਭਿਆਸ ਕਰ ਰਹੇ ਹਨ, ਉਹ ਅਵੱਸ਼ ਹੀ ਇੱਕ ਦਿਨ ਗਿਆਨ ਪ੍ਰਾਪਤ ਕਰ ਲੈਣਗੇ, ਇਸ ਗੱਲ ਨੂੰ ਕੋਈ ਨਹੀਂ ਜਾਣਦਾ ਆਪਣੇ ਆਪ ਅਭਿਆਸ ਕਰਨਾ, ਗਿਆਨ ਮਾਰਗ ਤੇ ਚੱਲਣਾ ਚਾਨਣ ਮਾਰਗ ਤੇ ਚੱਲਣਾ ਬਹੁਤ ਹੀ ਠੀਕ ਹੈ, ਚੰਗਾ ਹੈ।

ਅਭਿਲਾਸ਼ੀ ਇਸ ਗੱਲ ਨੂੰ ਜਾਣ ਜਾਂਦਾ ਹੈ ਕਿ ਸਰੀਰ ਇਕ ਯੰਤਰ ਹੈ, ਮਾਧਿਅਮ ਹੈ ਜਿਸ ਰਾਹੀਂ ਸਾਰੀ ਪ੍ਰਾਪਤੀ ਹੋਣੀ ਹੈ ਪਰ ਇਹ ਸਭ ਕੁਝ ਨਹੀਂ ਹੈ ਇਹ ਪੂਰੀ ਹੋਂਦ ਨਹੀਂ ਹੈ, ਸੁਆਸ ਹੀ ਜੀਵਨ ਹਨ ਜੀਵਨ ਦਾ ਆਧਾਰ ਹਨ। ਜਦੋਂ ਜਗਿਆਸੂ ਇਹ ਜਾਣ ਜਾਂਦਾ ਹੈ, ਉਹ ਤਾਂ ਉਹ ਸੁਆਸਾਂ ਨੂੰ ਇਕਸਾਰ ਕਰਨ ਦੀ ਕੋਸ਼ਿਸ਼ ਕਰਦਾ ਹੈ, ਨਾਲ ਹੀ ਇਹ ਜਾਨਣਾ ਸ਼ੁਰੂ ਕਰ ਦਿੰਦਾ ਹੈ ਕਿ ਸੁਆਸਾਂ ਦਾ ਸੋਚ ਨਾਲ ਕੀ ਸਬੰਧ ਹੈ, ਭਾਵਨਾਵਾਂ ਨਾਲ ਕੀ ਸਬੰਧ ਹੈ, ਮਨੁੱਖ ਦੇ ਦਿਲ, ਦਿਮਾਗ ਨਾਲ ਕੀ ਸਬੰਧ ਹੈ? ਸਾਡੀ ਖੋਜ ਸੰਪੂਰਨ ਸਰੀਰ ਤੋਂ ਲੈ ਕੇ ਸੂਖਸ਼ਮ ਹੋਂਦ ਤੱਕ ਹੈ, ਸਾਡੀ ਸੋਚ ਘੱਟ ਹੀ ਸਾਡੇ ਕਾਬੂ ਵਿਚ ਰਹਿੰਦੀ ਹੈ। ਬਹੁਤ ਸਾਰਾ ਸਾਹਿਤ ਤੁਹਾਨੂੰ ਮਿਲੇਗਾ ਜਿਹੜਾ ਤੁਹਾਨੂੰ ਮਨ ਬਾਰੇ ਦੱਸੇਗਾ, ਮਨ ਦੇ ਕਾਰਜਾਂ ਬਾਰੇ, ਭਾਵਨਾਵਾਂ ਬਾਰੇ, ਸੰਵੇਗਾਂ ਬਾਰੇ ਦੱਸੇਗਾ ਪਰ ਮਨ ਤੇ ਸੰਵੇਗਾਂ ਨੂੰ ਕਿਸ ਤਰ੍ਹਾਂ ਕਾਬੂ ਕਰਨਾ ਹੈ ਇਹ ਕਿਤੇ ਘੱਟ ਹੀ ਤੁਸੀਂ ਦੇਖੋਗੇ। ਇਹ ਪੁਸਤਕ ਮਨ ਦੇ ਵਿਸ਼ਲੇਸ਼ਨ ਬਾਰੇ ਨਹੀਂ ਹੈ, ਨਾ ਹੀ ਸੋਚਣ ਦੇ ਤਰੀਕੇ ਬਾਰੇ, ਨਾ ਹੀ ਸੰਵੇਗਾਂ ਬਾਰੇ ਇਹ ਤਾਂ ਤੁਹਾਨੂੰ ਸਰੀਰ ਨੂੰ ਠੀਕ ਸੁਆਰਥ ਰੱਖਣ ਬਾਰੇ ਅਭਿਆਸ ਦੱਸੇਗੀ, ਸੁਆਸਾਂ ਨੂੰ ਸ਼ਾਂਤ ਰੱਖਣਾ ਦੱਸੇਗੀ, ਮਨ ਸ਼ਾਂਤ ਰੱਖਣਾ ਦੱਸੇਗੀ, ਇਨ੍ਹਾਂ ਰਾਹੀਂ ਤੁਸੀਂ ਜੀਵਨ ਲਕਸ਼ ਪ੍ਰਾਪਤ ਕਰ ਸਕਦੇ ਹੋ ਜਿਹੜੇ ਜਗਿਆਸੂ ਪਹਿਲਾਂ ਤੋਂ ਹੀ ਅਭਿਆਸ ਕਰ ਰਹੇ ਹਨ, ਹੋਰ ਉਚੇਰੇ ਅਨੁਭਵ ਚਾਹੁੰਦੇ ਹਨ, ਇਹ ਇਛਾ ਮਨ ਵਿਚ ਰਖਦੇ ਹਨ ਉਨ੍ਹਾਂ ਲਈ ਇਹ ਪੁਸਤਕ ਲਾਭਕਾਰੀ ਹੋਵੇਗੀ।

ਮੈਂ ਇਹ ਸਾਰੇ, ਸਿਖਿਅਕਾਂ ਨੂੰ, ਪੜ੍ਹਨ ਵਾਲਿਆਂ ਨੂੰ ਇੱਛਾਵਾਨਾਂ ਨੂੰ ਚੇਤਾਵਨੀ ਦਿੰਦਾ ਹਾਂ ਕਿ ਉਹ ਵਿਯਾਮ ਕੋਈ ਵੀ ਅਭਿਆਸ ਜਿਹੜਾ ਇਸ ਪੁਸਤਕ ਵਿਚ ਦਿੱਤਾ ਗਿਆ ਹੈ ਉਸ ਦਾ ਅਭਿਆਸ ਨਾ ਕਰਨ, ਕੋਈ ਵੀ ਅਭਿਆਸ ਕਰਨ ਲਈ ਇਕ ਨਿਪੁੰਨ ਯੋਗੀ ਦੀ ਗੁਰੂ ਦੀ ਲੋੜ ਹੈ। ਇਹ ਪੁਸਤਕ ਕੇਵਲ ਉੱਨਤ, ਪ੍ਰੋੜ ਸਿਖਸ਼ਾ ਲਈ ਲਿਖੀ ਗਈ ਹੈ।

ਜਦੋਂ ਮੈਂ ਭਾਰਤ ਦਾ ਭ੍ਰਮਣ ਕਰਦਿਆਂ ਜਾਪਾਨ ਤੇ ਪੂਰਬੀ ਯੂਰਪ ਜਾਂਦਿਆਂ ਮੈਂ ਬਹੁਤ ਸਾਰੇ ਜੋਤਸ਼ੀ ਮਿਲੇ, ਮੈਡੀਟੇਸ਼ਨ ਕਰਨ ਵਾਲੇ ਮਿਲੇ, ਅਗਮ ਨਿਗਮ ਦੀ ਸੋਝੀ ਰੱਖਣ ਵਾਲੇ ਮਿਲੇ, ਮੈਨੂੰ ਉਨ੍ਹਾਂ ਦੀ ਯੋਗਤਾ ਤੇ ਕੋਈ ਸੰਦੇਹ ਨਹੀਂ ਪਰ ਇਕ ਗੱਲ ਮੈਂ ਜ਼ਰੂਰ ਕਹਿ ਸਕਦਾ ਹਾਂ ਕਿ ਉਨ੍ਹਾਂ ਨੂੰ ਸਵਰਓਦਿਆ ਵਿਗਿਆਨ ਦਾ ਕੋਈ ਗਿਆਨ ਨਹੀਂ ਉਸ ਤੋਂ ਬਿਨਾਂ ਤੁਹਾਨੂੰ ਅੰਤਰ ਦ੍ਰਿਸ਼ਟੀ ਗਿਆਨ, ਅਨੁਭਵ ਹੋ ਹੀ ਨਹੀਂ ਸਕਦਾ, ਇਸ ਤੋਂ ਬਿਨਾਂ ਕਰਮਬੱਧ ਤਰੀਕੇ ਨਾਲ ਗਿਆਨ ਹੋ ਹੀ ਨਹੀਂ ਸਕਦਾ। ਮੈਨੂੰ ਕਦੀ ਵੀ ਕੋਈ ਜੋਤਸ਼ੀ ਨਹੀਂ ਮਿਲਿਆ ਜਿਹੜਾ ਠੀਕ ਤਰ੍ਹਾਂ ਨਾਲ ਭਵਿੱਖ ਬਾਰੇ ਦੱਸ ਸਕੇ ਜਾਂ ਆਪਣਾ ਹੀ ਭਵਿੱਖ ਉਸਨੂੰ ਪਤਾ ਹੋਵੇ। ਸਵਰਓਦਿਆ ਗਿਆਨ ਤੋਂ ਮੈਨੂੰ ਕੋਈ ਜੋਤਸ਼ੀ ਦੀ ਨਿਰੂਪਣ ਬਾਰੇ ਭਰੋਸਾ ਨਹੀਂ ਦਿਵਾ ਸਕਿਆ। ਮੈਨੂੰ ਕੇਵਲ ਤਿੰਨ ਲੋਕ ਮਿਲੇ ਹਨ ਜਿਹੜੇ ਭਵਿੱਖ ਬਾਰੇ ਦਸ ਸਕੇ ਕਿਉਂਕਿ ਉਹ ਮਨ, ਸਮਾਂ, ਕਾਰਣ ਤੇ ਪੁਲਾੜ ਸਪੇਸ ਨੂੰ ਪਾਰ ਕਰਕੇ ਦੇਖ ਕੇ ਭਵਿੱਖ ਦੱਸ ਸਕਦੇ ਸੀ। ਸਵਰਓਦਿਆ ਇਕ ਵਿਵਸਥਿਤ ਸੰਗਠਿਤ ਗਿਆਨ ਹੈ, ਜਿਸ ਦੁਆਰਾ ਤੁਸੀਂ ਅਨੁਭਵੀ ਅੰਤਰ ਗਿਆਨ ਦੀ ਪ੍ਰਾਪਤੀ ਕਰ ਸਕਦੇ ਹੋ ਮੇਰਾ ਇੱਕ ਦਾਵਾ ਨਹੀਂ ਹੈ, ਅਨੁਭਵੀ ਗਿਆਨ ਹੋਰ ਕਿਸੇ ਤਰ੍ਹਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਪਰ ਮੈਨੂੰ ਪੂਰਾ-ਪੂਰਾ ਭਰੋਸਾ ਹੈ ਸਵਰਓਦਿਆ ਉਹ ਤਰੀਕਾ ਹੈ ਜਿਸ ਦੁਆਰਾ ਤੁਸੀਂ ਅਸੀਮ ਅਨੁਭਵ ਦੀ ਪ੍ਰਾਪਤੀ ਕਰ ਸਕਦੇ ਹੋ॥

ਇਹ ਪੁਸਤਕ ਬਹੁਤ ਵੱਡੇ ਮਸੌਂਦੇ ਦਾ ਇਕ ਛੋਟਾ ਜਿਹਾ ਭਾਗ ਹੈ ਜਿਹੜਾ ਮੈਂ ਓਦੋਂ ਲਿਖਿਆ ਸੀ ਜਦੋਂ ਮੈਂ ਗੁਰੂਦੇਵ ਨਾਲ ਹਿਮਾਲਿਆ ਵਿਚ ਰਿਹਾ ਹਾਂ। ਬਹੁਤ ਸਾਲਾਂ ਤਕ ਇਹ ਖਰੜਾ ਉਸ ਤਰ੍ਹਾਂ ਹੀ ਪਿਆ ਰਿਹਾ, ਫੇਰ ਮੇਰੇ ਸਾਥੀ ਮਿਤ੍ਰ ਕਹਿਣ ਲੱਗੇ ਮੈਨੂੰ ਪ੍ਰੇਰਨ ਲੱਗੇ ਕਿ ਮੈਂ ਜ਼ਰੂਰ ਇਸਨੂੰ ਛਪਾਵਾਂ। ਇਸ ਪੁਸਤਕ ਦੇ ਪੰਜ ਅਧਿਆਇ ਹਨ ਇਨ੍ਹਾਂ ਅੰਦਰ ਆਹਾਰ ਬਾਰੇ ਦਸਿਆ ਹੈ, ਸੁਆਸਾਂ ਬਾਰੇ ਵਿਯਾਮ ਦੱਸੇ ਹਨ, ਪ੍ਰਾਣਾਯਾਮ ਬਾਰੇ ਦੱਸਿਆ ਹੈ। ਮੈਡੀਟੇਸ਼ਨ ਬਾਰੇ ਦੱਸਿਆ ਹੈ ਸਵਰਓਦਿਆਂ ਬਾਰੇ ਦੱਸਿਆ ਹੈ ਤੇ ਕੁੰਡਲਨੀ ਬਾਰੇ ਦੱਸਿਆ ਹੈ।

ਮੈਂ ਵਿਗਿਆਨ ਦੇ ਦਾਰਸ਼ਨਕ ਪੱਖ ਵਲ ਨਹੀਂ ਗਿਆ, ਮੈਂ ਤਾਂ ਅਭਿਆਸ ਵਿਯਾਮ ਵਾਲੇ ਪਾਸੇ ਨੂੰ ਅੱਗੇ ਰੱਖ ਕੇ ਇਕਾਗਰ ਕੀਤਾ ਹੈ, ਜਿਵੇਂ ਉਸ ਗ੍ਰੰਥਾਂ ਵਿਚ ਦਿਤੇ ਗਏ ਹਨ। ਬਹੁਤ ਸਾਰੇ ਅਭਿਆਸ ਜਿਹੜੇ ਦਿੱਤੇ ਗਏ ਹਨ ਮੈਂ ਉਨ੍ਹਾਂ ਨੂੰ ਆਪ ਵੀ ਦੇਖਿਆ ਹੈ ਨਰੀਖਣ ਕੀਤਾ ਹੈ, ਬਹੁਤ ਸਾਰੇ ਮੈਂ ਦੇਖ ਸਕਿਆ ਹਾਂ, ਕਰ ਸਕਿਆ ਹਾਂ, ਪਰ ਸਮੇਂ ਦੀ ਘਾਟ ਹੋਣ ਕਰਕੇ ਮੈਨੂੰ ਜਾਪਾਨ ਤੇ ਪੱਛਮੀ ਦੇਸ਼ਾਂ ਤੋਂ ਆਉਣਾ ਪਿਆ। ਮੈਂ ਸਦਾ ਹੀ ਇਹ ਸੋਚਿਆ ਹੈ ਕਿ ਇਨ੍ਹਾਂ ਪੱਖਾਂ ਤੇ ਵਿਸਤਾਰ ਨਾਲ ਡੂੰਘੀ ਖੋਜ ਕੀਤੀ ਜਾਵੇ। ਅਸੀਂ ਇਨ੍ਹਾਂ ਵਿਯਾਮਾਂ ਲਈ ਪ੍ਰਯੋਗਸ਼ਾਲਾ ਵੀ ਬਣਾਈ ਹੈ ਜਿਥੇ ਸੁਆਸ ਦਾ ਅਭਿਆਸ ਕੀਤਾ ਜਾਂਦਾ ਹੈ ਪਰ ਅਜੇ ਤੱਕ ਮੈਨੂੰ ਉਸ ਖੋਜ ਵਿਚੋਂ ਕੁਝ ਮਿਲਿਆ ਨਹੀਂ ਜਿਸਨੂੰ ਧਿਆਨ ਨਾਲ ਜੋੜਿਆ ਜਾ ਸਕੇ ਜਾਂ ਕੁੰਡਲਨੀ ਦੇ ਅਭਿਆਸ ਨਾਲ ਜੋੜਿਆ ਜਾ ਸਕੇ।

ਜਿਥੋਂ ਤਕ ਮੇਰਾ ਆਪਣਾ ਸਵਾਲ ਹੈ, ਮੈਨੂੰ ਇਸ ਸਭ

ਕੁਝ ਤੇ ਕੋਈ ਸੰਦੇਹ ਨਹੀਂ, ਕਿਸੇ ਚੀਜ਼ ਦੇ ਗੁਣਾਂ ਤੇ ਕੋਈ ਵੀ ਸ਼ੱਕ ਨਹੀਂ ਕਿਸੇ ਦੀ ਪ੍ਰਮਾਣਕਤਾ ਤੇ ਕੋਈ ਕਿਸੇ ਕਿਸਮ ਦਾ ਸ਼ੱਕ ਨਹੀਂ, ਇਹ ਸਾਰੇ ਅਭਿਆਸ ਪੂਰੀ ਤਰ੍ਹਾਂ ਨਾਲ ਪ੍ਰਮਾਣਿਤ ਹਨ। ਮੈਂ ਆਪਣੇ ਬਾਰੇ ਇਹ ਕਹਿ ਸਕਦਾ ਹਾਂ ਕਿ ਮੈਂ ਪੱਛਮੀ ਦੇਸ਼ਾਂ ਵਿਚ ਆ ਕੇ ਆਪਣੇ ਉਦੇਸ਼ ਦੀ ਪ੍ਰਾਪਤੀ ਨਹੀਂ ਕਰ ਸਕਿਆ ਕਿਉਂਕਿ ਇੱਥੇ ਕੋਈ ਪ੍ਰਯੋਗਸ਼ਾਲਾ ਹੀ ਨਹੀਂ, ਉਹ ਸਾਰਾ ਲੋੜੀਂਦਾ ਸਮਾਨ ਹੀ ਨਹੀਂ, ਉਸ ਤਰ੍ਹਾਂ ਦਾ ਜੰਤਰ ਹੀ ਨਹੀਂ ਜਿਹੜੇ ਵਿਗਿਆਨਕ ਤਰੀਕੇ ਨਾਲ ਕੁੰਡਲਨੀ ਦੀ ਮੈਡੀਟੇਸ਼ਨ ਦੇ ਅਭਿਆਸ ਨੂੰ ਦੇਖ ਸਕਣ। ਮੈਨੂੰ ਆਪਣੇ ਜੀਵਨ ਵਿਚ ਸਭ ਤੋਂ ਵੱਡੀ ਔਖ ਇਹ ਹੀ ਆਈ ਹੈ ਜਾਂ ਤਾਂ ਮੈਨੂੰ ਸੰਸਾਰਕ ਵਿਗਿਆਨਕ ਮਿਲੇ ਹਨ ਜਾਂ ਮਜ਼ਹਬ ਦੇ ਅਨੁਆਈ ਮਿਲੇ ਹਨ, ਦਾਰਸ਼ਨਕ ਲੋਕ ਮਿਲੇ ਹਨ, ਮੈਂ ਉਹ ਜਗਿਆਸੂ ਨਹੀਂ ਮਿਲੇ ਜਿਹੜੇ ਵਿਗਿਆਨਕ ਤਰੀਕੇ ਨਾਲ ਇਨ੍ਹਾਂ ਅਭਿਆਸਾਂ ਨੂੰ ਜਾਨਣਾ ਚਾਹੁੰਦੇ ਹੋਣ ਇਨ੍ਹਾਂ ਦੇ ਯਥਾਰਥ ਨੂੰ ਜਾਨਣਾ ਚਾਹੁੰਦਾ ਹੋਵੇ ਇਨ੍ਹਾਂ ਦੇ ਪ੍ਰਭਾਵ ਨੂੰ ਜਾਨਣਾ ਚਾਹੁੰਦਾ ਹੋਵੇ। ਮੈਨੂੰ ਇਹ ਪੂਰਾ ਵਿਸ਼ਵਾਸ਼ ਹੈ ਇਕ ਦਿਨ ਇਹ ਵਿਗਿਆਨ ਪ੍ਰਸਿੱਧ ਹੋਵੇਗਾ ਸਾਰਿਆਂ ਤੱਕ ਪਹੁੰਚੇਗਾ, ਜਿਹੜੇ ਸੱਚੇ ਜਗਿਆਸੂ ਹਨ ਉਨ੍ਹਾਂ ਤੱਕ ਪਹੁੰਚੇਗਾ, ਅੱਜ ਦਾ ਸਮਾਜ ਇਸ ਤੋਂ ਇਕ ਦਿਨ ਲਾਭ ਉਠਾ ਸਕੇਗਾ।

ਬਹੁਤ ਸਾਰੇ ਲੋਕ ਯੋਗ ਨੂੰ ਕੇਵਲ ਇਕ ਸਰੀਰਕ ਕਸਰਤ ਹੀ ਸਮਝਦੇ ਹਨ। ਬਹੁਤ ਥੋੜੇ ਹੀ ਲੋਕ ਹਨ ਜਿਹੜੇ ਯੋਗ ਨੂੰ ਇਕ ਪੂਰਣ ਵਿਗਿਆਨ ਦੇ ਰੂਪ ਵਿਚ ਦੇਖਦੇ ਹਨ, ਇਹ ਸਮਝਦੇ ਹਨ ਕਿ ਯੋਗ ਸਰੀਰ, ਸੁਆਸ, ਮਨ ਤੇ ਆਤਮਾ ਇਨ੍ਹਾਂ ਸਾਰਿਆਂ ਨੂੰ ਵਿਵਸਥਿਤ ਰੂਪ ਵਿੱਚ ਲੈਂਦਾ ਹੈ। ਜਦੋਂ ਤੁਸੀਂ ਸਮਝ ਜਾਂਦੇ ਹੋ ਕਿ ਮਨੁੱਖ ਕੇਵਲ ਸਰੀਰ ਹੀ ਨਹੀਂ, ਮਨੁੱਖ ਸੁਆਸ ਲੈਂਦਾ ਹੈ, ਸੋਚਦਾ ਹੈ,ਇਹ ਜਾਣ ਕੇ ਖੋਜ ਕੇਵਲ ਸਰੀਰ ਤੇ ਸੁਆਸ ਤੱਕ ਹੀ ਨਹੀਂ ਰਹਿੰਦੀ। ਇਹ ਜਾਨਣ ਤੋਂ ਬਾਅਦ ਮਨ ਤੇ ਕਾਬੂ ਮਨ ਦੀ ਸੋਧ, ਭਾਵਨਾ ਤੇ ਸੰਵੇਗ ਵਧੇਰੇ ਜ਼ਰੂਰੀ ਹੋ ਜਾਂਦਾ ਹੈ, ਫੇਰ ਸਰੀਰਕ ਕਸਰਤ ਸੁਆਸਾਂ ਦਾ ਅਭਿਆਸ ਥੋੜ੍ਹਾ ਦੂਸਰੇ ਨੰਬਰ ਤੇ ਆ ਜਾਂਦਾ ਹੈ। ਮੈਡੀਟੇਸ਼ਨ ਚਿੰਤਨ ਹੀ ਇਕ ਇੱਛਾਵਾਨ ਅਭਿਲਾਸ਼ੀ ਨੂੰ ਮਨ ਤੇ ਕਾਬੂ ਪਾਉਣ, ਮਨ ਨੂੰ ਦਿਸ਼ਾ ਦੇਣ ਵਿਚ ਸਹਾਇਕ ਹੋ ਸਕਦਾ ਹੈ।

ਮਨ ਤੇ ਸੁਆਸਾਂ ਦਾ ਬੜਾ ਗਹਿਰਾ ਸਬੰਧ ਹੈ, ਇਹ ਦੋਨੋਂ ਹੀ ਇਕ ਦੂਸਰੇ ਤੇ ਪ੍ਰਭਾਵ ਪਾਉਂਦੇ ਰਹਿੰਦੇ ਹਨ। ਪ੍ਰਾਣਾਯਾਮ ਦਾ ਅਭਿਆਸ ਮਨ ਤੇ ਕਾਬੂ ਪਾਉਣ ਲਈ ਸਹਾਇਕ ਹੁੰਦਾ ਹੈ, ਮੈਡੀਟੇਸ਼ਨ ਦਾ ਅਭਿਆਸ ਕਰਨ ਨਾਲ ਜੀਵਨ ਦੀਆਂ ਗਹਿਰਾਈਆਂ ਤੱਕ ਪਹੁੰਚ ਸਕਦੇ ਹਨ। ਮੈਡੀਟੇਸ਼ਨ ਦੇ ਅਭਿਆਸ ਜਿਹੜੇ ਇਸ ਪੁਸਤਕ ਵਿਚ ਦਿਤੇ ਗਏ ਹਨ ਉਹ ਇਕਾਗਰ ਹੋਣ ਦੇ ਹੀ ਅਭਿਆਸ ਹਨ। ਜੇ ਇਹ ਅਭਿਆਸ ਨਿਰੰਤਰ ਕੀਤਾ ਜਾਵੇ, ਪੂਰੇ ਵਿਸ਼ਵਾਸ਼ ਨਾਲ ਕੀਤਾ ਜਾਵੇ ਤਾਂ ਜਗਿਆਸੂ ਡੂੰਘੀ ਮੈਡੀਟੇਸ਼ਨ ਅਵਸਥਾ ਤਕ ਪਹੁੰਚ ਜਾਂਦਾ ਹੈ। ਮੈਡੀਟੇਸ਼ਨ ਨਾਲ ਚੇਤਨ ਹੋ ਕੇ ਮਨ ਤੇ ਕਾਬੂ ਪਾਇਆ ਜਾ ਸਕਦਾ ਹੈ। ਮਨ ਨੂੰ ਬਾਹਰ ਜਾਣ ਤੋਂ ਰੋਕਿਆ ਜਾ ਸਕਦਾ ਹੈ ਇੱਕ ਮਨ ਹੋ ਕੇ ਅੰਦਰ ਲਿਜਾਇਆ ਜਾ ਸਕਦਾ ਹੈ।, ਪੂਰਣ ਚੁੱਪ ਪ੍ਰਾਪਤ ਕੀਤੀ ਜਾ ਸਕਦੀ ਹੈ। ਜਦੋਂ ਮਨ ਸ਼ਾਂਤ ਹੋਣਾ ਸਿੱਖ ਜਾਂਦਾ ਹੈ, ਚੁੱਪ ਹੋ ਜਾਂਦਾ ਹੈ ਉਸ ਤੋਂ ਬਾਅਦ ਹੀ ਸਮਾਧੀ ਲੀਨ ਹੋ ਜਾਂਦਾ ਹੈ, ਜੋ ਕਿ ਮੈਡੀਟੇਸ਼ਨ ਦੀ ਡੂੰਘੀ ਅਵਸਥਾ ਹੈ।

ਜਦੋਂ ਅਭਿਲਾਸ਼ੀ ਇਕ ਤਰੀਕੇ ਨਾਲ ਬੈਠ ਕੇ ਲਗਾਤਾਰ ਇੱਕੋ ਸਮੇਂ ਮੈਡੀਟੇਸ਼ਨ ਕਰਦਾ ਰਹਿੰਦਾ ਹੈ ਉਸਨੂੰ ਮਨ ਕਾਬੂ ਕਰਨ ਲਈ ਕਈ ਔਕੜਾਂ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਬਹੁਤ ਵਾਰੀ ਇਹ ਉਸ ਦੇ ਆਲੇ-ਦੁਆਲੇ ਕਰਕੇ ਹੁੰਦਾ ਜਿਸ ਵਾਤਾਵਰਣ ਵਿਚ ਉਹ ਰਹਿ ਰਿਹਾ ਹੈ, ਉਸ ਦੇ ਖਾਣ ਪੀਣ ਦੀਆਂ ਆਦਤਾਂ ਕਰਕੇ, ਬੈਠਣ ਦੇ ਢੰਗ ਵਿਚ ਖਰਾਬੀ ਹੋ ਸਕਦੀ ਹੈ, ਸੁਆਸ ਇਕ ਸਾਰ ਨਾ ਹੋਣ ਜਾਂ ਮਨ ਅਸ਼ਾਂਤ ਹੋਵੇ। ਜਦੋਂ ਉਸ ਨੂੰ ਚੰਗੀ ਤਰ੍ਹਾਂ ਟਿਕ ਕੇ ਬੈਠਣ ਦਾ ਅਭਿਆਸ ਹੋ ਜਾਵੇ, ਪ੍ਰਾਣਾਯਾਮ ਕਰਨਾ ਸਿੱਖ ਲਵੇ, ਮਨ ਬਹੁਤ ਵਾਰੀ ਤਾਂ ਵੀ ਭਟਕਦਾ ਰਹਿੰਦਾ ਹੈ। ਇਹ ਗੱਲ ਸਮਝ ਲੈਣੀ ਚਾਹੀਦੀ ਹੈ, ਜਦੋਂ ਤਕ 'ਸੁਸ਼ਮਨਾ' ਨੂੰ ਜਾਗਰਣ ਨਹੀਂ ਕਰਦੇ ਉਦੋਂ ਤਕ ਮਨ ਖਿਲਰਿਆ ਹੀ ਰਹੇਗਾ। ਜਦੋਂ ਸੁਸ਼ਮਨਾ ਜਾਗਰਣ ਹੋ ਜਾਂਦੀ, ਤੁਸੀਂ ਉਸ ਨੂੰ ਜਾਗਰਣ ਕਰ ਲੈਂਦੇ ਹੋ, ਉਸ ਤੋਂ ਬਾਅਦ ਮਨ ਮੈਡੀਟੇਸ਼ਨ ਕਰਦਿਆਂ ਅਨੰਦ ਦੀ ਅਵਸਥਾ ਵਿਚ ਆ ਜਾਂਦਾ ਹੈ। ਧਿਆਨ ਲਗਾਉਣਾ ਸੌਖਾ ਹੋ ਜਾਂਦਾ ਹੈ ਇਕ ਦਮ ਲਗ ਜਾਂਦਾ ਹੈ। ਇਸ ਪੁਸਤਕ ਵਿਚ ਕੁਝ ਤਰੀਕੇ ਦੱਸੇ ਗਏ ਹਨ ਜਿਨ੍ਹਾਂ ਨਾਲ ਸੁਆਸਾਂ ਤੇ ਕਾਬੂ ਪਾ ਕੇ ਸੁਆਸਾਂ ਦੇ ਬਹਾਅ ਨੂੰ ਇਕਸਾਰ ਕਰਕੇ ਸੁਸ਼ਮਨਾ ਨੂੰ ਜਾਗਰਣ ਕੀਤਾ ਜਾ ਸਕਦਾ ਹੈ।

ਮੈਡੀਟੇਸ਼ਨ ਦਾ ਅਭਿਆਸ ਕਰਕੇ ਜਗਿਆਸੂ ਕੁੰਡਲਨੀ ਜਾਗਰਣ ਕਰਨ ਦੇ ਸਮਰੱਥ ਹੋ ਜਾਂਦਾ ਹੈ। ਕੁੰਡਲਨੀ ਨੂੰ ਜਾਗਰਣ ਕਰਨ ਤੋਂ ਬਿਨਾਂ ਮਨੁੱਖ ਪ੍ਰਾਚੀਨ ਹੀ ਰਹਿੰਦੀ ਹੈ, ਕਹਿ ਸਕਦੇ ਹਾਂ, ਅਸਭਿਆ ਹੀ ਰਹਿੰਦਾ ਹੈ। ਜੀਵਨ ਦੇ ਉਦੇਸ਼ ਤੋਂ ਬਿਲਕੁਲ ਬੇਸਮਝਾ ਉਸ ਨੂੰ ਪਤਾ ਹੀ ਨਹੀਂ ਹੁੰਦਾ, ਜੀਵਨ ਉਦੇਸ਼ ਕੀ ਹੈ, ਗੋਲ ਕੀ ਹੈ। ਗ੍ਰੰਥਾਂ ਵਿਚ ਬਹੁਤ ਸਾਰੇ ਤਰੀਕੇ ਦਿੱਤੇ ਗਏ ਹਨ, ਇੱਕ ਸੰਪੰਨ ਅਧਿਆਪਕ ਗੁਰੂ ਸੁੱਤੀ ਸ਼ਕਤੀ ਭਾਵ ਕੁੰਡਲਨੀ ਨੂੰ ਇੱਕ ਠੀਕ ਤਰੀਕੇ ਨਾਲ ਜਾਗਰਣ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਗਿਆਸੂ ਕੁੰਡਲਨੀ ਸ਼ਕਤੀ ਨੂੰ ਸਹਿਸਰਾਰ ਚੱਕਰ ਤੱਕ ਲੈ ਜਾਂਦਾ ਹੈ, ਇਸ ਤਰ੍ਹਾਂ ਨਾਲ ਜੀਵਨ ਉਦੇਸ਼ ਦੀ ਪ੍ਰਾਪਤੀ ਕਰ ਲੈਂਦਾ ਹੈ। ਕੁੰਡਲਨੀ ਨੂੰ ਜਾਗਰਣ ਕਰਨ ਲਈ ਤੁਹਾਨੂੰ ਹਰ ਪ੍ਰਕਾਰ ਨਾਲ ਸਰੀਰ ਵਿਚ ਦਿੱਤੇ ਚੱਕਰਾਂ ਦਾ ਡੂੰਘਾ ਤੇ ਗੰਭੀਰ ਗਿਆਨ ਹੋਣਾ ਚਾਹੀਦਾ ਹੈ। ਇਸ ਪੁਸਤਕ ਅੰਦਰ ਚੱਕਰਾਂ ਦਾ ਸੰਖੇਪ ਗਿਆਨ ਦਿੱਤਾ ਗਿਆ ਹੈ।

ਮੈਨੂੰ ਪੂਰੀ ਆਸ ਹੈ ਇਹ ਪੁਸਤਕ ਉਚੇਰੇ ਤੇ ਅਗਾਂਹ ਵਧੇ ਜਗਿਆਸੂਆਂ ਲਈ ਇਕ ਉਤਸ਼ਾਹ ਭਰਪੂਰ ਗਿਆਨਦੇਹ ਹੋਵੇਗੀ, ਉਹ ਓਪਣੀ ਮੈਡੀਟੇਸ਼ਨ ਅਭਿਆਸ ਵਿਚ ਵਾਧਾ ਕਰ ਸਕਣਗੇ, ਜੀਵਨ ਉਦੇਸ਼ ਨੂੰ ਪ੍ਰਾਪਤ ਕਰ ਸਕਣ ਦੇ ਸਮਰੱਥ ਹੋ ਸਕਣਗੇ।

*********

# ਸਿਹਤ ਰੱਖਿਆ ਗਿਆਨ

***ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)***
***ਆਯੁਰਵੇਦ ਭੀਸ਼ਗ ਆਚਾਰੀਯ।***
***ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।***
***ਮੋਬਾਈਲ ਨੰ. 98156-07803***

## ਸਰੀਰ ਦੇ ਵੇਗਾਂ ਦੀ ਜਾਣਕਾਰੀ -

ਵੇਗਾਂ ਨੂੰ ਸਮਝਣ ਵਾਸਤੇ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਵੇਗ ਕੀ ਹਨ? ਇਹ ਕਿੰਨੀ ਕਿਸਮ ਦੇ ਹੁੰਦੇ ਹਨ? ਇਨ੍ਹਾਂ ਨੂੰ ਰੋਕਣ ਨਾਲ ਕੀ-ਕੀ ਵਿਕਾਰ ਹੋ ਸਕਦੇ ਹਨ? ਅਤੇ ਇਨ੍ਹਾਂ ਵਿਕਾਰਾਂ ਦਾ ਕੀ ਇਲਾਜ ਹੈ?

ਜਿਸ ਰਾਹੀਂ ਸਰੀਰ ਵਿਚੋਂ ਗਤੀ ਹੁੰਦੀ ਹੋਵੇ, ਉਸਨੂੰ ਵੇਗ ਕਹਿੰਦੇ ਹਨ। ਇਸ ਗਤੀ (ਪ੍ਰਵਾਹ) ਦੇ ਰੋਕਣ ਨੂੰ ਵੇਗ ਰੋਧ ਕਹਿੰਦੇ ਹਨ। ਜਿਵੇਂ ਮਲਮੂਤਰ ਆਦਿ ਜਦੋਂ ਸਰੀਰ ਵਿਚੋਂ ਨਿਕਲਣ ਵਾਸਤੇ ਗਤੀ ਕਰਦੇ ਹਨ ਤਾਂ ਇਹ ਉਨ੍ਹਾਂ ਦਾ ਵੇਗ ਹੈ। ਇਨ੍ਹਾਂ ਵੇਗਾਂ ਨੂੰ ਰੋਕਣਾ ਹੀ ਵੇਗ ਰੋਧ ਹੈ। ਆਯੁਰਵੇਦ ਵਿਚ ਇਨ੍ਹਾਂ ਦੇ ਦੋ ਭੇਦ ਦੱਸੇ ਹਨ -

1. ਮਾਨਸਿਕ ਵੇਗ 2. ਸਰੀਰਕ ਵੇਗ

ਮਾਨਸਿਕ ਵੇਗ ਛੇ ਪ੍ਰਕਾਰ ਦੇ ਦੱਸੇ ਹਨ -

1. ਕਾਮ, 2. ਕ੍ਰੋਧ, 3. ਲੋਭ, 4. ਈਰਖਾ, 5. ਹੰਕਾਰ 6. ਮੋਹ

ਇਨ੍ਹਾਂ ਮਾਨਸਿਕ ਵੇਗਾਂ ਨੂੰ ਰੋਕਣਾ ਚਾਹੀਦਾ ਹੈ। ਜੇ ਇਨ੍ਹਾਂ ਨੂੰ ਨਾ ਰੋਕਿਆ ਜਾਵੇ ਤਾਂ ਇਛਾਵਾਂ ਵਧਦੀਆਂ ਹਨ ਅਤੇ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ। ਜਿਸ ਕਰਕੇ ਨਾਨ੍ਹਾ ਪ੍ਰਕਾਰ ਦੇ ਮਾਨਸਿਕ ਰੋਗ ਹੋ ਜਾਂਦੇ ਹਨ। ਇਸ ਕਰਕੇ ਇਨ੍ਹਾਂ ਮਨ ਵੇਗਾਂ ਨੂੰ ਰੋਕਣਾ ਭਲਾ ਹੈ।

ਸਰੀਰਕ ਵੇਗ - ਆਯੁਰਵੇਦ ਆਚਾਰੀਯ ਨੇ ਸਰੀਰ ਦੇ ਵੇਗ ਤੇਰ੍ਹਾਂ ਪ੍ਰਕਾਰ ਦੇ ਦੱਸੇ ਹਨ -

1. ਅਪਾਨ ਵਾਯੂ, 2. ਮਲ, 3. ਮੂਤਰ, 4. ਉਦਗਾਰ (ਡਕਾਰ), 5. ਪਿਆਸ, 6. ਭੁੱਖ, 7. ਨੀਂਦ, 8. ਖਾਂਸੀ, 9. ਸਾਹ ਦਾ ਰੋਕਣਾ (ਜ਼ੋਰ ਦਾ ਕੰਮ ਕਰਕੇ ਦਮ ਚੜ੍ਹਿਆ ਹੋਵੇ, ਉਸਨੂੰ ਰੋਕਣਾ), 10. ਉਬਾਸੀ, 11. ਉਲਟੀ, 12. ਹੰਝੂ, 13. ਛਿੱਕ

ਇਨ੍ਹਾਂ ਸਰੀਰ ਦੇ ਵੇਗਾਂ ਨੂੰ ਰੋਕਣਾ ਨਹੀਂ ਚਾਹੀਦਾ, ਇਨ੍ਹਾਂ ਦੇ ਰੋਕਣ ਕਾਰਨ ਸਰੀਰ ਵਿਚ ਅਨੇਕ ਤਰ੍ਹਾਂ ਦੇ ਵਾਯੂ ਦੇ ਰੋਗ ਹੋ ਜਾਂਦੇ ਹਨ। ਇਸ ਕਰਕੇ ਮਲ-ਮੂਤਰ ਆਦਿ ਸਮੇਂ ਸਿਰ ਹੀ ਤਿਆਗਣਾ ਚਾਹੀਦਾ ਹੈ।

ਸਰੀਰ ਦੇ ਵੇਗਾਂ ਨੂੰ ਰੋਕਣ ਨਾਲ ਪੈਦਾ ਹੋਣ ਵਾਲੇ ਵਿਕਾਰ ਅਤੇ ਉਨ੍ਹਾਂ ਦਾ ਇਲਾਜ -

**1. ਅਪਾਨ ਵਾਯੂ -** ਖੁਰਾਕ ਪਚਣ ਸਮੇਂ ਅਤੇ ਪਚਣ ਤੋਂ ਬਾਅਦ ਵੱਡੀ ਆਂਤ (ਮਲਾਸ਼ਯ) ਵਿਚੋਂ ਜੋ ਵਾਯੂ (ਗੈਸ) ਬਾਹਰ ਨਿਕਲਦੀ ਹੈ। ਉਸਨੂੰ ਅਪਾਨ ਵਾਯੂ ਕਹਿੰਦੇ ਹਨ। ਅਪਾਨ ਵਾਯੂ ਨੂੰ ਰੋਕਣ ਨਾਲ ਪੇਟ ਵਿੱਚ ਵਾ ਦਾ ਗੋਲਾ (ਉਦਾਵਰਤ) ਰੋਗ, ਪੇਟ ਦਰਦ, ਬੇਚੈਨੀ, ਅਪਾਨ ਵਾਯੂ, ਮਲ-ਮੂਤਰ ਆਦਿ ਦਾ ਰੁਕ ਜਾਣਾ, ਅੱਖਾਂ ਅੱਗੇ ਧੁੰਦਲਾ ਦਿਖਣਾ, ਭੁੱਖ ਨਾ ਲੱਗਣੀ, ਹਿਰਦੇ (ਦਿਲ) ਸਬੰਧੀ ਰੋਗ ਪੈਦਾ ਹੋ ਜਾਂਦੇ ਹਨ।

ਇਲਾਜ - 1. ਪਸੀਨਾ ਨਿਕਾਲਣਾ ਚਾਹੀਦਾ ਹੈ ਜਿਸ ਨਾਲ ਰੋਮ ਖੁੱਲ੍ਹ ਜਾਣ ਕੋਈ ਸ਼ਖਮ ਜਲਾਬ ਲਿਆ ਜਾ ਸਕਦਾ ਹੈ।

2. ਯੋਗ ਰਾਜ ਗੁੱਗਲ - ਚਿਤਰਕਾਰੀ ਬੱਟੀ ਆਦਿ ਵਾਸ਼ਨਾਸ਼ ਦਵਾਈਆਂ ਦੀ ਵਰਤੋਂ ਕਰੇ।

3. ਮਲ ਦਾ ਵੇਗ ਰੋਕਣ ਨਾਲ ਪਿੰਜਣੀਆਂ (ਲੱਤਾਂ) ਵਿੱਚ ਅਕੜਾਅ।

**2. ਜ਼ੁਕਾਮ -** ਸਿਰ ਦਰਦ ਹੇਠ ਜਾਣ ਵਾਲੀ ਵਾਯੂ ਦਾ ਉਪਰ ਨੂੰ ਰੁਖ ਹੋ ਜਾਣਾ।

1. ਪਖਾਨੇ ਦੀ ਜਗ੍ਹਾ ਨੂੰ ਮਾਲੂਮ ਹੋਣਾ ਕਿ ਦਿਲ ਨੂੰ ਕੁਝ ਹੁੰਦਾ ਹੈ। ਕਈ ਵਾਰੀ ਮੁੱਖ ਵਿਚੋਂ ਦੁਰਗੰਧ ਆਉਣ ਲੱਗ ਜਾਂਦੀ ਹੈ। ਇਸ ਤੋਂ ਇਲਾਵਾ ਅਪਾਨ ਵਾਯੂ ਰੋਕਣ ਨਾਲ ਜੋ ਵਿਕਾਰ ਹੋ ਜਾਂਦੇ ਹਨ, ਉਹ ਵੀ ਹੋ ਜਾਂਦੇ ਹਨ।

ਇਲਾਜ - 1. ਕਮਰ ਤੱਕ ਸਰੀਰ ਨੂੰ ਗਰਮ ਪਾਣੀ ਵਿੱਚ ਡੁਬੋ ਕੇ ਬੈਠੋ।

2. ਪੇਟ ਤੇ ਪੇਡੂ ਤੇ ਤੇਲ ਦੀ ਮਾਲਸ਼ ਕਰਕੇ ਗਰਮ ਪਾਣੀ ਨਾਲ ਇਸ਼ਨਾਨ ਕਰੇ। ਪਸੀਨਾ ਦੇਵੇ।

3. ਅਨੀਮਾ ਵੀ ਲਿਆ ਜਾ ਸਕਦਾ ਹੈ। ਅੰਨ੍ਹ - ਪਾਣੀ ਐਸਾ ਦੇਵੇ ਜੋ ਪਤਲਾ ਹੋ ਕੇ ਨਿਕਲ ਜਾਵੇ।

**3. ਮੂਤਰ ਦਾ ਵੇਗ (ਪੇਸ਼ਾਬ) -** ਮੂਤਰ ਦਾ ਵੇਗ ਰੋਕਣ ਨਾਲ ਅੰਗ ਪੈਰ ਦੁਖਦੇ ਹਨ। ਅਸਮਰੀ (ਪੱਥਰੀ) ਦਾ ਹੋ ਜਾਣਾ। ਪੇਡੂ, ਵੱਖੀਆਂ, ਕਮਰ, ਜੋੜਾਂ ਵਿਚ ਦਰਦ ਹੋਣਾ, ਮਲ ਤੇ ਅਪਾਨ ਵਾਯੂ ਰੋਕਣ ਨਾਲ ਜੋ ਵਿਕਾਰ ਹੁੰਦੇ ਹਨ ਉਹ ਵੀ ਸਾਰੇ ਹੋ ਜਾਂਦੇ ਹਨ।

ਇਲਾਜ - 1. ਪਖਾਨਾ ਅਤੇ ਪਿਸ਼ਾਬ ਲਿਆਉਣ ਦਾ ਇਲਾਜ ਕਰੇ। ਕਮਰਤੱਕ ਗਰਮ ਪਾਣੀ ਵਿੱਚ ਬੈਠ ਕੇ ਪੇਡੂ ਅਤੇ ਪੇਟ ਮਲੇ। ਅੰਨ੍ਹ-ਪਾਣ ਅਜਿਹਾ ਖਾਵੇ ਕੇ ਮਲ-ਮੂਤਰ ਖੁਲ੍ਹ ਕੇ ਆਵੇ।

2. ਸਵੇਤ ਪਰਪੱਟੀ, ਜੌਂ ਖਾਰ ਆਦਿ ਦੀ ਵਰਤੋਂ ਕਰਨੀ ਚਾਹੀਦੀ ਹੈ।

**4. ਉਦਗਾਰ (ਡਕਾਰ) -** ਉਦਗਾਰ (ਡਕਾਰ) ਦੇ ਵੇਗ ਨੂੰ ਰੋਕਣ ਨਾਲ। ਖਾਣ ਪੀਣ ਨੂੰ ਦਿਲ ਨਾ ਕਰਨਾ, ਸਰੀਰ ਕੰਬਣਾ, ਹਿਰਦੇ ਅਤੇ ਛਾਤੀ ਦਾ ਜਕੜ ਜਾਣਾ, ਪੇਟ ਫੁੱਲਣਾ, ਹਿਚਕੀ ਆਦਿ ਦਾ ਲੱਗਣਾ।

ਇਲਾਜ - ਪੀਪਲ (ਮੱਘ) ਦਾ ਚੂਰਨ, ਮੋਰ ਦੇ ਖੰਭ ਦੀ ਰਾਖ, ਸ਼ਹਿਦ ਨਾਲ ਚੱਟਣਾ ਚਾਹੀਦਾ ਹੈ। ਨਿੰਬੂ ਦੇ ਰਸ ਵਿੱਚ

ਸ਼ਹਿਦ ਤੇ ਨਮਕ ਪਾ ਕੇ ਚਟਾਵੇ।

**5. ਛਿੱਕਾਂ ਦਾ ਵੇਗ –** ਛਿੱਕ ਦੇ ਵੇਗ ਨੂੰ ਰੋਕਣ ਨਾਲ ਸਿਰ ਵਿੱਚ ਦਰਦ, ਗਰਦਣ ਦਾ ਅਕੜਨਾ, ਕੰਨਾਂ ਅਤੇ ਅੱਖਾਂ ਤੇ ਵੀ ਪ੍ਰਭਾਵ ਪੈਣਾ ਤੇ ਸਿਰ ਵਿੱਚ ਵਾਯੂ ਦੇ ਰੋਗ ਹੋ ਜਾਂਦੇ ਹਨ।

ਇਲਾਜ – ਛਿੱਕ ਲਿਆਉਣ ਵਾਸਤੇ ਕੋਈ ਚੀਜ਼ ਸੁੰਘਾਉਣੀ ਚਾਹੀਦੀ ਹੈ। ਨੱਕ ਵਿੱਚ ਧੂੰਆਂ ਜਾਂ ਅੱਖਾਂ ਵਿਚ ਤੇਜ਼ ਸੁਰਮਾ ਪਾਉਣਾ ਚਾਹੀਦਾ ਹੈ। ਸੂਰਜ ਦੇ ਸਾਮ੍ਹਣੇ ਲਗਾਤਾਰ ਦੇਖਣ ਨਾਲ ਛਿੱਕ ਆ ਜਾਂਦੀ ਹੈ। ਪਸੀਨਾ ਦੇਵੇ। ਛਿੱਕ ਆਉਣ ਨਾਲ ਉਪਰੋਕਤ ਵਿਕਾਰ ਠੀਕ ਹੋ ਜਾਂਦੇ ਹਨ।

**6. ਪਿਆਸ ਦਾ ਵੇਗ –** ਪਿਆਸ ਨੂੰ ਰੋਕਣ ਨਾਲ ਸਰੀਰ ਅਤੇ ਮੂੰਹ ਦਾ ਸੁੱਕਣਾ, ਕੰਨਾਂ ਤੋਂ ਉੱਚਾ ਸੁਣਨਾ, ਮੂਰਛਾ (ਬੇਹੋਸ਼ੀ), ਚੱਕਰ ਆਉਣਾ, ਕੰਨਾਂ ਵਿਚ ਗੂੰਜ ਪੈਣੀ, ਦਿਲ ਦੇ ਰੋਗ ਆਦਿ ਹੋ ਜਾਂਦੇ ਹਨ।

ਇਲਾਜ – (ਠੰਢੇ ਪਾਣੀ ਨਾਲ ਇਸ਼ਨਾਨ ਕਰੇ। ਸ਼ਰਬਤ ਅਤੇ ਠੰਡੀਆਂ ਚੀਜ਼ਾਂ ਪੀਣੀਆਂ, ਲਾਭਕਾਰੀ ਹਨ। ਨਿੰਬੂ ਅਤੇ ਸਕੰਜਵੀ ਆਦਿ ਲਾਭਕਾਰੀ ਹਨ। ਪਰਵਾਲ ਪਿਸ਼ਟੀ, ਮੋਤੀ ਪਿਸ਼ਟੀ, ਆਕੀਕ ਪਿਸ਼ਟੀ ਆਦਿ ਦੀ ਵਰਤੋਂ ਫਾਇਦੇਮੰਦ ਹੈ।

**7. ਭੁੱਖ ਦਾ ਵੇਗ –** ਭੁੱਖ ਨੂੰ ਰੋਕਣ ਨਾਲ ਸਰੀਰ ਟੁੱਟਦਾ ਹੈ। ਭੋਜਨ ਖਾਣ ਨੂੰ ਦਿਲ ਨਹੀਂ ਕਰਦਾ। ਸਰੀਰ ਕਮਜ਼ੋਰ ਹੋ ਜਾਂਦਾ ਹੈ। ਪੇਟ ਵਿੱਚ ਦਰਦ ਅਤੇ ਚੱਕਰ ਆਦਿ ਪੈਦਾ ਹੋ ਜਾਂਦੇ ਹਨ।

ਇਲਾਜ – ਉਪਰੋਕਤ ਵਿਕਾਰਾਂ ਨੂੰ ਦੂਰ ਕਰਨ ਵਾਸਤੇ ਚਿਕਣਾ, ਤਾਜ਼ਾ, ਗਰਮ ਭੋਜਨ ਥੋੜ੍ਹਾ-ਥੋੜ੍ਹਾ ਖਾਣਾ ਚਾਹੀਦਾ ਹੈ। ਜੋ ਛੇਤੀ ਪਚਣ ਵਾਲੇ ਰਸਾਂ ਦੀ ਵਰਤੋਂ ਕਰੇ। ਕੁਝ ਦਿਨ ਬਾਅਦ ਰੁਚੀ ਅਨੁਸਾਰ ਭੋਜਨ ਖਾਵੇ।

**8. ਨੀਂਦ ਦਾ ਵੇਗ –** ਨੀਂਦ ਦਾ ਵੇਗ ਰੋਕਣ ਨਾਲ ਬੇਚੈਨੀ, ਬੇਹੋਸ਼ੀ, ਅੱਖਾਂ ਵਿੱਚ ਭਾਰੀਪਣ, ਆਲਸ ਉਬਾਸੀਆਂ ਅਤੇ ਹੱਥਾਂ ਪੈਰਾਂ ਦਾ ਦੁਖਣਾ ਆਦਿ ਵਿਕਾਰ ਹੋ ਜਾਂਦੇ ਹਨ।

ਇਲਾਜ – ਇਨ੍ਹਾਂ ਵਿਕਾਰਾਂ ਨੂੰ ਸ਼ਾਂਤ ਕਰਨ ਵਾਸਤੇ ਸਰੀਰ ਤੇ ਮਾਲਿਸ਼ ਕਰਨੀ ਚਾਹੀਦੀ ਹੈ। ਸਰੀਰ ਦੀ ਮੁੱਠੀ ਚਾਪੀ ਕਰੇ। ਗਾੜ੍ਹੀ ਨੀਂਦ ਲਿਆਉਣ ਨਾਲ ਉਪਰੋਕਤ ਵਿਕਾਰ ਠੀਕ ਹੋ ਜਾਂਦੇ ਹਨ।

**9. ਖਾਂਸੀ ਦਾ ਵੇਗ –** ਖਾਂਸੀ ਦੇ ਵੇਗ ਨੂੰ ਰੋਕਣ ਨਾਲ ਸਾਹ, ਦਮਾ, ਭੁੱਖ ਦਾ ਮਰ ਜਾਣਾ, ਦਿਲ ਦੇ ਰੋਗ, ਹਿਜਕੀ ਆਦਿ ਹੋ ਜਾਦੇ ਹਨ।

ਇਲਾਜ – ਵਹੇੜੇ ਦੀ ਛਿੱਲ ਮੂੰਹ ਵਿਚ ਰੱਖ ਕੇ ਚੂਸੇ। ਅਦਰਕ ਦਾ ਰਸ ਅਤੇ ਸ਼ਹਿਦ ਮਿਲਾ ਕੇ ਚੱਟੇ। ਪੀਪਲ (ਮੱਘ), ਪੀਪਲਾ ਮੂਲ, ਸੁੰਢ, ਕਾਲੀ ਮਿਰਚ, ਵਹੇੜੇ ਦਾ ਛਿਲਕਾ ਇਨ੍ਹਾਂ ਦਾ ਬਾਰੀਕ ਚੂਰਨ ਕਰਕੇ ਸ਼ਹਿਦ ਨਾਲ ਚਟਾਵੇ।

**10. ਸਾਹ ਦਾ ਵੇਗ –** ਤਾਕਤ ਤੋਂ ਜ਼ਿਆਦਾ ਕੰਮ ਕਰਨ ਨਾਲ ਸਾਹ ਦੀ ਦਮਕਥੀ ਲਗ ਜਾਂਦੀ ਹੈ ਉਸਨੂੰ ਇਕ ਦਮ ਰੋਕਣਾ ਸਵਾਸ ਵੇਗ ਰੋਧ ਕਹਿੰਦੇ ਹਨ। ਇਸ ਨਾਲ ਵਾ ਦਾ ਗੋਲਾ, ਦਿਲ ਦੇ ਰੋਗ, ਮੂਰਛਾ (ਬੇਹੋਸ਼) ਆਦਿ ਵਿਕਾਰ ਹੋ ਜਾਂਦੇ ਹਨ।

ਇਲਾਜ – ਇਨ੍ਹਾਂ ਵਿਕਾਰਾਂ ਨੂੰ ਰੋਕਣ ਵਾਸਤੇ ਆਰਾਮ ਕਰੇ ਅਤੇ ਵਾਯੂ ਨਾਸ਼ਕ ਉਪਾਅ ਕਰੇ।

**11. ਉਬਾਸੀ –** ਉਬਾਸੀ ਦੇ ਵੇਗ ਨੂੰ ਰੋਕਣ ਨਾਲ ਸਿਰ ਵਿਚ ਦਰਦ, ਸਰੀਰ ਵਿਚ ਢਿੱਲਾਪਣ, ਜਬਾੜਿਆਂ ਦਾ ਜਕੜਨਾ ਅਤੇ ਲਕਵਾ, ਮੂੰਹ ਦਾ ਵਿੰਗਾ ਹੋਣਾ ਆਦਿ ਹੋ ਸਕਦੇ ਹਨ।


(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ

Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿੱਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ........................................

ਪਤਾ/Address ........................................

........................................

........................................

................................Pin Code....................................

Phone........................ E-mail :....................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

**ATAM MARG MONTHLY MAGAZINE**

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India

Phone : 0160-2255002, Fax : 0160-2255009, Email : atammarg1@yahoo.co.in, www.ratwarasahib.org

ਉਪਾਅ - ਇਸ ਵਿੱਚ ਖਾਣ ਪਾਣ ਅਤੇ ਇਲਾਜ ਵਾਯੂ ਨਾਸ਼ਕ ਕਰਨਾ ਚਾਹੀਦਾ ਹੈ।

**12. ਅੱਥਰੂ (ਹੰਝੂ) ਦਾ ਵੇਗ -** ਅੱਥਰੂ ਦਾ ਵੇਗ ਰੋਕਣ ਵਿੱਚ ਮੱਥੇ ਵਿਚ ਦਰਦ, ਦਿਲ ਦੇ ਰੋਗ, ਜਬਾੜਿਆਂ ਦਾ ਅਕੜ ਜਾਣਾ, ਪੇਟ ਵਿੱਚ ਗੋਲਾ ਬਣ ਜਾਣਾ, ਕੁਝ ਖਾਣ ਨੂੰ ਜੀ ਨਾ ਕਰਨਾ, ਚੱਕਰ ਆਦਿ ਵਿਕਾਰ ਹੋ ਜਾਂਦੇ ਹਨ।

ਇਲਾਜ - ਇਨ੍ਹਾਂ ਵਿਕਾਰਾਂ ਨੂੰ ਦੂਰ ਕਰਨ ਵਾਸਤੇ ਖੂਬ ਸੌਵੇ। ਮਨ ਨੂੰ ਧੀਰਜ ਦੇਣ ਵਾਲੀਆ ਕਥਾ, ਕਹਾਣੀਆਂ ਸੁਣੇ। ਸਰੀਰ ਦੇ ਵਿਕਾਰ ਅਨੁਸਾਰ ਦਵਾਈਆਂ ਦੇਵੇ। ਅੱਖਾਂ ਵਿੱਚ ਹੰਝੂ ਕੱਢਣ ਵਾਲੀ ਦਵਾਈ ਪਾਵੇ।

**13. ਉਲਟੀ (ਵਮਨ) -** ਉਲਟੀ ਦਾ ਵੇਗ ਰੋਕਣ ਨਾਲ ਸਰੀਰ ਤੇ ਚਮੜੀ ਰੋਗ ਜਾਂ ਧਫੜੀ ਹੋ ਜਾਣੀ, ਫਫੋਲੇ (ਪਿਲਕਰੇ) ਹੋ ਜਾਣੇ। ਖੁਰਕ, ਪੀਲੀਆ, ਬੁਖਾਰ, ਖਾਂਸੀ, ਸਾਹ, ਸਵਾਸ, ਮੂੰਹ 'ਚੋਂ ਪਾਣੀ ਵਗਣਾ। ਮੂੰਹ ਤੇ ਛਾਈਆਂ ਪੈਣੀਆਂ ਆਦਿ ਹੋਣਾ ਅਤੇ ਸੋਜ ਆਦਿ ਵਿਕਾਰ ਹੋ ਜਾਂਦੇ ਹਨ।

ਇਲਾਜ - ਦਵਾਈਆਂ ਦੇ ਕਾੜ੍ਹੇ ਦੀਆਂ ਕੁਰਲੀਆਂ ਕਰਾਵੇ। ਹਲਕਾ ਜਲਾਬ ਦੇਵੇ, ਤੇਲ ਵਿੱਚ ਲੂਣ ਮਿਲਾ ਕੇ ਮਾਲਿਸ਼ ਕਰੇ।

## ਸਿਹਤ ਲਈ ਵਰਦਾਨ

ਮੇਘ ਹਰਬਲ ਚਾਹ ਇਹ ਕੁਦਰਤੀ ਜੜ੍ਹੀਆਂ ਬੂਟੀਆਂ ਦਾ ਮਿਸ਼ਰਨ ਹੈ, ਸੁਗੰਧਤ, ਚੁਸਤੀ, ਫੁਰਤੀਦਾਇਕ, ਬੁੱਧੀ ਵਰਧਕ, ਦਿਲ ਤੇ ਸ਼ੂਗਰ ਦੇ ਮਰੀਜ਼ਾਂ ਲਈ ਲਾਭਕਾਰੀ, ਤੇਜ਼ਾਬ ਬਣਨ ਤੋਂ ਹਟਾਵੇ ਪੇਟ ਗੈਸ ਦੂਰ ਕਰਦੀ ਹੈ ਅਤੇ ਸਵਾਦਿਸ਼ਟ ਹੈ, ਬਿਮਾਰੀਆਂ ਦੇ ਬਚਾਓ ਲਈ ਇਸ ਦੀ ਰੋਜ਼ ਵਰਤੋਂ ਕਰੋ ਜੀ।

*********

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਮਹੀਨੇ ਦੇ ਹਰ ਐਤਵਾਰ ਨੂੰ** ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

**ਸੰਗਰਾਂਦ** - **14 ਮਾਰਚ**, ਦਿਨ ਸੋਮਵਾਰ (ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ- 18 ਮਾਰਚ**, ਦਿਨ ਸ਼ੁਕਰਵਾਰ (ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

**ਜ਼ਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ -** ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ -** ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| 39. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 150/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |
| 45. | **ਜੀਵਨ ਜੁਗਤਿ** | **300/-** | |

| | **English Version** | **Price** |
|---|---|---|
| 1. | Baisakhi (ਵੈਸਾਖੀ) | Rs. 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. | The Lights Immortal (ਅਮਰ ਜੋਤਾਂ) | Rs. 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. | The Story of Immortality (ਅਮਰ ਗਾਥਾ) | Rs 260/– |
| 18. | Why Not thy Contemplate the Lord ? (ਸਿਮਰਤ ਕਹਾ ਨਹੀਂ ?) | Rs 200/– |